@Qpatrika
@qaumipatrika punjabi
instagram.com/ qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Friday, 28 June 2024

Punjabi National Daily

Qaumi Patrika NO.1

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ੁੱਕਰਵਾਰ 28 ਜੂਨ 2024, 14 ਹਾੜ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 220, qpatrika@gmail.com ਫੋਨ : 9971359517 www.qaumipatrika.org

## ਚੇਅਰਮੈਨ ਧਨਖੜ ਨੇ ਜੇ. ਪੀ. ਨੱਢਾ ਨੂੰ ਐਲਾਨਿਆ ਰਾਜ ਸਭਾ ਦਾ ਨੇਤਾ

ਨਵੀਂ ਦਿੱਲੀ, 27 ਜੂਨ। ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਅਤੇ ਕੇਂਦਰੀ ਮੰਤਰੀ ਜਗਤ ਪ੍ਰਕਾਸ ਨੱਢਾ ਨੂੰ ਵੀਰਵਾਰ ਨੂੰ ਰਾਜ ਸਭਾ 'ਚ ਸਦਨ ਦਾ ਨੇਤਾ ਨਿਯੁਕਤ ਕੀਤਾ ਗਿਆ। ਚੇਅਰਮੈਨ



ਜਗਦੀਪ ਧਨਖੜ ਨੇ ਉਪਰਲੇ ਸਦਨ ਵਿਚ ਇਹ ਐਲਾਨ ਕੀਤਾ। ਰਾਸ਼ਟਰਪਤੀ ਦ੍ਰੋਪਦੀ ਮੁਰਮੂ ਵਲੋਂ ਦੋਹਾਂ ਸਦਨਾਂ ਦੀ ਸਾਂਝੀ ਬੈਠਕ ਨੂੰ ਸੰਬੋਧਨ ਕਰਨ ਤੋਂ ਬਾਅਦ ਜਦੋਂ ਉਪਰਲੇ ਸਦਨ ਦੀ ਬੈਠਕ ਸੁਰੂ ਹੋਈ ਤਾਂ ਚੇਅਰਮੈਨ ਧਨਖੜ ਨੇ ਨੱਢਾ ਨੂੰ ਉਪਰਲੇ ਸਦਨ ਦਾ ਨੇਤਾ ਐਲਾਨ ਦਿੱਤਾ। ਨੱਢਾ ਇਸ ਸਾਲ ਗੁਜਰਾਤ ਤੋਂ ਚੁਣੇ ਜਾਣ ਤੋਂ ਬਾਅਦ ਉੱਚ ਸਦਨ 'ਚ ਪਹੁੰਚੇ ਹਨ ਅਤੇ ਉਨ੍ਹਾਂ ਦਾ ਕਾਰਜਕਾਲ 2030 ਤੱਕ ਹੈ। ਨੱਢਾ ਕੇਂਦਰੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਅਤੇ ਰਸਾਇਣ ਅਤੇ ਖਾਦ ਮੰਤਰੀ ਵੀ ਹਨ। ਇਸ ਤੋਂ ਪਹਿਲਾਂ ਭਾਜਪਾ ਨੇਤਾ ਅਤੇ ਕੇਂਦਰੀ ਮੰਤਰੀ ਪੀਯੂਸ ਗੋਇਲ ਰਾਜ ਸਭਾ 'ਚ ਸਦਨ ਦੇ ਨੇਤਾ ਸਨ।

## ਅਕਾਲੀ ਦਲ 'ਚ ਬਾਗੀਆਂ ਦਾ ਵਧ ਰਿਹੈ ਦਬਦਬਾ, ਕੀ ਜਲੰਧਰ ਜਿਮਨੀ ਚੋਣਾਂ ਤੋਂ ਦੂਰ ਰਹਿਣਗੇ ਸੁਖਬੀਰ ਬਾਦਲ ?

ਲੁਧਿਆਣਾ 27 ਜੂਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੋਆਬੇ ਦੀ ਰਾਜਧਾਨੀ ਜਲੰਧਰ ਪੱਛਮੀ ਸੀਟ ਦੀ ਜਮਿਨੀ ਚੋਣ ਤੋਂ ਗੈਰ-ਹਾਜ਼ਰ ਰਹਿਣ ਦੀਆਂ ਚਰਚਾਵਾਂ ਛਿੜ ਗਈਆਂ ਹਨ ਕਿਉਂਕਿ ਜਲੰਧਰ 'ਚ ਬਾਗੀ ਨੇਤਾਵਾਂ ਵੱਲੋਂ ਕੀਤੀ ਗਈ ਮੀਟਿੰਗ 'ਚ ਸੁਖਬੀਰ ਬਾਦਲ ਨੂੰ ਪਿਛਲੀਆਂ ਚੋਣਾਂ ਦੀ ਜਮਿੇਵਾਰੀ ਲੈਂਦਿਆਂ ਨੈਤਿਕਤਾ ਦੇ ਆਧਾਰ 'ਤੇ ਲਾਂਭੇ ਹੋਣ ਲਈ ਸਾਫ-ਸਾਫ ਆਖ ਦਿੱਤਾ ਗਿਆ ਹੈ। ਇਸ ਨੂੰ ਲੈ ਕੇ ਇਹ ਚਰਚਾ



ਅਕਾਲੀ ਹਲਕਿਆਂ 'ਚ ਸਿਖਰਾਂ 'ਤੇ ਸੀ ਕਿ ਜਲੰਧਰ ਵਿਚ ਜਿਨ੍ਹਾਂ ਅਕਾਲੀ ਨੇਤਾਵਾਂ ਦੀ ਸੁਖਬੀਰ ਬਾਦਲ ਨੇ ਉਮੀਦਵਾਰ ਲੱਭਣ ਲਈ ਕਮੇਟੀ ਬਣਾਈ ਸੀ, ਉਨ੍ਹਾਂ 'ਚ ਬੀਬੀ ਜਗੀਰ ਕੌਰ, ਗੁਰਪ੍ਰਤਾਪ ਸਿੰਘ ਵਡਾਲਾ ਆਦਿ ਆਗੂ ਸ਼ਾਮਲ ਸਨ। ਪਰ ਉਨ੍ਹਾਂ ਦੇ ਬਾਗੀ ਧੜ੍ਹੇ ਦੀ ਮੀਟਿੰਗ 'ਚ ਸ਼ਾਮਲ ਹੋਣ 'ਤੇ ਹੁਣ ਇਹ ਸਵਾਲ ਖੜ੍ਹੇ ਹੋ ਗਏ ਹਨ ਕਿ ਜਲੰਧਰ ਜਮਿਨੀ ਚੋਣ ਤੋਂ ਬਾਗੀ ਧੜ੍ਹਾ ਇਕੱਠਾ ਹੋ ਕੇ ਲੜੇਗਾ? ਜਾਂ ਹੁਣ ਸ਼ੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਬਣਾਈ ਕਮੇਟੀ ਵੱਲੋਂ ਉਤਾਰੇ ਉਮੀਦਵਾਰ ਦੀ ਮਦਦ 'ਤੇ ਖੁਦ ਆਉਣਗੇ? ਪਰ ਸੂਤਰਾਂ ਨੇ ਇਸ਼ਾਰਾ ਕੀਤਾ ਕਿ ਜਿਸ ਤਰ੍ਹਾਂ ਦੇ ਹਾਲਾਤ ਪੈਦਾ ਹੋਏ ਹਨ, ਉਨ੍ਹਾਂ ਦੇ ਮੁਤਾਬਕ ਪਾਰਟੀ ਪ੍ਰਧਾਨ ਸੁਖਬੀਰ ਬਾਦਲ ਇਨ੍ਹਾਂ ਚੋਣਾਂ ਤੋਂ ਦੂਰ ਹੀ ਰਹਿਣਗੇ। ਬਾਕੀ ਆਉਂਦੇ ਦਿਨਾਂ 'ਚ ਤਸਵੀਰ ਸਾਫ ਹੋ ਹੀ ਜਾਵੇਗੀ ਕਿ ਕਮਾਂਡ ਬਾਗੀ ਸੰਭਾਲਦੇ ਨੇ ਜਾਂ ਸੁਖਬੀਰ ?

## ਮਹਾਰਾਸ਼ਟਰ ਵਿਧਾਨ ਸਭਾ ਸੈਸਨ ਦੇ ਪਹਿਲੇ ਦਿਨ ਵਿਰੋਧੀ ਧਿਰ ਨੇ ਕਿਸਾਨਾਂ ਤੇ ਨੀਟ ਦੇ ਮੁੱਦੇ 'ਤੇ ਕੀਤਾ ਪ੍ਰਦਰਸ਼ਨ

ਮੁੰਬਈ 27 ਜੂਨ। ਮਹਾਰਾਸਟਰ 'ਚ ਵਿਰੋਧੀ ਪਾਰਟੀ ਦੇ ਮੈਂਬਰਾਂ ਨੇ ਵੀਰਵਾਰ ਨੂੰ ਵਿਧਾਨ ਸਭਾ ਦੇ ਮਾਨਸੂਨ ਸੈਸਨ ਦੀ ਸੁਰੂਆਤ 'ਚ ਰਾਜ ਵਿਧਾਨ ਸਭਾ ਭਵਨ ਦੇ ਅਹਾਤੇ 'ਚ ਪ੍ਰਦਰਸਨ ਕੀਤਾ। ਵਿਰੋਧੀ ਗਠਜੋੜ ਮਹਾਂ ਵਿਕਾਸ ਅਗਾੜੀ (ਐਮਵੀਏ) ਦੇ ਮੈਂਬਰਾਂ ਨੇ ਕਿਸਾਨਾਂ ਅਤੇ ਨੀਟ ਪ੍ਰੀਖਿਆ ਨਾਲ ਸਬੰਧਤ ਮੁੱਦਿਆਂ ਨੂੰ ਲੈ ਕੇ ਸਰਕਾਰ ਵਿਰੁੱਧ ਨਾਅਰੇਬਾਜੀ ਕੀਤੀ। ਵਿੱਚ ਸਿ਼ਵ ਸੈਨਾ (ਊਧਵ ਬਾਲਾਸਾਹਿਬ ਠਾਕਰੇ), ਕਾਂਗਰਸ ਅਤੇ ਰਾਸਟਰਵਾਦੀ ਕਾਂਗਰਸ ਪਾਰਟੀ (ਸਰਦਚੰਦਰ ਪਵਾਰ) ਸਾਮਲ ਹਨ। ਵਿਧਾਨ ਸਭਾ ਕੰਪਲੈਕਸ ਦੀਆਂ ਪੌੜੀਆਂ 'ਤੇ ਬੈਠ ਕੇ ਵਿਰੋਧੀ ਧਿਰ ਦੇ ਮੈਂਬਰਾਂ ਨੇ ਹੱਥਾਂ ਵਿੱਚ ਤਖਤੀਆਂ ਫੜ ਕੇ ਨਾਅਰੇਬਾਜੀ ਕੀਤੀ। ਵਿਰੋਧੀ ਗਠਜੋੜ ਨੇ ਬੁੱਧਵਾਰ ਨੂੰ ਰਾਜ ਵਿਧਾਨ ਸਭਾ ਦੇ ਮਾਨਸੂਨ ਸੈਸਨ ਦੀ ਪੂਰਵ ਸੰਧਿਆ 'ਤੇ ਮੁੱਖ ਮੰਤਰੀ ਏਕਨਾਥ ਸਿ਼ੰਦੇ ਦੀ ਚਾਹ ਪਾਰਟੀ ਦਾ ਬਾਈਕਾਟ ਕੀਤਾ ਅਤੇ ਸਰਕਾਰ 'ਤੇ ਜਨਤਕ ਮੁੱਦਿਆਂ ਨੂੰ ਹੱਲ ਕਰਨ ਵਿੱਚ ਅਸਫਲ ਰਹਿਣ ਦਾ ਦੋਸ ਲਗਾਇਆ। ਮਾਨਸੂਨ ਸੈਸਨ 27 ਜੂਨ ਤੋਂ 12 ਜੁਲਾਈ ਤੱਕ ਚੱਲੇਗਾ।

# ਸਰਕਾਰ ਔਰਤਾਂ ਦੇ ਹੁਨਰ, ਕਮਾਈ ਦੇ ਸਾਧਨ 'ਚ ਕਰਨਾ ਚਾਹੁੰਦੀ ਹੈ ਵਾਧਾ: ਰਾਸ਼ਟਰਪਤੀ ਮੁਰਮੂ

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 27 ਜੂਨ। ਔਰਤਾਂ ਦੀ ਅਗਵਾਈ ਵਾਲੇ ਵਿਕਾਸ 'ਤੇ ਜੋਰ ਦਿੰਦੇ ਰਾਸਟਰਪਤੀ ਦ੍ਰੋਪਦੀ ਮੁਰਮੂ ਨੇ ਵੀਰਵਾਰ ਨੂੰ ਕਿਹਾ ਕਿ ਸਰਕਾਰ ਚਾਹੁੰਦੀ ਹੈ ਕਿ ਦੇਸ ਦੀਆਂ ਔਰਤਾਂ ਦੇ ਹੁਨਰ, ਉਨ੍ਹਾਂ ਦੀ ਕਮਾਈ ਦੇ ਸਾਧਨ ਅਤੇ ਉਨ੍ਹਾਂ ਦਾ ਸਨਮਾਨ ਵਧੇ। ਮੁਰਮੂ ਨੇ 18ਵੀਂ ਲੋਕ ਸਭਾ 'ਚ ਪਹਿਲੀ ਵਾਰ ਦੋਵਾਂ ਸਦਨਾਂ ਦੀ ਸਾਂਝੀ ਬੈਠਕ 'ਚ ਆਪਣੇ ਸੰਬੋਧਨ 'ਚ ਇਹ ਗੱਲ ਕਹੀ। ਉਨ੍ਹਾਂ ਨੇ ਕਿਹਾ ਕਿ ਸਰਕਾਰ ਨੇ ਮਹਿਲਾ ਸਸਕਤੀਕਰਨ ਦੇ ਨਵਾਂ ਦੌਰ ਦੀ ਸ਼ੁਰੂਆਤ ਕੀਤੀ ਹੈ। ਰਾਸਟਰਪਤੀ ਨੇ ਕਿਹਾ, 'ਦੇਸ ਦੀ ਮਹਿਲਾ ਸਕਤੀ ਲੰਬੇ ਸਮੇਂ ਤੋਂ ਲੋਕ ਸਭਾ ਅਤੇ ਵਿਧਾਨ ਸਭਾਵਾਂ ਵਿੱਚ ਵੱਧ ਤੋਂ ਵੱਧ ਭਾਗੀਦਾਰੀ ਦੀ ਮੰਗ ਕਰ ਰਹੀ ਹੈ। ਅੱਜ ਉਨ੍ਹਾਂ ਕੋਲ ਨਾਰੀ ਸਕਤੀ ਵੰਦਨ ਐਕਟ ਦੀ ਤਾਕਤ ਹੈ।" ਉਨ੍ਹਾਂ ਦਾਅਵਾ ਕੀਤਾ ਕਿ ਸਰਕਾਰੀ ਸਕੀਮਾਂ ਕਾਰਨ ਪਿਛਲੇ ਦਹਾਕੇ ਦੌਰਾਨ ਔਰਤਾਂ ਦੀ ਆਰਥਿਕ ਸਕਤੀ ਵਧੀ ਹੈ। ਪ੍ਰਧਾਨ ਮੰਤਰੀ ਆਵਾਸ ਯੋਜਨਾ ਦਾ ਜਿ਼ਕਰ ਕਰਦਿਆਂ ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਪਿਛਲੇ 10 ਸਾਲਾਂ ਵਿੱਚ ਬਣਾਏ ਗਏ 4 ਕਰੋੜ ਘਰਾਂ ਵਿੱਚੋਂ ਜਿ਼ਆਦਾਤਰ ਘਰ ਔਰਤਾਂ ਦੇ ਨਾਂ 'ਤੇ ਅਲਾਟ ਕੀਤੇ ਗਏ ਹਨ। ਉਨ੍ਹਾਂ ਕਿਹਾ, "ਹੁਣ ਤੀਜੇ



ਕਾਰਜਕਾਲ ਦੀ ਸੁਰੂਆਤ ਵਿੱਚ ਸਰਕਾਰ ਨੇ 3 ਕਰੋੜ ਨਵੇਂ ਘਰ ਬਣਾਉਣ ਦੀ ਮਨਜੂਰੀ ਦਿੱਤੀ ਹੈ। ਇਨ੍ਹਾਂ 'ਚੋਂ ਜਿ਼ਆਦਾਤਰ ਘਰ ਔਰਤਾਂ ਦੇ ਨਾਂ 'ਤੇ ਹੀ ਅਲਾਟ ਕੀਤੇ ਜਾਣਗੇ।" ਰਾਸਟਰਪਤੀ ਨੇ ਕਿਹਾ ਕਿ ਪਿਛਲੇ 10 ਸਾਲਾਂ ਵਿੱਚ 10 ਕਰੋੜ ਔਰਤਾਂ ਸਵੈ-ਸਹਾਇਤਾ ਸਮੂਹਾਂ ਵਿੱਚ ਸਾਮਲ ਹੋਈਆਂ ਹਨ। ਸਰਕਾਰ ਨੇ ਤਿੰਨ ਕਰੋੜ ਔਰਤਾਂ ਨੂੰ ਲਖਪਤੀ ਦੀਦੀ ਬਣਾਉਣ ਲਈ ਵੱਡੇ ਪੱਧਰ 'ਤੇ ਮੁਹਿੰਮ ਚਲਾਈ ਹੈ ਅਤੇ ਇਸ ਲਈ ਸਵੈ-ਸਹਾਇਤਾ ਸਮੂਹਾਂ ਦੀ ਵਿੱਤੀ ਸਹਾਇਤਾ ਵੀ ਵਧਾਈ ਜਾ ਰਹੀ ਹੈ। ਉਨ੍ਹਾਂ ਕਿਹਾ, "ਸਰਕਾਰ ਔਰਤਾਂ ਦੇ ਹੁਨਰ ਨੂੰ ਵਧਾਉਣ, ਉਨ੍ਹਾਂ ਦੀ ਕਮਾਈ ਦੇ ਸਾਧਨਾਂ ਨੂੰ ਵਧਾਉਣ ਅਤੇ ਉਨ੍ਹਾਂ ਦਾ ਸਨਮਾਨ ਵਧਾਉਣ ਦੀ ਕੋਸਿ਼ਸ ਕਰ ਰਹੀ ਹੈ। ਨਮੋ ਡਰੋਨ ਦੀਦੀ ਸਕੀਮ ਇਸ ਟੀਚੇ ਨੂੰ ਪ੍ਰਾਪਤ ਕਰਨ ਵਿੱਚ ਮਦਦ ਕਰ ਰਹੀ ਹੈ। ਇਸ ਯੋਜਨਾ ਤਹਿਤ ਸਵੈ-ਸਹਾਇਤਾ ਸਮੂਹਾਂ ਦੀਆਂ ਹਜਾਰਾਂ ਔਰਤਾਂ ਨੂੰ ਡਰੋਨ ਦਿੱਤੇ ਜਾ ਰਹੇ ਹਨ ਅਤੇ ਡਰੋਨ ਪਾਇਲਟ ਬਣਨ ਦੀ ਸਿਖਲਾਈ ਦਿੱਤੀ ਜਾ ਰਹੀ ਹੈ। ਮੁਰਮੂ ਨੇ ਕਿਹਾ ਕਿ ਸਰਕਾਰ ਨੇ ਹਾਲ ਹੀ ਵਿੱਚ ਕ੍ਰਿਸੀ ਸਾਖੀ ਪ੍ਰੋਗਰਾਮ ਵੀ ਸੁਰੂ ਕੀਤਾ ਹੈ। ਇਸ ਤਹਿਤ ਹੁਣ ਤੱਕ ਸਵੈ-ਸਹਾਇਤਾ ਸਮੂਹਾਂ ਦੀਆਂ 30 ਹਜਾਰ ਔਰਤਾਂ ਨੂੰ ਕ੍ਰਿਸੀ ਸਾਖੀ ਵਜੋਂ ਸਰਟੀਫਿਕੇਟ ਦਿੱਤੇ ਜਾ ਚੁੱਕੇ ਹਨ। ਉਸਨੇ ਕਿਹਾ, "ਮੇਰੀ ਸਰਕਾਰ ਦੀ ਇਹ ਵੀ ਕੋਸਿ਼ਸ ਹੈ ਕਿ ਔਰਤਾਂ ਜਿੰਨੀ ਹੋ ਸਕੇ ਬੱਚਤ ਕਰਨ। ਬੈਂਕ ਖਾਤਿਆਂ ਵਿਚ ਜਮ੍ਹਾਂ ਰਾਸ਼ੀ 'ਤੇ ਬੇਟੀਆਂ ਨੂੰ ਜਿ਼ਆਦਾ ਵਿਆਜ ਦੇਣ ਵਾਲੀ ਸੁਕੰਨਿਆ ਸਮ੍ਰਿਧੀ ਯੋਜਨਾ ਦੀ ਲੋਕ ਪ੍ਰਸਿੱਧੀ ਤੋਂ ਜਾਣੂ ਹਨ। ਰਾਸ਼ਟਰਪਤੀ ਨੇ ਕਿਹਾ ਕਿ ਮੁਫਤ ਰਾਸਨ ਅਤੇ ਸਸਤੇ ਗੈਸ ਸਿਲੰਡਰ ਦੀ ਯੋਜਨਾ ਦਾ ਔਰਤਾਂ ਨੂੰ ਕਾਫੀ ਫਾਇਦਾ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਹੁਣ ਸਰਕਾਰ ਨੇ ਬਿਜਲੀ ਦਾ ਬਿੱਲ ਜੀਰੋ ਕਰਨ ਅਤੇ ਬਿਜਲੀ ਵੇਚ ਕੇ ਪੈਸੇ ਕਮਾਉਣ ਦੀ ਸਕੀਮ ਵੀ ਲਿਆਂਦੀ ਹੈ।

# ਖੁਸ਼ੀ ਹੈ ਲੋਕ ਸਭਾ ਸਪੀਕਰ ਨੇ ਐਮਰਜੈਂਸੀ ਦੀ ਨਿੰਦਾ ਕੀਤੀ: ਪ੍ਰਧਾਨ ਮੰਤਰੀ ਮੋਦੀ

**ਏਜੰਸੀਆਂ**

ਨਵੀਂ ਦਿੱਲੀ 27 ਜੂਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲੋਕ ਸਭਾ ਵਿੱਚ ਐਮਰਜੈਂਸੀ ਦੀ ਨਿੰਦਾ ਕਰਨ ਲਈ ਲੋਕ ਸਭਾ ਸਪੀਕਰ ਓਮ ਬਿਰਲਾ ਦੀ ਤਾਰੀਫ ਕੀਤੀ। ਇਸ ਦੌਰਾਨ ਪੀਐੱਮ ਮੋਦੀ ਨੇ ਕਿਹਾ ਕਿ ਦੇਸ ਦੇ ਇਤਿਹਾਸ ਵਿਚ ਵਾਪਰੀ ਇਸ ਸੰਵਿਧਾਨ ਵਿਰੋਧੀ ਘਟਨਾ ਦੇ ਸਾਰੇ ਪੀੜਤਾਂ ਦੇ ਸਨਮਾਨ ਵਿਚ ਸਦਨ ਵਿਚ ਮੈਂਬਰਾਂ ਦਾ ਮੌਨ ਰੱਖਣਾ ਇਕ ਸਾਨਦਾਰ ਭਾਵਨਾ ਦਾ ਪ੍ਰਦਰਸਨ ਸੀ। ਬਿਰਲਾ ਨੇ ਲੋਕ ਸਭਾ ਸਪੀਕਰ ਚੁਣੇ ਜਾਣ ਤੋਂ ਤੁਰੰਤ ਬਾਅਦ ਲੋਕ ਸਭਾ ਵਿਚ ਐਮਰਜੈਂਸੀ ਦੀ ਨਿੰਦਾ ਕਰਦੇ ਇਕ ਮਤਾ ਪੜ੍ਹਿਆ ਅਤੇ ਸਾਬਕਾ ਪ੍ਰਧਾਮ ਮੰਤਰੀ ਇੰਦਰਾ ਗਾਂਧੀ ਦੀ ਅਗਵਾਈ ਵਾਲੀ ਤਤਕਾਲੀ ਸਰਕਾਰ ਦੀ ਆਲੋਚਨਾ ਕੀਤੀ। ਕਾਂਗਰਸ ਦੇ ਸੰਸਦ ਮੈਂਬਰਾਂ ਅਤੇ ਕੁਝ ਹੋਰ ਵਿਰੋਧੀ ਮੈਂਬਰਾਂ ਦੇ ਵਿਰੋਧ ਦੌਰਾਨ ਵੱਡੀ ਗਿਣਤੀ 'ਚ ਸੰਸਦ ਮੈਂਬਰ ਕੁਝ ਪਲ ਮੌਨ ਧਾਰਨ ਕਰਕੇ ਖੜ੍ਹੇ ਰਹੇ। ਪ੍ਰਧਾਨ ਮੰਤਰੀ ਨੇ ਐਕਸ 'ਤੇ ਇਕ ਪੋਸਟ 'ਚ ਕਿਹਾ, "ਮੈਨੂੰ ਖੁਸੀ ਹੈ ਕਿ ਲੋਕ ਸਭਾ ਦੇ ਸਪੀਕਰ ਨੇ ਐਮਰਜੈਂਸੀ ਦੀ ਸਖਤ ਨਿੰਦਾ ਕੀਤੀ, ਉਸ ਦੌਰਾਨ ਹੋਏ ਅੱਤਿਆਚਾਰਾਂ ਨੂੰ ਉਜਾਗਰ ਕੀਤਾ ਅਤੇ ਕਿਸ ਤਰ੍ਹਾਂ ਲੋਕਤੰਤਰ ਦਾ ਗਲਾ ਘੁੱਟਿਆ ਗਿਆ, ਉਸ ਦਾ ਵੀ



ਜਿ਼ਕਰ ਕੀਤਾ।" ਉਨ੍ਹਾਂ ਨੇ ਕਿਹਾ ਕਿ ਐਮਰਜੈਂਸੀ ਦੌਰਾਨ ਪੀੜਤ ਸਾਰੇ ਲੋਕਾਂ ਦੇ ਸਨਮਾਨ ਵਿੱਚ ਮੈਂਬਰਾਂ ਦਾ ਸਦਨ ਵਿੱਚ ਚੁੱਪ-ਚੁਪੀਤੇ ਖੜ੍ਹੇ ਹੋਣਾ ਵੀ ਜਜਬਾਤ ਦਾ ਸਾਨਦਾਰ ਪ੍ਰਦਰਸਨ ਸੀ। ਉਨ੍ਹਾਂ ਕਿਹਾ, "50 ਸਾਲ ਪਹਿਲਾਂ ਐਮਰਜੈਂਸੀ ਲਗਾਈ ਗਈ ਸੀ ਪਰ ਅੱਜ ਦੇ ਨੌਜਵਾਨਾਂ ਲਈ ਇਸ ਬਾਰੇ ਜਾਣਨਾ ਬਹੁਤ ਜਰੂਰੀ ਹੈ, ਕਿਉਂਕਿ ਇਹ ਇਸ ਗੱਲ ਦੀ ਇਕ ਢੁਕਵੀਂ ਉਦਾਹਰਣ ਹੈ, ਜਦੋਂ ਸੰਵਿਧਾਨ ਨੂੰ ਕੁਚਲ ਦਿੱਤਾ ਜਾਂਦਾ ਹੈ, ਜਨਤਾ ਦੀ ਰਾਏ ਨੂੰ ਦਬਾਇਆ ਜਾਂਦਾ ਹੈ ਅਤੇ ਸੰਸਥਾਵਾਂ ਨੂੰ ਤਬਾਹ ਕਰ ਦਿੱਤਾ ਜਾਂਦਾ ਹੈ ਤਾਂ ਕੀ ਹੁੰਦਾ ਹੈ।" ਐਮਰਜੈਂਸੀ ਦੌਰਾਨ ਜਿਹੜੀਆਂ ਘਟਨਾਵਾਂ ਵਾਪਰੀਆਂ, ਉਹ ਇਸ ਗੱਲ ਦੀ ਉਦਾਹਰਨ ਹਨ ਕਿ ਤਾਨਾਸਾਹੀ ਕਿਹੋ ਜਿਹੀ ਦਿਖਦੀ ਹੈ।" ਪ੍ਰਧਾਨ ਮੰਤਰੀ ਨੇ ਇਕ ਹੋਰ ਪੋਸਟ ਵਿੱਚ ਬਿਰਲਾ ਨੂੰ ਦੂਜੀ ਵਾਰ ਲੋਕ ਸਭਾ ਦਾ ਸਪੀਕਰ ਚੁਣੇ ਜਾਣ 'ਤੇ ਵਧਾਈ ਦਿੱਤੀ ਅਤੇ ਵਿਸਵਾਸ ਪ੍ਰਗਟਾਇਆ ਕਿ ਸਦਨ ਨੂੰ ਨਵੇਂ ਚੁਣੇ ਗਏ ਸਪੀਕਰ ਦੀ ਸਿਆਣਪ ਅਤੇ ਤਜਰਬੇ ਤੋਂ ਬਹੁਤ ਫਾਇਦਾ ਹੋਵੇਗਾ। ਉਨ੍ਹਾਂ ਨੇ ਕਿਹਾ, "ਮੈਂ ਓਮ ਬਿਰਲਾ ਜੀ ਨੂੰ ਦੂਜੀ ਵਾਰ ਲੋਕ ਸਭਾ ਦਾ ਸਪੀਕਰ ਚੁਣੇ ਜਾਣ 'ਤੇ ਵਧਾਈ ਦਿੰਦਾ ਹਾਂ। ਸਦਨ ਨੂੰ ਉਸਦੀ ਸਿਆਣਪ ਅਤੇ ਤਜਰਬੇ ਤੋਂ ਬਹੁਤ ਫਾਇਦਾ ਹੋਵੇਗਾ।

## ਪਤੀ ਦੀ ਬਰਾਤ 'ਚ ਰੱਜ ਕੇ ਨੱਚੀ ਪਤਨੀ, ਖੁਸ਼ੀ-ਖੁਸ਼ੀ ਘਰ ਲਿਆਈ ਸੌਂਕਣ

ਹਜਾਰੀਬਾਗ 27 ਜੂਨ। ਝਾਰਖੰਡ ਦੇ ਹਜਾਰੀਬਾਗ ਤੋਂ ਇਕ ਹੈਰਾਨ ਕਰ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ। ਇੱਥੇ ਇਕ ਔਰਤ ਨੇ ਆਪਣੇ ਪਤੀ ਦਾ ਖੁਸ਼ੀ-ਖੁਸ਼ੀ ਦੂਜਾ ਵਿਆਹ ਕਰਵਾ ਦਿੱਤਾ। ਹੈਰਾਨੀ ਦੀ ਗੱਲ ਇਹ ਹੈ ਕਿ ਉਸ ਔਰਤ ਦੇ ਪੇਕੇ ਵਾਲਿਆਂ ਨੇ ਵੀ ਇਸ ਵਿਆਹ ਲਈ ਸਹਿਮਤੀ ਦੇ ਦਿੱਤੀ। ਪਤਨੀ ਆਪਣੇ ਪਤੀ ਦੀ ਬਰਾਤ 'ਚ ਨੱਚਦੀ ਹੋਈ ਗਈ ਅਤੇ ਖੁਸ਼ੀ-ਖੁਸੀ ਆਪਣੀ ਸੌਂਕਣ ਨੂੰ ਘਰ ਲੈ ਕੇ ਆਈ। ਦਰਅਸਲ ਹਜਾਰੀਬਾਗ ਦੇ ਬਰਹੀ ਬਲਾਕ ਦੇ ਸਬ ਡਿਵੀਜਨ ਸਥਿਤ ਸਿ਼ਵ ਮੰਦਰ 'ਚ ਇਕ ਪਤਨੀ ਨੇ ਆਪਣੇ ਪਤੀ ਦਾ ਦੂਜਾ ਵਿਆਹ ਕਰਵਾ ਦਿੱਤਾ। ਉੱਥੇ ਮੌਜੂਦ ਲੋਕਾਂ ਨੇ ਇਸ ਦੀ ਵੀਡੀਓ ਸੇਅਰ ਕਰ ਦਿੱਤੀ, ਜਿਸ ਤੋਂ ਬਾਅਦ ਇਹ ਘਟਨਾ ਜੰਗਲ ਦੀ ਅੱਗ ਵਾਂਗ ਫੈਲ ਗਈ। ਦਰਅਸਲ, ਜਿ਼ਲ੍ਹੇ ਦੇ ਬਰਕਾਥਾ ਬਲਾਕ ਦੇ ਕੇਂਦੁਆ 3 ਦਾ ਰਹਿਣ ਵਾਲਾ ਦਾਮੋਦਰ ਪਾਸਵਾਨ ਦੂਜਾ ਵਿਆਹ ਕਰਨ ਲਈ ਬੁੱਧਵਾਰ ਨੂੰ ਬਰਹੀ ਦੇ ਸਿ਼ਵ ਮੰਦਰ ਆਇਆ ਸੀ। ਵਿਆਹ 'ਚ ਦਾਮੋਦਰ ਦੀ ਬਰਾਤ ਦੀ ਅਗਵਾਈ ਉਸ ਦੀ ਪਹਿਲੀ ਪਤਨੀ ਅਨੀਤਾ ਦੇਵੀ ਕਰ ਰਹੀ ਸੀ। ਉਥੇ ਹੀ ਉਸ ਦਾ ਦੂਜਾ ਵਿਆਹ ਜਿ਼ਲ੍ਹੇ ਦੇ ਚੌਪਾਰਨ ਬਲਾਕ ਦੇ ਪਿੰਡ ਨਰੇਨਾ ਦੀ ਸੁਮਨ ਦੇਵੀ ਨਾਲ ਹੋ ਰਿਹਾ ਸੀ। ਸੁਮਨ ਦੇਵੀ ਦੇ ਪਹਿਲੇ ਪਤੀ ਦੀ ਮੌਤ ਹੋ ਚੁੱਕੀ ਹੈ। ਸੁਮਨ ਦੇ ਪਹਿਲੇ ਪਤੀ ਤੋਂ ਵੀ ਦੋ ਬੱਚੇ ਹਨ, ਜੋ ਹੁਣ ਆਪਣੇ ਦਾਦਾ-ਦਾਦੀ ਨਾਲ ਰਹਿਣਗੇ। ਦਮੋਦਰ ਪਾਸਵਾਨ ਦੀ ਪਹਿਲੀ ਪਤਨੀ ਅਨੀਤਾ ਦੇਵੀ ਨੇ ਕਿਹਾ ਕਿ ਵਿਆਹ ਤੋਂ ਬਾਅਦ ਉਨ੍ਹਾਂ ਦੇ ਘਰ 3 ਧੀਆਂ ਪੈਦਾ ਹੋਈਆਂ ਪਰ ਕੋਈ ਵੀ ਪੁੱਤਰ ਨਹੀਂ ਹੋਇਆ। ਆਪਣੇ ਵੰਸ਼ ਨੂੰ ਅੱਗੇ ਵਧਾਉਣ ਲਈ ਉਸ ਨੇ ਆਪਣੇ ਪਤੀ ਦਾ ਦੂਜਾ ਵਿਆਹ ਇਕ ਵਿਧਵਾ ਔਰਤ ਨਾਲ ਕਰਵਾ ਦਿੱਤਾ ਹੈ ਤਾਂ ਜੋ ਉਸ ਨੂੰ ਕੋਈ ਪੁੱਤਰ ਪ੍ਰਾਪਤ ਹੋ ਸਕੇ ਅਤੇ ਵੰਸ਼ ਅੱਗੇ ਵਧੇ। ਇਸ ਵਿਆਹ ਤੋਂ ਪਰਿਵਾਰ ਦੇ ਸਾਰੇ ਲੋਕ ਖੁਸ਼ ਹਨ। ਅੱਗੇ ਚੱਲ ਕੇ ਅਸੀਂ ਦੋਵੇਂ ਭੈਣਾਂ ਵਾਂਗ ਇਕ ਹੀ ਘਰ 'ਚ ਰਹਾਂਗੀਆਂ। ਉੱਥੇ ਹੀ ਦਾਮੋਦਰ ਪਾਸਵਾਨ ਦਾ ਕਹਿਣਾ ਹੈ ਕਿ ਉਸ ਦੇ ਵਿਆਹ ਨੂੰ ਹੁਣ ਲਗਭਗ 15 ਸਾਲ ਹੋ ਚੱਲੇ ਹਨ ਪਰ ਇਕ ਹੀ ਪੱਤਰ ਨਹੀਂ ਹੋਇਆ ਜਿਸ ਕਾਰਨ ਸਮਾਜ ਤੋਂ ਲੈ ਕੇ ਪਰਿਵਾਰ 'ਚ ਕਈ ਤਰ੍ਹਾਂ ਦੀਆਂ ਗੱਲਾਂ ਸੁਣਨੀਆਂ ਪੈਂਦੀਆਂ ਹਨ। ਪਤਨੀ ਅਤੇ ਸਹੁਰੇ ਪਰਿਵਾਰ ਨੇ ਇਕ ਔਰਤ ਲੱਭੀ ਹੈ, ਜਿਸ ਨਾਲ ਵਿਆਹ ਕਰ ਰਿਹਾਂ ਹਾਂ। ਅੱਗੇ ਚੱਲ ਕੇ ਦੋਵਾਂ ਪਤਨੀਆਂ ਨੂੰ ਬਰਾਬਰ ਦਾ ਪਿਆਰ ਦੇਵਾਂਗਾ।

## ਅਕਾਲੀ ਦਲ ਵਿਚ ਹੋਈ ਬਗਾਵਤ 'ਤੇ ਭਾਜਪਾ ਪ੍ਰਧਾਨ ਸੁਨੀਲ ਜਾਖੜ ਦਾ ਵੱਡਾ ਬਿਆਨ

ਚੰਡੀਗੜ੍ਹ 27 ਜੂਨ। ਅਕਾਲੀ ਦਲ ਵਿਚ ਹੋਈ ਬਗਾਵਤ 'ਤੇ ਪੰਜਾਬ ਭਾਜਪਾ ਪ੍ਰਧਾਨ ਸੁਨੀਲ ਕੁਮਾਰ ਜਾਖੜ ਦਾ ਵੱਡਾ ਬਿਆਨ ਸਾਹਮਣੇ ਆਇਆ ਹੈ। ਜਾਖੜ ਨੇ ਅਕਾਲੀ ਦਲ ਦੇ ਉਨ੍ਹਾਂ ਦੋਸ਼ਾਂ ਨੂੰ ਖਾਰਜ ਕੀਤਾ ਹੈ, ਜਿਨ੍ਹਾਂ ਵਿਚ ਅਕਾਲੀ ਦਲ ਦੀ ਬਗਾਵਤ ਲਈ ਭਾਜਪਾ ਨੂੰ ਜਿ਼ੰਮੇਵਾਰ ਦੱਸਿਆ ਜਾ ਰਿਹਾ ਹੈ। ਜਾਖੜ ਨੇ ਆਖਿਆ ਹੈ ਕਿ ਅਕਾਲੀ ਦਲ ਦੀ ਬਗਾਵਤ ਵਿਚ ਭਾਜਪਾ ਦਾ ਕੋਈ ਰੋਲ ਨਹੀਂ ਹੈ। ਇਲਜਾਮ ਲਗਾਉਣ ਵਾਲਿਆਂ ਨੂੰ ਪਹਿਲਾਂ ਆਪਣੇ ਅੰਦਰ ਝਾਤੀ ਮਾਰਨੀ ਚਾਹੀਦੀ ਹੈ। ਜਾਖੜ ਨੇ ਕਿਹਾ ਕਿ ਅਕਾਲੀ ਦਲ ਦੀ ਹੋਰ ਖੇਤਰੀ ਪਾਰਟੀਆਂ ਨਾਲ ਤੁਲਣਾ ਨਹੀਂ ਕੀਤੀ ਜਾ ਸਕਦੀ। ਮੌਜੂਦਾ ਸਮੇਂ ਵਿਚ ਅਕਾਲੀ ਦਲ ਦੀ ਲੀਡਰਸ਼ਿਪ ਕਮਜੋਰ ਹੋ ਚੁੱਕੀ ਹੈ। ਅੱਖਾਂ ਮੀਚਣ ਨਾਲ ਕਮਜੋਰੀਆਂ ਨਹੀਂ ਲੁਕਦੀਆਂ, ਲਿਹਾਜਾ ਕਮੀਆਂ ਦੂਰ ਕਰਨ ਲਈ ਕੋਸ਼ਿਸ਼ ਕਰਨੀ ਚਾਹੀਦੀ ਹੈ। ਜਾਖੜ ਨੇ ਕਿਹਾ ਕਿ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਬਾਗੀਆਂ ਨਾਲ ਮਿਲ ਕੇ ਗੱਲਬਾਤ ਕਰਨੀ ਚਾਹੀਦੀ ਹੈ ਅਤੇ ਗੱਲਬਾਤ ਨਾਲ ਹੀ ਮਸਲੇ ਦਾ ਹੱਲ ਨਿਕਲ ਸਕਦਾ ਹੈ।

# ਲੋਕ ਸਭਾ ਸਪੀਕਰ ਨੂੰ ਮਿਲੇ ਰਾਹੁਲ ਗਾਂਧੀ, ਐਮਰਜੈਂਸੀ ਦੇ ਜਿਕਰ 'ਤੇ ਜਤਾਇਆ ਇਤਰਾਜ

**ਨਵਦੀਪ ਸਿੰਘ ਸਾਹਨੀ**

ਨਵੀਂ ਦਿੱਲੀ 27 ਜੂਨ। ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਵੀਰਵਾਰ ਨੂੰ ਸਦਨ ਦੇ ਸਪੀਕਰ ਓਮ ਬਿਰਲਾ ਨਾਲ ਮੁਲਾਕਾਤ ਕੀਤੀ। ਸਦਨ ਦੇ ਅੰਦਰ ਐਮਰਜੈਂਸੀ ਦੇ ਜਿ਼ਕਰ 'ਤੇ ਇਤਰਾਜ ਕਰਦਿਆਂ ਉਨ੍ਹਾਂ ਨੇ ਕਿਹਾ ਕਿ ਇਹ ਕਦਮ ਸਿਆਸੀ ਸੀ ਅਤੇ ਇਸ ਤੋਂ ਬਚਿਆ ਜਾ ਸਕਦਾ ਸੀ। ਕਾਂਗਰਸ ਸੰਗਠਨ ਦੇ ਜਨਰਲ ਸਕੱਤਰ ਕੇਸੀ ਵੇਣੂਗੋਪਾਲ ਨੇ ਸੰਸਦ ਭਵਨ 'ਚ ਬੈਠਕ ਤੋਂ ਬਾਅਦ ਪੱਤਰਕਾਰਾਂ ਨੂੰ ਕਿਹਾ ਕਿ ਇਹ ਇਕ ਸਿ਼ਸਟਾਚਾਰ ਬੈਠਕ ਸੀ, ਜਿਸ ਦੌਰਾਨ ਗਾਂਧੀ ਨੇ ਸਦਨ 'ਚ ਸਪੀਕਰ ਵਲੋਂ ਐਮਰਜੈਂਸੀ ਦਾ ਜਿ਼ਕਰ ਕੀਤੇ ਜਾਣ ਦਾ ਮੁੱਦਾ ਉਠਾਇਆ। ਉਹਨਾਂ ਨੇ ਕਿਹਾ ਕਿ ਇਹ ਇਕ ਸ਼ਿਸ਼ਟਾਚਾਰ ਮੁਲਾਕਾਤ ਸੀ। ਲੋਕ ਸਭਾ ਸਪੀਕਰ ਨੇ ਰਾਹੁਲ ਗਾਂਧੀ ਨੂੰ ਵਿਰੋਧੀ ਧਿਰ ਦਾ ਨੇਤਾ ਐਲਾਨ ਦਿੱਤਾ। ਉਸ ਤੋਂ ਬਾਅਦ ਰਾਹੁਲ ਗਾਂਧੀ ਆਪਣੇ ਸਾਥੀ ਗਠਜੋੜ ਦੇ ਨੇਤਾਵਾਂ ਨਾਲ ਸਪੀਕਰ ਨੂੰ ਮਿਲੇ। ਇਹ ਪੁੱਛੇ ਜਾਣ 'ਤੇ ਕਿ ਕੀ ਰਾਹੁਲ ਗਾਂਧੀ ਨੇ ਸਦਨ 'ਚ ਐਮਰਜੈਂਸੀ ਦੀ ਨਿੰਦਾ ਮਤਾ ਪੇਸ ਕਰਨ ਦੇ ਮੁੱਦੇ 'ਤੇ ਚਰਚਾ ਕੀਤੀ, ਵੇਣੂਗੋਪਾਲ ਨੇ ਕਿਹਾ, 'ਅਸੀਂ ਸੰਸਦ ਦੇ ਕੰਮਕਾਜ ਨੂੰ ਲੈ ਕੇ ਕਈ ਗੱਲਾਂ 'ਤੇ ਚਰਚਾ ਕੀਤੀ। ਯਕੀਨਨ ਇਹ ਮੁੱਦਾ ਵੀ ਸਾਹਮਣੇ ਆਇਆ ਸੀ।' ਕਾਂਗਰਸ ਨੇਤਾ ਨੇ ਕਿਹਾ, "ਰਾਹੁਲ ਜੀ ਨੇ ਵਿਰੋਧੀ ਧਿਰ ਦੇ ਨੇਤਾ ਦੇ ਤੌਰ 'ਤੇ ਸਪੀਕਰ ਨੂੰ ਇਸ ਮੁੱਦੇ



ਦੀ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਸਪੀਕਰ ਦੁਆਰਾ ਇਸ ਨੂੰ ਟਾਲਿਆ ਜਾ ਸਕਦਾ ਸੀ। ਇਹ ਸਪੱਸਟ ਤੌਰ 'ਤੇ ਸਿਆਸੀ ਸੰਦਰਭ ਸੀ, ਇਸ ਤੋਂ ਬਚਿਆ ਜਾ ਸਕਦਾ ਸੀ।" ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਦੇ ਰੂਪ ਵਿਚ ਅਹੁਦਾ ਸੰਭਾਲਣ ਤੋਂ ਬਾਅਦ ਗਾਂਧੀ ਦੀ ਸਪੀਕਰ ਨਾਲ ਇਹ ਪਹਿਲੀ ਮੁਲਾਕਾਤ ਸੀ। ਉਨ੍ਹਾਂ ਦੇ ਨਾਲ ਸਪਾ ਦੇ ਧਰਮਿੰਦਰ ਯਾਦਵ, ਡੀਐੱਮਕੇ ਦੀ ਕਨੀਮੋਝੀ, ਰਾਸਟਰਵਾਦੀ ਕਾਂਗਰਸ ਪਾਰਟੀ ਦੀ ਸੁਪ੍ਰਿਆ ਸੁਲੇ ਅਤੇ ਤ੍ਰਿਣਮੂਲ ਕਾਂਗਰਸ ਦੇ ਕਲਿਆਣ ਬੈਨਰਜੀ ਤੋਂ ਇਲਾਵਾ ਕੁਝ ਹੋਰ ਲੋਕ ਵੀ ਸਨ। ਲੋਕ ਸਭਾ ਦੇ ਸਪੀਕਰ ਓਮ ਬਿਰਲਾ ਦੇ ਦੁਬਾਰਾ ਸਪੀਕਰ ਬਣਨ ਦੇ ਕੁਝ ਸਮੇਂ ਬਾਅਦ ਬੁੱਧਵਾਰ ਨੂੰ ਸਦਨ 'ਚ ਉਸ ਸਮੇਂ ਹੰਗਾਮਾ ਹੋ ਗਿਆ, ਜਦੋਂ ਬਿਰਲਾ ਨੇ 1975 'ਚ ਕਾਂਗਰਸ ਸਰਕਾਰ ਵੱਲੋਂ ਲਗਾਈ ਗਈ ਐਮਰਜੈਂਸੀ ਦੀ ਨਿੰਦਾ ਕਰਨ ਵਾਲਾ ਮਤਾ ਪੜ੍ਹਿਆ ਅਤੇ ਕਿਹਾ ਕਿ ਇਹ ਕਾਲ ਇਕ ਕਾਲਾ ਅਧਿਆਏ ਦੇ ਰੂਪ ਵਿੱਚ ਦਰਜ ਕੀਤਾ ਗਿਆ ਹੈ। ਜਦੋਂ ਦੇਸ ਵਿੱਚ ਤਾਨਾਸਾਹੀ ਲਾਗੂ ਕੀਤੀ ਗਈ ਸੀ, ਜਮਹੂਰੀ ਕਦਰਾਂ-ਕੀਮਤਾਂ ਨੂੰ ਕੁਚਲਿਆ ਗਿਆ ਸੀ ਅਤੇ ਪ੍ਰਗਟਾਵੇ ਦੀ ਆਜਾਦੀ ਦਾ ਗਲਾ ਘੁੱਟਿਆ ਗਿਆ ਸੀ। ਇਸ ਦੌਰਾਨ ਕਾਂਗਰਸ ਅਤੇ ਕੁਝ ਹੋਰ ਵਿਰੋਧੀ ਪਾਰਟੀਆਂ ਦੇ ਮੈਂਬਰਾਂ ਨੇ ਸਦਨ ਵਿੱਚ ਹੰਗਾਮਾ ਕੀਤਾ ਅਤੇ ਨਾਅਰੇਬਾਜੀ ਕੀਤੀ।

# ਜੰਮੂ ਤੋਂ ਅਮਰਨਾਥ ਤੀਰਥ ਯਾਤਰੀਆਂ ਦਾ ਪਹਿਲਾ ਜੱਥਾ ਭਲਕੇ ਹੋਵੇਗਾ ਰਵਾਨਾ, ਪ੍ਰਸ਼ਾਸਨ ਨੇ ਖਿੱਚੀ ਤਿਆਰੀ

**ਤੇਜਿੰਦਰ ਕੌਰ ਬੱਬਰ**

ਜੰਮੂ 27 ਜੂਨ। ਜੰਮੂ-ਕਸਮੀਰ 'ਚ ਪਵਿੱਤਰ ਅਮਰਨਾਥ ਯਾਤਰਾ ਲਈ ਸਰਧਾਲੂਆਂ ਦਾ ਪਹਿਲਾ ਜੱਥਾ ਸੁੱਕਰਵਾਰ ਨੂੰ ਇੱਥੇ ਭਗਵਤੀ ਨਗਰ ਯਾਤਰੀ ਨਿਵਾਸ ਆਧਾਰ ਕੈਂਪ ਤੋਂ ਸਖਤ ਸੁਰੱਖਿਆ ਪ੍ਰਬੰਧਾਂ ਵਿਚਕਾਰ ਰਵਾਨਾ ਹੋਵੇਗਾ। ਅਧਿਕਾਰਤ ਸੂਤਰਾਂ ਨੇ ਦੱਸਿਆ ਕਿ ਅਮਰਨਾਥ ਸਰਧਾਲੂਆਂ ਦੇ ਪਹਿਲੇ ਜਥੇ ਨੂੰ ਕੱਲ ਸਵੇਰੇ ਯਾਤਰੀ ਨਿਵਾਸ ਤੋਂ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਜਾਵੇਗਾ। ਜੰਮੂ-ਕਸਮੀਰ ਪ੍ਰਸਾਸਨ ਨੇ ਸਰਧਾਲੂਆਂ ਦੀ ਨਿਰਵਿਘਨ ਯਾਤਰਾ ਲਈ ਪੁਖਤਾ ਪ੍ਰਬੰਧ ਕੀਤੇ ਹਨ। ਜੰਮੂ ਡਿਵੀਜਨਲ ਕਮਿਸਨਰ ਰਮੇਸ ਕੁਮਾਰ ਨੇ ਜੰਮੂ ਖੇਤਰ ਦੇ ਵਧੀਕ ਡਾਇਰੈਕਟਰ ਜਨਰਲ ਆਫ ਪੁਲਿਸ ਆਨੰਦ ਜੈਨ ਦੇ ਨਾਲ ਸ੍ਰੀ ਅਮਰਨਾਥ ਯਾਤਰਾ ਲਈ ਪ੍ਰਸਾਸਨ ਵੱਲੋਂ ਕੀਤੀਆਂ ਤਿਆਰੀਆਂ ਦਾ ਮੁਆਇਨਾ ਕੀਤਾ। ਅਧਿਕਾਰੀਆਂ ਨੇ ਅਮਰਨਾਥ ਪਵਿੱਤਰ ਯਾਤਰਾ ਲਈ ਯਾਤਰੀ ਨਿਵਾਸ ਆਉਣ ਵਾਲੇ ਸਰਧਾਲੂਆਂ ਨੂੰ ਨਿਰਵਿਘਨ ਸਾਰੀਆਂ ਸਹੂਲਤਾਂ ਅਤੇ ਸੇਵਾਵਾਂ ਪ੍ਰਦਾਨ ਕਰਨ ਦੇ ਨਿਰਦੇਸ ਜਾਰੀ ਕੀਤੇ ਹਨ। ਉਨ੍ਹਾਂ ਕੰਟਰੋਲ ਰੂਮ ਦੇ ਕੰਮਕਾਜ ਦੀ 24 ਘੰਟੇ ਨਿਗਰਾਨੀ ਕਰਨ ਅਤੇ ਜਰੂਰੀ ਸੇਵਾਵਾਂ ਦੇ ਨੁਮਾਇੰਦਿਆਂ ਦੀ ਹਾਜਰੀ ਯਕੀਨੀ ਬਣਾਉਣ ਦੇ ਨਿਰਦੇਸ ਦਿੱਤੇ ਅਤੇ ਟਰਾਂਸਪੋਰਟ ਅਧਿਕਾਰੀਆਂ ਨੂੰ ਯਾਤਰੀਆਂ ਦੀ ਜਾਣਕਾਰੀ ਲਈ ਪ੍ਰਾਈਵੇਟ ਟੈਕਸੀਆਂ ਅਤੇ ਤਿੰਨ ਪਹੀਆ ਵਾਹਨਾਂ ਦੇ ਰੇਟਾਂ ਬਾਰੇ ਵਿਆਪਕ ਪ੍ਰਚਾਰ ਕਰਨ ਲਈ ਕਿਹਾ। ਇਕ ਸੀਨੀਅਰ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਇਸ ਸਾਲ ਪ੍ਰਸਾਸਨ ਅਤੇ ਸੁਰੱਖਿਆ ਬਲਾਂ ਨੇ ਤੀਰਥ ਯਾਤਰਾ ਦੇ ਸੁਚਾਰੂ ਸੰਚਾਲਨ ਲਈ ਵਿਸੇਸ ਪ੍ਰਬੰਧ ਕੀਤੇ ਹਨ। ਸਾਂਤੀਪੂਰਨ ਯਾਤਰਾ ਲਈ ਇਕ ਬਹੁ-ਪੱਧਰੀ ਸੁਰੱਖਿਆ ਗਰਿੱਡ ਬਣਾਇਆ ਗਿਆ ਹੈ। ਨੈਸ਼ਨਲ ਹਾਈਵੇਅ, ਗੁਫਾ ਮਾਰਗਾਂ ਅਤੇ ਬੇਸ ਕੈਂਪਾਂ 'ਤੇ ਫੌਜ ਦੀ ਲੋੜੀਂਦੀ ਤਾਇਨਾਤੀ ਤੋਂ ਇਲਾਵਾ, ਨਿਗਰਾਨੀ ਰੱਖਣ ਲਈ ਤਕਨਾਲੋਜੀ ਦੀ ਵੱਧ ਤੋਂ ਵੱਧ ਵਰਤੋਂ ਵੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ



ਜੰਮੂ ਵਿਚ ਅਮਰਨਾਥ ਬੇਸ ਕੈਂਪ ਦੇ ਆਲੇ-ਦੁਆਲੇ ਤਿੰਨ ਪੱਧਰੀ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ, ਜਿਸ ਦੀ ਜਿ਼ੰਮੇਵਾਰੀ ਜੰਮੂ-ਕਸਮੀਰ ਪੁਲਸ ਦੀ ਸੁਰੱਖਿਆ ਸਾਖਾ ਕੋਲ ਹੈ। ਸੁਰੱਖਿਆ ਬਲਾਂ ਨੇ ਜੰਮੂ ਤੋਂ ਸਾਲਾਨਾ ਯਾਤਰਾ ਦੀ ਸੁਰੱਖਿਅਤ ਸੁਰੂਆਤ ਨੂੰ ਯਕੀਨੀ ਬਣਾਉਣ ਲਈ ਸਰਚ ਅਤੇ ਸੈਨੀਟਾਈਜੇਸਨ ਅਭਿਆਨ ਚਲਾਇਆ ਹੈ। ਜੰਮੂ ਸਹਿਰ ਵਿਚ ਰਿਹਾਇਸ ਅਤੇ ਰਜਿਸਟ੍ਰੇਸਨ ਕੇਂਦਰਾਂ 'ਤੇ ਵੀ ਸਖਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ। ਬਾਰਡਰ ਰੋਡਜ ਆਰਗੇਨਾਈਜੇਸਨ (ਬੀ. ਆਰ. ਓ) ਨੇ ਸਰਧਾਲੂਆਂ ਦੀ ਮੁਸਕਲ ਰਹਿਤ ਆਵਾਜਾਈ ਨੂੰ ਯਕੀਨੀ ਬਣਾਉਣ ਲਈ ਗੁਫਾ ਮੰਦਰ ਨੂੰ ਜਾਣ ਵਾਲੀ ਸੜਕ ਨੂੰ ਅਪਗ੍ਰੇਡ ਕੀਤਾ ਹੈ। ਇਸ ਦੌਰਾਨ ਅਮਰਨਾਥ ਯਾਤਰਾ ਨੂੰ ਧਿਆਨ ਵਿਚ ਰੱਖਦੇ ਹੋਏ ਜੰਮੂ-ਕਸਮੀਰ ਟ੍ਰੈਫਿਕ ਪੁਲਸ ਨੇ ਵੀਰਵਾਰ ਨੂੰ ਆਵਾਜਾਈ 'ਤੇ ਪਾਬੰਦੀਆਂ ਦਾ ਐਲਾਨ ਕੀਤਾ। ਟ੍ਰੈਫਿਕ ਪੁਲਸ ਦੀ ਸਲਾਹ 'ਤੇ ਪ੍ਰਸਾਸਨ ਨੇ ਵੱਖ-ਵੱਖ ਥਾਵਾਂ 'ਤੇ ਵਾਹਨਾਂ ਦੀ ਆਵਾਜਾਈ 'ਤੇ ਪਾਬੰਦੀ ਲਗਾਉਣ ਦਾ ਫੈਸਲਾ ਕੀਤਾ ਹੈ। ਇਹ ਪਾਬੰਦੀਆਂ 28 ਜੂਨ ਤੋਂ 19 ਅਗਸਤ ਦਰਮਿਆਨ ਲਾਗੂ ਰਹਿਣਗੀਆਂ।

## ਅਕਾਲੀ ਦਲ ਨੂੰ ਤੋੜਨ ਦੀਆਂ ਸਾਰੀਆਂ ਕੋਸ਼ਿਸ਼ਾਂ ਫੇਲ੍ਹ ਹੋ ਜਾਣਗੀਆਂ : ਪਰਮਜੀਤ ਸਿੰਘ ਸਰਨਾ

ਚੰਡੀਗੜ੍ਹ 27 ਜੂਨ। ਅਕਾਲੀ ਦਲ ਦੀ ਦਿੱਲੀ ਇਕਾਈ ਦੇ ਮੁਖੀ ਪਰਮਜੀਤ ਸਿੰਘ ਸਰਨਾ ਨੇ 'ਆਪਰੇਸ਼ਨ ਲੋਟਸ' ਨੂੰ ਲੈ ਕੇ ਭਾਜਪਾ 'ਤੇ ਨਿਸ਼ਾਨਾ ਵਿੰਨ੍ਹਿਆ ਹੈ। ਉਨ੍ਹਾਂ ਕਿਹਾ ਕਿ ਭਾਜਪਾ ਨੇ ਮੇਰੇ ਖਿ਼ਲਾਫ ਜੋ ਵੀ ਐਕਸ਼ਨ ਲੈਣਾ ਹੈ, ਲੈ ਲਵੇ। ਉਨ੍ਹਾਂ ਕਿਹਾ ਕਿ ਮੈਂ 'ਆਪਰੇਸ਼ਨ ਲੋਟਸ' 'ਤੇ ਭਾਜਪਾ ਨੂੰ ਲੀਰੋ-ਲੀਰ ਕਰ ਦੇਵਾਂਗਾ। ਉਨ੍ਹਾਂ ਕਿਹਾ ਕਿ ਭਾਜਪਾ ਸਾਰੀਆਂ ਖੇਤਰੀ ਪਾਰਟੀਆਂ ਨੂੰ ਕਮਜੋਰ ਕਰਨਾ ਚਾਹੁੰਦੀ ਹੈ, ਜੋ ਕਿ ਅਸੀਂ ਨਹੀਂ ਹੋਣ ਦੇਣਾ ਚਾਹੁੰਦੇ। ਸੁਖਬੀਰ ਬਾਦਲ ਤੋਂ ਅਸਤੀਫਾ ਮੰਗਣ ਵਾਲੇ ਅਕਾਲੀ ਆਗੂਆਂ ਬਾਰੇ ਬੋਲਦਿਆਂ ਪਰਮਜੀਤ ਸਿੰਘ ਸਰਨਾ ਨੇ ਕਿਹਾ ਕਿ ਇਹ ਤਰੀਕਾ ਗਲਤ ਹੈ ਅਤੇ ਪਾਰਟੀ ਆਗੂਆਂ ਨੂੰ ਪਾਰਟੀ ਅੱਗੇ ਪਹਿਲਾਂ ਆਪਣੀ ਗੱਲ ਰੱਖਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਨੂੰ ਤੋੜਨ ਦੀਆਂ ਕੋਸ਼ਿਸ਼ਾਂ ਪਹਿਲਾਂ ਵੀ ਫੇਲ੍ਹ ਹੋਈਆਂ ਹਨ ਅਤੇ ਹੁਣ ਵੀ ਇਹ ਕੋਸ਼ਿਸ਼ਾਂ ਫੇਲ੍ਹ ਹੀ ਹੋਣਗੀਆਂ। ਉਨ੍ਹਾਂ ਕਿਹਾ ਕਿ ਪਾਰਟੀ



ਅਜਿਹੇ ਆਗੂਆਂ ਕੋਲੋਂ ਡਰੀ ਹੋਈ ਨਹੀਂ ਹੈ। ਸ੍ਰੀ ਅਕਾਲ ਤਖਤ ਸਾਹਿਬ ਵਿਖੇ ਖਿਮਾ ਯਾਚਨਾ ਬਾਰੇ ਬੋਲਦਿਆਂ ਸਰਨਾ ਨੇ ਕਿਹਾ ਕਿ ਸ. ਪ੍ਰਕਾਸ਼ ਸਿੰਘ ਬਾਦਲ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਜਾ ਕੇ ਖਿਮਾ ਯਾਚਨਾ ਮੰਗ ਚੁੱਕੇ ਹਨ ਅਤੇ ਜੇਕਰ ਫਿਰ ਵੀ ਕੋਈ ਕਮੀ ਰਹਿ ਗਈ ਹੈ ਤਾਂ ਅਸੀਂ ਸਾਰੇ ਇਕੱਠੇ ਹੋ ਕੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਜਾਵਾਂਗੇ ਪਰ ਪਾਰਟੀ ਆਗੂਆਂ ਦਾ ਇਹ ਤਰੀਕਾ ਗਲਤ ਹੈ। ਜੇਕਰ ਉਨ੍ਹਾਂ ਨੂੰ ਕੋਈ ਸਮੱਸਿਆ ਹੈ ਤਾਂ ਉਹ ਨਿੱਜੀ ਤੌਰ 'ਤੇ ਪਾਰਟੀ ਪ੍ਰਧਾਨ ਨਾਲ ਗੱਲ ਕਰਨ।

# 12ਵੀਂ 'ਚ ਪੜ੍ਹਦੇ ਮੁੰਡੇ ਦੀ ਸ਼ੱਕੀ ਹਾਲਾਤ 'ਚ ਮਿਲੀ ਲਾਸ਼, ਪਰਿਵਾਰ ਨੇ ਕਿਹਾ ਕਤਲ ਹੋਇਆ

ਭਵਾਨੀਗੜ੍ਹ 27 ਜੂਨ। ਸਥਾਨਕ ਸ਼ਹਿਰ ਦੀ ਤੂਰ ਪੱਤੀ ਨੇੜੇ ਸਥਿਤ ਇਕ ਟਿਊਬਵੈਲ ਦੇ ਕਮਰੇ ਦੇ ਪਿਛੋਂ ਇਕ ਨੌਜਵਾਨ ਦੀ ਭੇਦ ਭਰੇ ਹਾਲਾਤ 'ਚ ਲਾਸ਼ ਮਿਲਣ



'ਤੇ ਇਲਾਕੇ 'ਚ ਸਨਸਨੀ ਫੈਲ ਗਈ। ਪੁਲਸ ਵੱਲੋਂ ਮ੍ਰਿਤਕ ਦੇ ਪਿਤਾ ਦੇ ਬਿਆਨਾਂ ਦੇ ਅਧਾਰ 'ਤੇ ਨਾ-ਮਾਲੂਮ ਵਿਅਕਤੀ ਵਿਰੁੱਧ ਮਾਮਲਾ ਦਰਜ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ। ਇਸ ਸਬੰਧੀ ਮ੍ਰਿਤਕ ਗੁਰਜੀਤ ਸਿੰਘ ਉਰਫ ਜਸ਼ਨ ਦੇ ਪਿਤਾ ਜਗਤਾਰ ਸਿੰਘ ਪੁੱਤਰ ਲੇਟ ਛੋਟਾ ਸਿੰਘ ਵਾਸੀ ਚਹਿਲਾ ਪੱਤੀ ਭਵਾਨੀਗੜ੍ਹ ਨੇ ਸਥਾਨਕ ਪੁਲਸ ਨੂੰ ਲਿਖਾਏ ਬਿਆਨਾਂ 'ਚ ਦੱਸਿਆ ਕਿ ਉਸ ਦਾ 19 ਸਾਲਾ ਪੁੱਤਰ ਗੁਰਜੀਤ ਸਿੰਘ ਉਰਫ਼ ਜਸ਼ਨ ਜੋ ਕਿ ਸਥਾਨਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ 'ਚ 12 ਵੀਂ ਜਮਾਤ ਦਾ ਵਿਦਿਆਰਥੀ ਸੀ ਅਤੇ ਉਹ ਪੜ੍ਹਾਈ ਦੇ ਨਾਲ-ਨਾਲ ਏ.ਸੀ. ਰਿਪੇਅਰਿੰਗ ਦਾ ਕੰਮ ਵੀ ਸਿੱਖ ਰਿਹਾ ਸੀ। ਸਕੂਲ 'ਚ ਛੁੱਟੀਆਂ ਹੋਣ ਕਾਰਨ ਬੀਤੇ ਦਿਨੀਂ ਉਸ ਦਾ ਪੁੱਤਰ ਸਵੇਰੇ 10 ਵਜੇ ਘਰੋਂ ਇਹ ਕਹਿ ਕੇ ਚਲਾ ਗਿਆ ਕਿ ਉਹ ਕੰਮ ਕਰਨ ਲਈ ਜਾ ਰਿਹਾ ਹੈ ਪਰ ਜਦੋਂ ਉਹ ਦੁਪਹਿਰ ਤੱਕ ਘਰ ਵਾਪਸ ਨਾ ਆਇਆ ਤਾਂ ਉਸ ਨੂੰ ਕਈ ਵਾਰੀ ਫ਼ੋਨ ਕੀਤਾ ਗਿਆ ਪਰ ਉਸ ਨੇ ਫ਼ੋਨ ਨਾ ਚੁੱਕਿਆ। ਇਸ ਤੋਂ ਬਾਅਦ ਜਦੋਂ ਅਸੀ ਉਸ ਨੂੰ ਵਾਰ ਵਾਰ ਫ਼ੋਨ ਕਰਦੇ ਰਹੇ ਤਾਂ ਸ਼ਾਮ ਨੂੰ ਕਿਸੇ ਵਿਅਕਤੀ ਨੇ ਉਸ ਦਾ ਫ਼ੋਨ ਚੁੱਕ ਕੇ ਸਾਨੂੰ ਦੱਸਿਆ ਕਿ ਤੁਹਾਡਾ ਲੜਕਾ ਤੂਰ ਪੱਤੀ ਭਵਾਨੀਗੜ੍ਹ ਨੂੰ ਜਾਂਦੀ ਸੜਕ 'ਤੇ ਬੰਦ ਪਏ ਟੋਬੇ ਨੇੜੇ ਸਥਿਤ ਇਕ ਟਿਊਬਵੈਲ ਦੇ ਕਮਰੇ ਦੇ ਪਿੱਛੇ ਪਿਆ ਹੈ। ਇਸ ਦੌਰਾਨ ਮੈਂ ਆਪਣੀ ਪਤਨੀ ਅਤੇ ਹੋਰ ਵਿਅਕਤੀਆਂ ਨੂੰ ਨਾਲ ਲੈ ਕੇ ਜਦੋਂ ਉਕਤ ਸਥਾਨ 'ਤੇ ਪਹੁੰਚਿਆ ਤਾਂ ਦੇਖਿਆ ਕਿ ਮੇਰਾ ਲੜਕਾ ਇਥੇ ਬੇਹੋਸ਼ੀ ਦੀ ਹਾਲਤ 'ਚ ਡਿੱਗਿਆ ਪਿਆ ਸੀ। ਜਿਸ ਨੂੰ ਚੁੱਕ ਕੇ ਅਸੀਂ ਸਥਾਨਕ ਸ਼ਹਿਰ ਦੇ ਇਕ ਪ੍ਰਾਈਵੇਟ ਹਸਪਤਾਲ ਵਿਖੇ ਲਿਆਂਦਾ ਜਿੱਥੇ ਡਾਕਟਰਾਂ ਨੇ ਮੇਰੇ ਲੜਕੇ ਦੀ ਹਾਲਤ ਗੰਭੀਰ ਹੋਣ ਸਬੰਧੀ ਕਹਿ ਕੇ ਸਾਨੂੰ ਇਸ ਨੂੰ ਤੁਰੰਤ ਕਿਸੇ ਹੋਰ ਹਸਪਤਾਲ ਲਿਜਾਣ ਲਈ ਕਿਹਾ ਤਾਂ ਅਸੀ ਉਸ ਨੂੰ ਤੁਰੰਤ ਸਥਾਨਕ ਸਰਕਾਰੀ ਹਸਪਤਾਲ ਵਿਖੇ ਲੈ ਕੇ ਗ ਜਿੱਥੇ ਮੌਜੂਦ ਡਾਕਟਰ ਨੇ ਲੜਕੇ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਮ੍ਰਿਤਕ ਦੇ ਪਿਤਾ ਨੇ ਸ਼ੱਕ ਜ਼ਾਹਿਰ ਕੀਤਾ ਕਿ ਉਸ ਦੇ ਲੜਕੇ ਗੁਰਜੀਤ ਸਿੰਘ ਉਰਫ਼ ਜਸ਼ਨ ਨੂੰ ਕਿਸੇ ਨਾ-ਮਾਲੂਮ ਵਿਅਕਤੀਆਂ ਨੇ ਕਤਲ ਕਰਕੇ ਇੱਥ ਟਿਊਬਵੈਲ ਵਾਲੇ ਕਮਰੇ ਦੇ ਪਿੱਛੇ ਸੁੱਟ ਦਿੱਤਾ ਹੈ। ਇਸ ਸਬੰਧੀ ਸਥਾਨਕ ਥਾਣਾ ਮੁਖੀ ਸਬ ਇੰਸਪੈਕਟਰ ਗੁਰਨਾਮ ਸਿੰਘ ਨਾਲ ਗੱਲਬਾਤ ਕਰਨ 'ਤੇ ਉਨ੍ਹਾਂ ਦੱਸਿਆ ਕਿ ਪੁਲਸ ਨੇ ਮ੍ਰਿਤਕ ਦੇ ਪਿਤਾ ਜਗਤਾਰ ਸਿੰਘ ਦੇ ਬਿਆਨਾਂ ਦੇ ਅਧਾਰ 'ਤੇ ਕਾਰਵਾਈ ਕਰਦੇ ਹੋਏ ਨਾ-ਮਾਲੂਮ ਵਿਅਕਤੀ ਵਿਰੁੱਧ ਕਤਲ ਦਾ ਮਾਮਲਾ ਦਰਜ ਕਰਕੇ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰਨ ਲਈ ਅਗਲੀ ਕਾਰਵਾਈ ਆਰੰਭ ਦਿੱਤੀ ਹੈ।

## ਪਾਵਰਕਾਮ ਨੇ ਬਿਜਲੀ ਚੋਰੀ 'ਤੇ ਕੱਸਿਆ ਸ਼ਿਕੰਜਾ, ਬਿਜਲੀ ਚੋਰੀ ਦੇ 37 ਕੇਸ ਫੜੇ

ਚੋਗਾਵਾਂ 27 ਜੂਨ। ਦਿਨੋਂ ਦਿਨ ਵੱਧ ਰਹੀ ਬਿਜਲੀ ਦੀ ਖਪਤ ਨੂੰ ਦੇਖਦਿਆਂ ਪਾਵਰਕਾਮ ਸੀ. ਐੱਮ. ਡੀ. ਇੰਜੀਨੀਅਰ ਬਲਦੇਵ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਇਨਫੋਰਸਮੈਂਟ ਦੇ ਐਕਸੀਅਨ ਰਾਹੁਲ ਅਨੰਦ, ਐੱਮ. ਡੀ. ਪਰਮਿੰਦਰ ਸਿੰਘ, ਐੱਸ. ਡੀ. ਓ. ਗੁਰਿੰਦਰਪਾਲ ਸਿੰਘ, ਐੱਸ. ਡੀ. ਓ. ਰਾਮ ਸਿੰਘ, ਜੇ. ਈ. ਤਰੁਣ ਸ਼ਰਮਾ, ਜੇ. ਈ. ਅਭਿਮਨਿਯੂ ਸ਼ਰਮਾ, ਜੇ. ਈ. ਭੁਪਿੰਦਰ ਸਿੰਘ ਆਦਿ ਟੀਮ ਵੱਲੋਂ ਸਬ ਡਵੀਜ਼ਨ ਚੋਗਾਵਾਂ ਅਤੇ ਸਬ ਡਵੀਜ਼ਨ ਲੋਪੋਕੇ ਵਿਚ ਵੱਖ-ਵੱਖ ਥਾਵਾਂ 'ਤੇ ਛਾਪੇਮਾਰੀ ਕਰ ਕੇ ਬਿਜਲੀ ਚੋਰੀ ਦੇ 37 ਕੇਸ ਕਾਬੂ ਕੀਤੇ, ਜਿਨ੍ਹਾਂ 21 ਲੱਖ ਦੇ ਕਰੀਬ ਜੁਰਮਾਨੇ ਪਾਏ ਗਏ। ਇਸ ਸਬੰਧੀ ਐਕਸੀਅਨ ਰਾਹੁਲ ਅਨੰਦ ਨੇ ਕਿਹਾ ਕਿ ਇਸ ਵਾਰ ਬਿਜਲੀ ਦੀ ਖਪਤ ਇੰਨੀ ਵੱਧ ਚੁੱਕੀ ਹੈ ਕਿ 16 ਹਜਾਰ ਮੈਗਾਵਾਟ ਨੂੰ ਪਾਰ ਕਰ ਚੁੱਕੀ ਜੋ ਕਿ ਹੁਣ ਤੱਕ ਦਾ ਰਿਕਾਰਡ ਹੈ। ਇੰਨੀ ਖਪਤ ਨੂੰ ਪੂਰਾ ਕਰਨ ਲਈ ਮਹਿੰਗੇ ਰੇਟ 'ਤੇ ਬਿਜਲੀ ਖ਼ਰੀਦਣੀ ਪੈ ਰਹੀ ਹੈ ਜਦਕਿ ਝੋਨੇ ਦਾ ਸੀਜ਼ਨ ਅਜੇ ਪੂਰੀ ਤਰ੍ਹਾਂ ਸ਼ੁਰੂ ਨਹੀਂ ਹੋਇਆ। ਹੁਣ ਤੱਕ ਲਗਭਗ 40 ਪ੍ਰਤੀਸ਼ਤ ਹੀ ਮੋਟਰਾਂ ਚੱਲ ਰਹੀਆਂ ਹਨ, ਜਿਸ ਤੋਂ ਸਪੱਸ਼ਟ ਹੈ ਕਿ ਆਉਣ ਵਾਲੇ ਦਿਨਾਂ ਵਿਚ ਬਿਜਲੀ ਦੀ ਖਪਤ ਹੋਰ ਵਧੇਗੀ।

## ਭੋਗ 'ਚ ਸ਼ਾਮਲ ਹੋਣ ਆਏ ਨੌਜਵਾਨਾਂ ਨਾਲ ਵਾਪਰ ਗਿਆ ਭਾਣਾ, ਸਰਹਿੰਦ ਨਹਿਰ 'ਚ ਡੁੱਬਣ ਕਾਰਨ ਗਈ ਜਾਨ

ਬਠਿੰਡਾ 27 ਜੂਨ। ਬਠਿੰਡਾ ਤੋਂ ਇਕ ਮੰਦਭਾਗੀ ਖਬਰ ਸਾਹਮਣੇ ਆ ਰਹੀ ਹੈ, ਜਿੱਥੇ ਆਪਣੇ ਰਿਸਤੇਦਾਰਾਂ ਦੇ ਭੋਗ 'ਚ ਸਾਮਲ ਹੋਣ ਲਈ ਰਾਜਸਥਾਨ ਤੋਂ ਪੁੱਜੇ 2 ਨੌਜਵਾਨਾਂ ਦੀ ਸਰਹਿੰਦ ਨਹਿਰ 'ਚ ਡੁੱਬਣ ਕਾਰਨ ਮੌਤ ਹੋ ਗਈ। ਸਹਿਰ ਵਿੱਚੋਂ ਲੰਘਦੀ ਬਠਿੰਡਾ-ਸਰਹਿੰਦ ਨਹਿਰ 'ਚ ਜਿਵੇਂ ਹੀ ਇਹ ਨੌਜਵਾਨ ਨਹਾਉਣ ਲਈ ਉਤਰੇ ਤਾਂ ਪਾਣੀ ਦੇ ਤੇਜ ਵਹਾਅ ਨੇ ਉਨ੍ਹਾਂ ਨੂੰ ਆਪਣੇ ਨਾਲ ਖਿੱਚ ਲਿਆ ਤੇ ਉਹ ਡੁੱਬ ਗਏ। ਨੌਜਵਾਨਾਂ ਦੀਆਂ ਲਾਸ਼ਾਂ ਨੂੰ ਲੱਭਣ ਲਈ ਗੋਤਾਖੋਰ, ਐੱਨ.ਡੀ.ਆਰ.ਐੱਫ., ਪੁਲਸ ਪ੍ਰਸਾਸਨ ਅਤੇ ਸਮਾਜਿਕ ਸੰਸਥਾਵਾਂ ਕੋਸ?ਿਸ ਕਰ ਰਹੀਆਂ ਹਨ ਪਰ ਅਜੇ ਤਕ ਲਾਸ਼ਾਂ ਨਹੀਂ ਮਿਲੀਆਂ। ਉੱਥੇ ਹੀ ਸਹਾਰਾ ਜਨ ਸੇਵਾ ਦੇ ਵਰਕਰ ਵੀ ਰਾਹਤ ਕਾਰਜਾਂ 'ਚ ਲੱਗੇ ਹੋਏ ਹਨ। ਥਾਣਾ ਥਰਮਲ ਦੇ ਇੰਚਾਰਜ ਸੁਖਮੰਦਰ ਸਿੰਘ ਬਰਾੜ ਵੀ ਮੌਕੇ 'ਤੇ ਪੁੱਜੇ। ਨਹਿਰ 'ਚ ਡੁੱਬਣ ਵਾਲੇ ਇਕ ਨੌਜਵਾਨ ਦੀ ਪਛਾਣ ਰਾਹੁਲ (26) ਵਾਸੀ ਜੈਪੁਰ ਰਾਜਸਥਾਨ ਵਜੋਂ ਹੋਈ ਹੈ ਤੇ ਦੂਸਰੇ ਨੌਜਵਾਨ ਦੀ ਹਾਲੇ ਪਛਾਣ ਨਹੀਂ ਹੋ ਸਕੀ ਹੈ। ਪਰਿਵਾਰਕ ਮੈਂਬਰਾਂ ਅਨੁਸਾਰ ਰਾਹੁਲ ਆਪਣੇ ਮੋਟਰਸਾਈਕਲ ਦੀ ਮੁਰੰਮਤ ਕਰਵਾਉਣ ਅਤੇ ਆਪਣੇ ਰਿਸਤੇਦਾਰ ਦੇ ਭੋਗ 'ਚ ਹਿੱਸਾ ਲੈਣ ਲਈ ਬਠਿੰਡਾ ਆਇਆ ਸੀ। ਉਸ ਦਿਨ ਦੁਪਹਿਰ ਉਹ ਆਪਣੇ ਭਤੀਜੇ ਨਾਲ ਨਹਿਰ 'ਚ ਨਹਾਉਣ ਆਇਆ ਸੀ। ਦੋਵਾਂ ਨੂੰ ਤੈਰਨਾ ਨਹੀਂ ਆਉਂਦਾ ਸੀ, ਜਿਸ ਕਾਰਨ ਉਹ ਪਾਣੀ ਦੇ ਤੇਜ ਵਹਾਅ ਨਾਲ ਰੁੜ ਗਏ।

## ਟੈਕਸੀ ਖੋਹਣ ਵਾਲੇ 4 ਮੁਲਜਮ ਗ੍ਰਿਫਤਾਰ, ਖੋਹੀ ਹੋਈ ਕਾਰ ਵੀ ਬਰਾਮਦ

ਖਰੜ 27 ਜੂਨ। ਥਾਣਾ ਘੜੂੰਆਂ ਪੁਲਸ ਵੱਲੋਂ ਬੀਤੇ ਦਿਨੀਂ ਇੱਕ ਟੈਕਸੀ ਡਰਾਈਵਰ ਤੋਂ ਕਾਰ ਖੋਹ ਮਾਮਲੇ 'ਚ 4 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡੀ. ਐੱਸ. ਪੀ. ਖਰੜ-1 ਕਰਨ ਸਿੰਘ ਸੰਧੂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 19 ਜੂਨ ਦੀ ਰਾਤ ਨੂੰ ਕੁਸਯਾਦਵ ਵਾਸੀ ਸੈਕਟਰ 56 ਚੰਡੀਗੜ੍ਹ ਯੂ. ਟੀ. ਜੋ ਕਿ ਟੈਕਸੀ ਚਲਾਉਂਦਾ ਹੈ। ਰਾਤ ਕਰੀਬ 12 ਵਜੇ ਪਿੰਡ ਭਾਗੋਮਾਜਰਾ ਤੋਂ ਪਿੰਡ ਪੀਰ ਸੋਹਾਣਾ ਨੂੰ ਜਾਂਦੇ ਰੋਡ ਤੋਂ ਨਾਮਾਲੂਮ ਵਿਅਕਤੀਆਂ ਵੱਲੋਂ ਖੋਹ ਕੀਤੀ ਗਈ ਸੀ। ਜਿਸ ਸਬੰਧੀ 379 ਬੀ, 34 ਤਹਿਤ ਥਾਣਾ ਸਦਰ ਖਰੜ ਵਿਖੇ ਮਾਮਲਾ ਦਰਜ ਰਜਿਸਟਰ ਕੀਤਾ ਗਿਆ ਸੀ। ਥਾਣਾ ਘੜੂੰਆ ਪੁਲਸ ਵੱਲੋਂ ਉਕੱਤ ਗੱਡੀ ਨੂੰ ਕੁੱਝ ਹੀ ਘੰਟਿਆਂ 'ਚ ਬਰਾਮਦ ਕਰਕੇ ਮੁਲਜਮ ਅੰਮ੍ਰਿਤਪਾਲ ਸਰਮਾ ਉਰਫ ਮੋਹਰ ਵਾਸੀ ਗੁਰੂ ਤੇਗ ਬਹਾਦਰ ਨਗਰ ਬਰਨਾਲਾ, ਧਰਮਿੰਦਰ ਸਰਮਾ ਉਰਫ ਵਿੱਕੀ ਵਾਸੀ ਗੁਰੂ ਤੇਗ ਬਹਾਦਰ ਨਗਰ ਬਰਨਾਲਾ, ਹਰਪ੍ਰੀਤ ਸਿੰਘ ਉਰਫ ਡੁੱਡੀ ਵਾਸੀ ਬਰਨਾਲਾ ਹਾਲ ਵਾਸੀ ਰਸੂਲਪੁਰ ਕੋਠੇ ਬਰਨਾਲਾ ਅਤੇ ਹਰਜੀਤ ਕੁਮਾਰ ਉਰਫ ਹੈਪੀ ਵਾਸੀ ਬਠਿੰਡਾ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਬਾਕੀ ਦੋਸ਼ੀਆਂ ਦੀ ਭਾਲ ਜਾਰੀ ਹੈ। ਮੁਲਜਮਾਂ ਵੱਲੋਂ ਹੋਰ ਇੱਕ ਟੈਕਸੀ ਡਰਾਈਵਰ ਤੋਂ ਪੈਸਿਆਂ ਦੀ ਖੋਹ ਕੀਤੀ ਗਈ ਸੀ, ਜਿਸ ਸਬੰਧੀ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ।

## ਅੰਮ੍ਰਿਤਸਰ 'ਚ ਵੱਡੀ ਵਾਰਦਾਤ, ਨਿਹੰਗਾਂ ਦੇ ਬਾਣੇ 'ਚ ਆਏ ਵਿਅਕਤੀਆਂ ਨੇ ਦਿਨ-ਦਿਹਾੜੇ ਕਰ ਦਿੱਤਾ ਵੱਡਾ ਕਾਂਡ

ਅੰਮ੍ਰਿਤਸਰ 27 ਜੂਨ। ਅੰਮ੍ਰਿਤਸਰ ਤੋਂ ਵੱਡੀ ਖਬਰ ਸਾਹਮਣੇ ਆਈ ਹੈ ਜਿਥੇ ਨਿਹੰਗਾਂ ਦੇ ਬਾਣੇ 'ਚ ਆਏ ਕੁਝ ਵਿਅਕਤੀਆਂ ਨੇ ਘਿਓ ਮੰਡੀ ਵਾਲਮੀਕਿ ਮੰਦਰ ਦੇ ਦੁਕਾਨਦਾਰਾਂ 'ਤੇ ਹਮਲਾ ਕਰ ਦਿੱਤਾ। ਦੁਕਾਨਾਂ ਦਾ ਕਹਿਣਾ ਹੈ ਕਿ ਉਕਤ ਲੋਕ ਦੁਕਾਨ ਦਾ ਸਾਮਾਨ ਤੇ ਨਕਦੀ ਵੀ ਲੁੱਟ ਕੇ ਫਰਾਰ ਹੋ ਗਏ। ਜਿਸਦੇ ਚੱਲਦੇ ਵਾਲਮੀਕਿ ਸਮਾਜ ਤੇ ਹੋਰ ਜਥੇਬੰਦੀਆਂ ਵੱਲੋਂ ਘਿਓ ਮੰਡੀ ਦੇ ਬਾਹਰ ਧਰਨਾ ਲਗਾ ਕੇ ਰੋਸ ਪ੍ਰਦਰਸਨ ਕੀਤਾ ਗਿਆ। ਉਧਰ ਪੁਲਸ ਵੱਲੋਂ ਕਾਰਵਾਈ ਕਰਦੇ ਹੋਏ ਧਰਨਾਕਾਰੀਆਂ ਨੂੰ ਅਪੀਲ ਕੀਤੀ ਤੇ ਧਰਨਾ ਉਠਾਇਆ ਗਿਆ। ਇਸ ਮੌਕੇ ਵਾਲਮੀਕਿ ਸਮਾਜ ਦੇ ਆਗੂ ਅਮਰ ਮੂਲ ਨਿਵਾਸੀ ਨੇ ਮੀਡੀਆ ਨੂੰ ਗੱਲਬਾਤ ਕਰਦੇ ਹੋਏ ਦੱਸਿਆ ਕਿ ਕੁਝ ਲੋਕ ਨਿਹੰਗਾਂ ਦੇ ਬਾਣੇ ਵਿਚ ਆਏ, ਜਿਨਾਂ ਵੱਲੋਂ ਵਾਲਮੀਕਿ ਮੰਦਰ ਦੇ ਦੁਕਾਨਦਾਰਾਂ 'ਤੇ ਹਮਲਾ ਕੀਤਾ ਗਿਆ ਅਤੇ ਉਨ੍ਹਾਂ ਦਾ ਸਾਮਾਨ ਅਤੇ ਦੁਕਾਨ ਅੰਦਰੋਂ ਨਕਦੀ ਲੁੱਟ ਕੇ ਫਰਾਰ ਹੋ ਗਏ। ਜਿਸ ਦੇ ਚੱਲਦੇ ਅੱਜ ਅਸੀਂ ਇਕੱਠੇ ਹੋ ਕੇ ਘਿਓ ਮੰਡੀ ਦੇ ਬਾਹਰ ਧਰਨਾ ਲਗਾਇਆ ਸੀ ਪਰ ਪੁਲਸ ਪ੍ਰਸਾਸਨ ਵੱਲੋਂ ਜਲਦ ਹੀ ਮੁਲਜਮਾਂ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਵਿਚ ਭੇਜਣ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਅਸੀਂ ਪੰਜਾਬ ਪੁਲਸ ਦੀ ਤਾਰੀਫ ਕਰਦੇ ਹਾਂ ਜਿਨ੍ਹਾਂ ਵੱਲੋਂ ਜਲਦ ਹੀ ਉਕਤ ਮੁਲਜਮਾਂ ਨੂੰ ਗ੍ਰਿਫਤਾਰ ਕਰਨ ਦਾ ਭਰੋਸਾ ਦਿੱਤਾ ਗਿਆ ਹੈ ਜੋ ਪੰਜਾਬ ਦਾ ਮਾਹੌਲ ਖਰਾਬ ਕਰਨ ਦੀ ਕੋਸ?ਿਸ ਕਰ ਰਹੇ ਸਨ ਤੇ ਦੁਕਾਨਦਾਰਾਂ ਨੂੰ ਧਮਕਾ ਕੇ ਉਹਨਾਂ ਦਾ ਸਮਾਨ ਲੁੱਟ ਰਹੇ ਹਨ। ਉਨ੍ਹਾਂ ਕਿਹਾ ਕਿ ਅਸੀਂ ਪ੍ਰਸਾਸਨ ਅੱਗੇ ਅਪੀਲ ਕਰਦੇ ਹਾਂ ਕਿ ਅਜਿਹੇ ਬੰਦਿਆਂ ਖ?ਿਲਾਫ ਕਾਰਵਾਈ ਕਰਕੇ ਨੱਥ ਪਾਈ ਜਾਵੇ ਤਾਂ ਜੋ ਮਾੜੇ ਅਨਸਰ ਸਮਾਜ ਵਿੱਚ ਸਿਰ ਨਾਲ ਚੁੱਕ ਸਕਣ ਅਤੇ ਨਾ ਹੀ ਪੰਜਾਬ ਦਾ ਮਾਹੌਲ ਖਰਾਬ ਕਰ ਸਕਣ।

## ਜਾਅਲੀ ਦਸਤਾਵੇਜਾਂ 'ਤੇ ਬਣੀਆਂ ਰਜਿਸਟਰੀਆਂ ਨੂੰ ਰਿਕਾਰਡ ਰੂਮ 'ਚ ਚੜ੍ਹਾਉਣ ਵਾਲੇ 2 ਮੁਲਜਮ ਕਾਬੂ

ਲੁਧਿਆਣਾ 27 ਜੂਨ। ਸੁਨੀਲ ਪਾਰਕ ਬਾੜੇਵਾਲ ਰੋਡ ਸਥਿਤ 200 ਵਰਗ ਗਜ ਦੇ ਪਲਾਟ ਦੇ ਜਾਅਲੀ ਦਸਤਾਵੇਜ ਬਣਾ ਕੇ ਵੇਚਣ ਦੇ ਦੋਸ ਤਹਿਤ ਤਰਨਜੀਤ ਸਿੰਘ ਚਾਵਲਾ, ਰਮਨਦੀਪ ਸਿੰਘ, ਲਖਵਿੰਦਰ ਸਿੰਘ, ਸੰਜੇ ਕੁਮਾਰ ਅਤੇ ਉਸ ਦੀ ਪਤਨੀ ਤਰੁਣਾ ਖ?ਿਲਾਫ ਮਾਮਲਾ ਦਰਜ ਕੀਤਾ ਗਿਆ ਹੈ। ਉਕਤ ਮਾਮਲੇ 'ਚ ਪੁਲਸ ਨੇ ਜਾਅਲੀ ਰਜਿਸਟਰੀ ਦੇ ਦਸਤਾਵੇਜ ਡੀ. ਸੀ. ਦਫਤਰ 'ਚ ਸਥਿਤ ਰਿਕਾਰਡ ਰੂਮ 'ਚ ਐਡ ਕਰਨ ਵਾਲੇ 2 ਵਿਅਕਤੀਆਂ ਨੂੰ ਨਾਮਜਦ ਕੀਤਾ ਹੈ, ਜੋ ਕਿ ਕੁਲਦੀਪ ਸਿੰਘ ਅਤੇ ਗਗਨ ਹਨ। ਇਹ ਮੁਲਜਮ ਹੀ ਜਾਅਲੀ ਦਸਤਾਵੇਜਾਂ ਦੇ ਆਧਾਰ 'ਤੇ ਬਣੇ ਦਸਤਾਵੇਜਾਂ ਦੇ ਰਿਕਾਰਡ ਨੂੰ ਮੋਟੀ ਰਕਮ ਲੈ ਕੇ ਚੜ੍ਹਾਉਂਦੇ ਸਨ। ਫਿਲਹਾਲ ਥਾਣਾ ਸਰਾਭਾ ਨਗਰ ਦੀ ਪੁਲਸ ਨੇ ਕਾਬੂ ਕਰ ਲਿਆ ਹੈ, ਜਿਨ੍ਹਾਂ



ਨੂੰ ਅਦਾਲਤ 'ਚ ਪੇਸ ਕੀਤਾ ਗਿਆ। ਜਿੱਥੋਂ 3 ਦਿਨਾਂ ਦੇ ਪੁਲਸ ਰਿਮਾਂਡ 'ਤੇ ਭੇਜ ਦਿੱਤਾ ਗਿਆ ਹੈ। ਥਾਣਾ ਸਰਾਭਾ ਨਗਰ ਦੇ ਐੱਸ. ਐੱਚ. ਓ. ਪਰਮਵੀਰ ਸਿੰਘ ਨੇ ਦੱਸਿਆ ਕਿ 23 ਦਸੰਬਰ, 2023 ਨੂੰ ਥਾਣਾ ਮਾਡਲ ਟਾਊਨ ਦੇ ਰਹਿਣ ਵਾਲੇ ਧਰਮਜੀਤ ਸਿੰਘ ਦੇ ਬਿਆਨਾਂ 'ਤੇ ਧੋਖਾਦੇਹੀ ਦਾ ਮਾਮਲਾ ਦਰਜ ਕੀਤਾ ਗਿਆ ਸੀ, ਜਿਸ 'ਚ ਧਰਮਜੀਤ ਸਿੰਘ ਨੇ ਦੱਸਿਆ ਸੀ ਕਿ ਉਸ ਦਾ ਇਕ ਪਲਾਟ ਨੰਬਰ-112, ਰਕਬਾ 200 ਵਰਗ ਗਜ, ਸੁਨੀਲ ਪਾਰਕ, ਬਾੜੇਵਾਲ ਰੋਡ 'ਤੇ ਹੈ। ਇਹ ਪਲਾਟ ਪ੍ਰਾਪਰਟੀ ਡੀਲਰ ਤਰਨਜੀਤ ਸਿੰਘ ਚਾਵਲਾ ਨੇ ਰਮਨਦੀਪ ਸਿੰਘ ਅਤੇ ਲਖਵਿੰਦਰ ਸਿੰਘ ਦੀ ਮਿਲੀ-ਭੁਗਤ ਨਾਲ ਜਾਅਲੀ ਦਸਤਾਵੇਜ ਬਣਾ ਕੇ ਸੰਜੇ ਕੁਮਾਰ ਅਤੇ ਉਸ ਦੀ ਪਤਨੀ ਤਰੁਣਾ ਨੂੰ ਵੇਚ ਦਿੱਤਾ ਸੀ। ਫਿਰ ਮੁਲਜਮਾਂ ਨੇ ਉਸ ਪਲਾਟ 'ਤੇ ਕਬਜਾ ਕਰਨ ਦੀ ਕੋਸ?ਿਸ ਕੀਤੀ। ਪੁਲਸ ਦਾ ਕਹਿਣਾ ਹੈ ਕਿ ਦੋਸੀਆਂ ਖ?ਿਲਾਫ ਮਾਮਲਾ ਦਰਜ ਕਰ ਕੇ ਜਾਂਚ ਸੁਰੂ ਕਰ ਦਿੱਤੀ ਹੈ

## ਕਾਰ ਤੇ ਬੁਲੇਟ ਮੋਟਰਸਾਈਕਲ ਦੀ ਜਬਰਦਸਤ ਟੱਕਰ, ਦੀ ਪੜ੍ਹਾਈ ਕਰ ਰਹੇ ਵਿਦਿਆਰਥੀ ਦੀ ਦਰਦਨਾਕ ਮੌਤ

ਗੋਰਾਇਆ 27 ਜੂਨ। ਗੋਰਾਇਆ ਵਿਖੇ ਤੇਜ ਰਫਤਾਰ ਕਾਰ ਦਾ ਕਹਿਰ ਵੇਖਣ ਨੂੰ ਮਿਲਿਆ, ਜਿਸ ਨੇ ਆਪਣੀ ਲਪੇਟ 'ਚ ਬੁਲੇਟ ਮੋਟਰਸਾਈਕਲ 'ਤੇ ਜਾ ਰਹੇ ਜਲੰਧਰ ਫਗਵਾੜਾ ਹਾਈਵੇਅ 'ਤੇ ਬਣੀ ਇਕ ਨਿੱਜੀ ਯੂਨੀਵਰਸਿਟੀ 'ਚ ਲਾਅ ਦੀ ਪੜ੍ਹਾਈ ਕਰ ਰਹੇ ਵਿਦਿਆਰਥੀ ਨੂੰ ਲੈ ਲਿਆ। ਜਿਸ ਨਾਲ ਮੋਟਰਸਾਈਕਲ ਸਵਾਰ ਵਿਦਿਆਰਥੀ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮੌਕੇ 'ਤੇ ਮੌਜੂਦ ਲੋਕਾਂ ਨੇ ਦੱਸਿਆ ਇਕ ਪਟਿਆਲਾ ਨੰਬਰ ਸਵਿੱਫਟ ਕਾਰ ਗੁਰਦਾਸਪੁਰ ਤੋਂ ਪਟਿਆਲਾ ਜਾ ਰਹੀ ਸੀ। ਜਦੋਂ ਗੋਰਾਇਆ ਦੇ ਮਾਹਲਾ ਪਿੰਡ ਦੇ ਗੇਟ ਨੇੜੇ ਨੈਸਨਲ ਹਾਈਵੇਅ 44 ਦਾ ਪੁਲ ਉਤਰ ਰਹੀ ਸੀ ਤਾਂ ਤੇਜ ਰਫਤਾਰ ਕਾਰ ਬੇਕਾਬੂ ਹੋ ਕੇ ਬੁਲੇਟ 'ਤੇ ਜਾ ਰਹੇ ਨੌਜਵਾਨ ਨਾਲ ਜਾ ਟਕਰਾਈ। ਕਾਰ ਦੀ ਰਫਤਾਰ ਇੰਨੀ ਤੇਜ ਸੀ ਕਿ ਕਾਰ ਨੈਸਨਲ ਹਾਈਵੇਅ ਨੰ. 44 ਤੋਂ ਸਰਵਿਸ ਲੇਨ ਤੋਂ ਇਕ ਦਰੱਖਤ ਨਾਲ ਟਕਰਾਈ। ਦਰੱਖਤ ਨਾਲ ਟਕਰਾਉਣ ਤੋਂ ਬਾਅਦ ਨਾਲੇ 'ਚ ਕਾਰ ਪਲਟ ਗਈ ਅਤੇ ਕਾਰ ਪੂਰੀ ਤਰ੍ਹਾਂ ਨਾਲ ਨੁਕਸਾਨੀ ਗਈ। ਕਾਰ ਸਵਾਰ ਨੌਜਵਾਨ ਕੋਮਲ ਪੁੱਤਰ ਅਮਰਜੀਤ ਵਾਸੀ ਪਟਿਆਲਾ ਦੇ ਮਾਮੂਲੀ ਜਿਹੀ ਝਰੀਟ ਤੱਕ ਨਹੀਂ ਆਈ, ਜਦਕਿ ਬੁਲੇਟ ਸਵਾਰ ਨੌਜਵਾਨ ਦੀ ਮੌਕੇ 'ਤੇ ਹੀ ਮੌਤ ਹੋ ਗਈ। ਬੁਲੇਟ



ਮੋਟਰਸਾਈਕਲ 'ਤੇ 2 ਹੈਲਮਟ ਵੇਖੇ ਗਏ ਪਰ ਮੌਕੇ 'ਤੇ ਮੌਜੂਦ ਲੋਕਾਂ ਨੂੰ ਇਸ ਗੱਲ ਦਾ ਨਹੀਂ ਪਤਾ ਲੱਗ ਰਿਹਾ ਸੀ ਕਿ ਮੋਟਰਸਾਈਕਲ 'ਤੇ ਕਿੰਨੇ ਲੋਕ ਸਵਾਰ ਸਨ, ਕਿਉਂਕਿ 2 ਹੈਲਮਟ ਮੋਟਰਸਾਈਕਲ ਤੋਂ ਬਰਾਮਦ ਹੋਏ ਹਨ, ਜਦਕਿ ਨੌਜਵਾਨ ਇਕ ਹੀ ਮੌਕੇ 'ਤੇ ਮ੍ਰਿਤਕ ਪਿਆ ਵੇਖਿਆ ਗਿਆ। ਗੱਡੀ ਸਵਾਰ ਨੌਜਵਾਨ ਨੂੰ ਲੋਕਾਂ ਨੇ ਬਾਹਰ ਕੱਢਿਆ, ਜਿਸ ਨੂੰ ਪੁਲਸ ਹਵਾਲੇ ਕਰ ਦਿੱਤਾ ਗਿਆ। ਨੌਜਵਾਨ ਨੇ ਦੱਸਿਆ ਕਿ ਉਹ ਗੁਰਦਾਸਪੁਰ ਤੋਂ ਪਟਿਆਲਾ ਜਾ ਰਿਹਾ ਸੀ। ਨੌਜਵਾਨ ਦੇ ਕਹਿਣ ਮੁਤਾਬਕ ਕਿ ਉਹ ਕਾਰ 'ਚ ਨਾਲ ਬੈਠਾ ਸੀ। ਡਰਾਈਵਰ ਕਾਰ ਚਲਾ ਰਿਹਾ ਸੀ। ਉਸ ਨੂੰ ਨਹੀਂ ਪਤਾ ਲੱਗਾ ਕਿ ਕਾਰ ਕਿਵੇਂ ਬੇਕਾਬੂ ਹੋ ਕੇ ਹਾਦਸਾਗ੍ਰਸਤ ਹੋਈ ਹੈ, ਜਦਕਿ ਪੁਲਸ ਨੇ ਆਪਣੀ ਜਾਂਚ ਵੀ ਦੱਸਿਆ ਕਿ ਨੌਜਵਾਨ ਹੀ ਕਾਰ ਚਲਾ ਰਿਹਾ ਸੀ। ਮ੍ਰਿਤਕ ਨੌਜਵਾਨ ਦੀ ਸਨਾਖਤ 23 ਸਾਲਾ ਭਵਿਆ ਕਸਯਪ ਵਾਸੀ ਲੁਧਿਆਣਾ ਵਜੋ ਹੋਈ ਹੈ, ਜੋ ਯੂਨੀਵਰਸਿਟੀ ਤੋਂ ਵਾਪਸ ਆਪਣੇ ਘਰ ਲੁਧਿਆਣਾ ਪਰਤ ਰਿਹਾ ਸੀ, ਜੋ ਇਕੱਲਾ ਹੀ ਮੋਟਰਸਾਈਕਲ 'ਤੇ ਸੀ। ਪੁਲਸ ਨੇ ਲਾਸ ਨੂੰ ਕਬਜੇ 'ਚ ਲੈ ਕੇ ਸਿਵਲ ਹਸਪਤਾਲ ਫਿਲੌਰ 'ਚ ਪੋਸਟਮਾਰਟਮ ਲਈ ਰੱਖ ਦਿੱਤਾ ਹੈ।

## ਫਿਸ਼ ਫਾਰਮਿੰਗ ਪਲਾਂਟ ਲਗਾਉਣ 'ਤੇ 16.99 ਲੱਖ ਦੀ ਠੱਗੀ, ਗੁਜਰਾਤ ਦੀ ਕੰਪਨੀ ਦੇ 4 ਅਧਿਕਾਰੀਆਂ ਖ?ਿਲਾਫ ਪਰਚਾ ਦਰਜ

ਗੁਰਦਾਸਪੁਰ 27 ਜੂਨ। ਥਾਣਾ ਭੈਣੀ ਮੀਆਂ ਖਾਂ ਦੀ ਪੁਲਸ ਨੇ ਇਕ ਸ਼ਿਕਾਇਤ ਦੀ ਜਾਂਚ ਦੇ ਬਾਅਦ ਸਿਟੀ ਸਮਾਰਟ ਐਗਰੋ ਹੱਬ ਪ੍ਰਾਈਵੇਟ ਲਿਮਿਟਡ ਨਵਸਾਰੀ ਗੁਜਰਾਤ ਦੇ 4 ਅਧਿਕਾਰੀਆਂ ਖਿਲਾਫ ਫਿਸ਼ ਫਾਰਮਿੰਗ ਪਲਾਂਟ ਲਗਾ ਕੇ ਦੇਣ ਦੀ ਆੜ ਹੇਠ ਧੋਖਾਧੜੀ ਕਰਨ ਦਾ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਰਾਜਵੀਰ ਕੌਰ ਪਤਨੀ ਅੰਮ੍ਰਿਤਪਾਲ ਸਿੰਘ ਵਾਸੀ ਨਾਨੋਵਾਲ ਜੀਂਦੜ ਨੇ ਕਿਹਾ ਕਿ ਸਿਟੀ ਸਮਾਰਟ ਐਗਰੋ ਹੱਬ ਗੁਜਰਾਤ ਦੇ ਉਤਰੀ ਭਾਰਤ ਦੇ ਮੈਨੇਜਿੰਗ ਡਾਇਰੈਕਟਰ ਪਿਯੂਸ਼ ਕੇਹਰ, ਕਪਲਨਾ ਬਹੇਨ ਰਾਠੋੜ, ਅਨਿਲ ਸ਼ਿਵਾਕਰ ਚੀਫ ਬਿਜਨਸ ਡਿਵੈਲਪਮੈਂਟ ਅਫਸਰ ਅਤੇ ਜਗਦੀਪ ਸਿੰਘ ਸਲਾਰੀਆ ਜਨਰਲ ਮੈਨੇਜਰ ਨੇ ਉਸ ਕੋਲੋਂ ਰੀਸਾਈਕਲਿੰਗ ਐਕੂਆਕਲਚਲਰ ਸਿਸਟਮ ਫਿਸ਼ ਫਾਰਮਿੰਗ ਪਲਾਂਟ ਲਗਾਉਣ ਲਈ 16 ਲੱਖ 99 ਹਜਾਰ ਰੁਪਏ ਲੈ ਲਏ, ਪਰ ਪਾਂ ਤਾਂ ਉਸ ਨੂੰ ਪਲਾਂਟ ਲਗਾ ਕੇ ਦਿੱਤਾ ਅਤੇ ਨਾ ਹੀ ਉਸ ਦੇ ਪੈਸੇ ਵਾਪਸ ਕੀਤੇ ਹਨ। ਇਸ ਸ਼ਿਕਾਇਜ ਦੀ ਜਾਂਚ ਦੇ ਬਾਅਦ ਪੁਲਿਸ ਨੇ ਉਕਤ ਚਾਰਾਂ ਖ?ਿਲਾਫ ਪਰਚਾ ਦਰਜ ਕੀਤਾ ਹੈ।

# ਤਲਾਕ ਬਦਲੇ ਸਹੁਰਾ ਪਰਿਵਾਰ ਕਰ ਰਿਹਾ ਸੀ ਪੈਸਿਆਂ ਦੀ ਮੰਗ, ਤੰਗ ਆ ਕੇ ਨੌਜਵਾਨ ਨੇ ਕੀਤੀ ਜੀਵਨਲੀਲਾ ਸਮਾਪਤ

ਖੰਨਾ 27 ਜੂਨ। ਖੰਨਾ ਦੇ ਨਵੀਂ ਆਬਾਦੀ ਇਲਾਕੇ ਤੋਂ ਇਕ ਦੁਖਦਾਈ ਖਬਰ ਸਾਹਮਣੇ ਆ ਰਹੀ ਹੈ, ਜਿੱਥੇ ਸਹੁਰੇ ਪਰਿਵਾਰ ਤੋਂ ਤੰਗ ਆ ਕੇ ਇਕ ਨੌਜਵਾਨ ਨੇ ਜਹਿਰੀਲਾ ਪਦਾਰਥ ਨਿਗਲ ਲਿਆ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਮ੍ਰਿਤਕ ਕਰਨਵੀਰ ਦਾ ਆਪਣੀ ਪਤਨੀ ਨਾਲ ਤਲਾਕ ਦਾ ਕੇਸ ਚੱਲ ਰਿਹਾ ਸੀ। ਉਸ ਦਾ ਸਹੁਰਾ ਪਰਿਵਾਰ ਫੈਸਲੇ ਬਦਲੇ ਪੈਸਿਆਂ ਦੀ ਮੰਗ ਕਰ ਰਿਹਾ ਸੀ, ਜਿਸ ਕਾਰਨ ਉਹ ਕਾਫੀ ਸਮੇਂ ਤੋਂ ਪ੍ਰੇਸਾਨ ਚੱਲ ਰਿਹਾ ਸੀ। ਮ੍ਰਿਤਕ ਦੇ ਪਿਤਾ ਰਾਜ ਕੁਮਾਰ ਨੇ ਦੱਸਿਆ ਕਿ ਉਸ ਦੇ ਲੜਕੇ ਕਰਨਵੀਰ ਦਾ ਵਿਆਹ 2018 ਵਿਚ ਅਮਨਪ੍ਰੀਤ ਕੌਰ ਨਾਲ ਹੋਇਆ ਸੀ। 2019 ਵਿਚ ਉਨ੍ਹਾਂ ਦੇ ਘਰ ਬੇਟੀ ਨੇ ਜਨਮ ਲਿਆ। ਕੁਝ ਸਮੇਂ ਬਾਅਦ ਪੜ੍ਹਾਈ ਦਾ ਬਹਾਨਾ ਲਾ ਕੇ ਅਮਨਪ੍ਰੀਤ ਕੌਰ ਆਪਣੇ ਨਾਨਕੇ ਪਿੰਡ ਖੁੱਡਾ ਲੁਹਾਰਾ (ਚੰਡੀਗੜ੍ਹ) ਚਲੀ ਗਈ। ਜਦੋਂ ਕਰਨਵੀਰ ਪਤਨੀ ਨੂੰ ਲੈਣ ਗਿਆ ਤਾਂ ਸਹੁਰੇ ਵਾਲਿਆਂ



ਨੇ ਲੜਕੀ ਨੂੰ ਭੇਜਣ ਤੋਂ ਇਨਕਾਰ ਕਰ ਦਿੱਤਾ। ਚੰਡੀਗੜ੍ਹ ਵੂਮੈਨ ਸੈੱਲ ਵਿਚ ਕੇਸ ਲਾਇਆ ਗਿਆ। ਅਦਾਲਤ ਵਿਚ ਵੀ ਕੇਸ ਦਾਇਰ ਕੀਤਾ ਗਿਆ ਸੀ। ਰਾਜ ਕੁਮਾਰ ਨੇ ਆਪਣੇ ਬਿਆਨਾਂ ਵਿਚ ਦੋਸ ਲਾਇਆ ਹੈ ਕਿ ਉਸ ਦਾ ਲੜਕਾ ਕਰਨਵੀਰ ਪ੍ਰੇਸਾਨ ਰਹਿੰਦਾ ਸੀ। ਜਦੋਂ ਉਸ ਨੇ ਆਪਣੇ ਪੁੱਤਰ ਤੋਂ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਉਸ ਦਾ ਸਹੁਰਾ ਪਰਿਵਾਰ ਤਲਾਕ ਲਈ ਜ?ਿਆਦਾ ਪੈਸੇ ਮੰਗ ਰਿਹਾ ਹੈ। ਉਹ ਪੈਸੇ ਦੇਣ ਤੋਂ ਅਸਮਰੱਥ ਹੈ। ਉਸ ਦੇ ਸਹੁਰੇ ਵਾਲੇ ਉਸ ਨੂੰ ਤੰਗ-ਪ੍ਰੇਸਾਨ ਕਰ ਰਹੇ ਹਨ। ਰਾਜ ਕੁਮਾਰ ਨੇ ਦੱਸਿਆ ਕਿ ਇਸੇ ਕਾਰਨ ਉਸ ਦੇ ਲੜਕੇ ਨੇ ਘਰ ਵਿਚ ਪਿਆ ਜਹਿਰੀਲਾ ਪਦਾਰਥ ਨਿਗਲ ਲਿਆ ਤੇ ਉਸ ਦੀ ਮੌਤ ਹੋ ਗਈ। ਏ .ਐੱਸ .ਆਈ . ਮੁਖਤਿਆਰ ਸਿੰਘ ਨੇ ਦੱਸਿਆ ਕਿ ਮ੍ਰਿਤਕ ਕਰਨਵੀਰ ਦੀ ਪਤਨੀ ਅਮਨਪ੍ਰੀਤ ਕੌਰ, ਸਹੁਰੇ ਬਲਵਿੰਦਰ ਸਿੰਘ ਅਤੇ ਸੱਸ ਖ?ਿਲਾਫ ਥਾਣਾ ਸਿਟੀ ਵਿਚ ਕੇਸ ਦਰਜ ਕੀਤਾ ਗਿਆ ਹੈ।

## ਸਹਿਕਾਰੀ ਸਭਾ ਦੇ ਮੁਲਾਜਮ 'ਤੇ ਲੱਗੇ ਕਰੋੜਾਂ ਰੁਪਏ ਗਬਨ ਦੇ ਦੋਸ਼

ਫਿਰੋਜ਼ਪੁਰ 27 ਜੂਨ। ਸਹਿਕਾਰੀ ਸਭਾਵਾਂ ਵਿਭਾਗ ਨੇ ਆਪਣੇ ਇੱਕ ਮੁਲਾਜਮ ਦੇ ਖ?ਿਲਾਫ ਪੁਲਸ ਨੂੰ ਗਬਨ ਦੀ ਸ਼ਿਕਾਇਤ ਦਿੰਦੇ ਹੋਏ ਪਰਚਾ ਦਰਜ ਕਰਵਾਇਆ ਹੈ। ਥਾਣਾ ਮੱਲਾਂਵਾਲਾ ਦੇ ਏ. ਐੱਸ. ਆਈ. ਦਰਸ਼ਨ ਸਿੰਘ ਦੇ ਅਨੁਸਾਰ ਸਹਿਕਾਰੀ ਸਭਾਵਾਂ ਵਿਭਾਗ ਦੇ ਅਧਿਕਾਰੀ ਨੇ ਦਸੰਬਰ 2022 ਵਿਚ ਜ?ਿਲ੍ਹਾ ਪੁਲਸ ਨੂੰ ਲਿਖਤੀ ਸ਼ਿਕਾਇਤ ਦੇ ਦੱਸਿਆ ਸੀ ਕਿ ਵਿਭਾਗ ਦੇ ਅਧੀਨ ਦੀ ਬੰਨਵਾਲੀ ਸਹਿਕਾਰੀ ਖੇਤੀਬਾੜੀ ਸਭਾ ਵਿਚ ਤਾਇਨਾਤ ਰਹੇ ਸਕੱਤਰ ਸੁਰਿੰਦਰ ਸਿੰਘ ਵਾਸੀ ਸੋਢੇਵਾਲਾ ਨੇ ਆਪਣੀ ਸਰਵਿਸ ਦੇ ਦੌਰਾਨ 30 ਲੱਖ 60 ਹਜ਼ਾਰ 224 ਰੁਪਏ ਦਾ ਸਟਾਕ ਖੁਰਦ-ਬੁਰਦ ਕਰ ਦਿੱਤਾ। ਇਸ ਦੀ ਵਿਭਾਗੀ ਜਾਂਚ ਸ਼ੁਰੂ ਕੀਤੀ ਗਈ ਤਾਂ ਸਾਹਮਣੇ ਆਇਆ ਕਿ ਦੋਸ਼ੀ ਨੇ ਸਿਰਫ ਸਟਾਕ ਹੀ ਨਹੀਂ, ਸਗੋਂ ਸੁਸਾਇਟੀ ਦੇ 35 ਮੈਂਬਰ ਕਿਸਾਨਾਂ ਵੱਲੋਂ ਜਮ੍ਹਾਂ ਕਰਵਾਈ ਗਈ 1 ਕਰੋੜ 37 ਲੱਖ 24 ਹਜ਼ਾਰ 780 ਰੁਪਏ ਦੀ ਰਾਸ਼ੀ ਵੀ ਹੜੱਪ ਕਰ ਲਈ ਹੈ। ਇਸ ਸਬੰਧੀ ਸਭਾ ਦੇ ਰਿਕਾਰਡ ਵਿਚ ਕੋਈ ਐਂਟਰੀ ਨਹੀਂ ਪਾਈ ਗਈ। ਏ. ਐੱਸ. ਆਈ. ਨੇ ਦੱਸਿਆ ਕਿ ਸ਼ਿਕਾਇਤ ਦੀ ਜਾਂਚ ਵਿਚ ਦੋਸ਼ ਸਹੀ ਪਾਏ ਜਾਣ 'ਤੇ ਸੁਰਿੰਦਰ ਸਿੰਘ ਦੇ ਖ?ਿਲਾਫ ਪਰਚਾ ਦਰਜ ਕਰ ਲਿਆ ਗਿਆ ਹੈ ਅਤੇ ਅਗਲੀ ਕਾਰਵਾਈ ਅਮਲ ਵਿਚ ਲਿਆਂਦੀ ਜਾ ਰਹੀ ਹੈ।

# ਐਕਸਾਈਜ ਵਿਭਾਗ ਵਲੋਂ ਛਾਪੇਮਾਰੀ ਦੌਰਾਨ 25 ਬੋਤਲਾਂ ਨਾਜਾਇਜ ਦੇਸੀ ਸਰਾਬ ਤੇ ਭੱਠੀ ਦਾ ਸਾਮਾਨ ਬਰਾਮਦ

ਬਟਾਲਾ/ਨੌਸਹਿਰਾ ਮੱਝਾ ਸਿੰਘ 27 ਜੂਨ। ਸਰਕਾਰ ਦੀਆਂ ਹਦਾਇਤਾਂ 'ਤੇ ਐਕਸਾਈਜ ਵਿਭਾਗ ਤੇ ਆਰ.ਕੇ. ਇੰਟਰਪ੍ਰਾਈਜਜ ਦੀ ਰੇਡ ਪਾਰਟੀ ਟੀਮ ਵਲੋਂ ਸਰਕਲ ਬਟਾਲਾ ਤੇ ਸਰਕਲ ਰੰਗੜ ਨੰਗਲ ਦੇ ਪਿੰਡਾਂ 'ਚ ਚਲਾਏ ਜਾ ਰਹੇ ਸਰਚ ਅਭਿਆਨ ਤਹਿਤ 25 ਬੋਤਲਾਂ ਦੇਸੀ ਨਾਜਾਇਜ ਸਰਾਬ ਤੇ ਭੱਠੀ ਦਾ ਸਾਮਾਨ ਬਰਾਮਦ ਕੀਤਾ ਗਿਆ। ਐਕਸਾਈਜ ਇੰਸਪੈਕਟਰ ਅਮਰੀਕ ਸਿੰਘ ਨੇ ਦੱਸਿਆ ਕਿ ਵੱਧ ਰਹੇ ਨਸ?ਿਆਂ ਦੇ ਕਾਰੋਬਾਰ ਨੂੰ ਠੱਲ੍ਹ ਪਾਉਣ ਲਈ ਜ?ਿਲ੍ਹਾ ਸਹਾਇਕ ਐਕਸਾਈਜ ਕਮਿਸਨਰ ਹਨੂਵੰਤ ਸਿੰਘ ਦੇ ਹੁਕਮਾਂ ਸਦਕਾ ਈ.ਟੀ.ਓ. ਐਕਸਾਈਜ ਅਮਨਬੀਰ ਸਿੰਘ, ਐਕਸਾਈਜ ਇੰਸਪੈਕਟਰ ਬਿਕਰਮਜੀਤ ਸਿੰਘ ਭੁੱਲਰ, ਐਕਸਾਈਜ ਪੁਲਸ ਸਟਾਫ ਇੰਚਾਰਜ ਖੁਸਵੰਤ ਸਿੰਘ, ਹੌਲਦਾਰ ਨਰਿੰਦਰ, ਹੌਲਦਾਰ ਗਗਨ, ਆਰ.ਕੇ. ਇੰਟਰਪ੍ਰਾਈਜਜ ਦੇ ਬਟਾਲਾ ਇੰਚਾਰਜ ਪਰਮਜੀਤ ਰਿਆਲੀ, ਸਰਕਲ ਇੰਚਾਰਜ ਗੁੱਲੂ



ਮਰੜ 'ਤੇ ਅਧਾਰਿਤ ਰੇਡ ਪਾਰਟੀ ਟੀਮ ਵਲੋਂ ਵੱਖ-ਵੱਖ ਪਿੰਡਾਂ ਰੰਗੜ-ਨੰਗਲ, ਚਾਹਲ ਕਲਾਂ, ਨੱਥੂ ਖੈਰਾ, ਸੰਦਲਪੁਰ, ਅੱਚਲ ਸਾਹਿਬ, ਨੱਤ, ਪੁਰੀਆ, ਮਿਸਰਪੁਰ 'ਚ ਸਰਚ ਅਭਿਆਨ ਤੇਜੀ ਨਾਲ ਚਲਾਇਆ ਜਾ ਰਿਹਾ ਸੀ। ਗੁਪਤ ਸੂਚਨਾ ਦੇ ਅਧਾਰ 'ਤੇ ਰੇਡ ਪਾਰਟੀ ਟੀਮ ਵਲੋਂ ਪਿੰਡ ਸੰਦਲਪੁਰ ਦੀ ਡਰੇਨ 'ਚ ਲੁਕਾ ਕੇ ਰੱਖੀ ਹੋਈ ਪੈਪਸੀ ਦੀਆਂ ਬੋਤਲਾਂ 'ਚ ਬੰਦ 25 ਬੋਤਲਾਂ ਦੇਸੀ ਨਾਜਾਇਜ ਸਰਾਬ ਤੇ ਭੱਠੀ ਦਾ ਸਾਮਾਨ ਬਰਾਮਦ ਕੀਤਾ ਗਿਆ। ਫੜੀ ਗਈ ਨਾਜਾਇਜ ਸਰਾਬ ਨੂੰ ਬਾਅਦ ਵਿਚ ਐਕਸਾਈਜ ਵਿਭਾਗ ਵੱਲੋਂ ਨਸਟ ਕਰ ਦਿੱਤਾ ਗਿਆ। ਇਸ ਮੌਕੇ ਕਾਲਾ, ਰਾਜਬੀਰ, ਪੱਪੂ, ਹੈਪੀ, ਅਮਰਜੀਤ ਸਿੰਘ ਖੰਡੋ, ਲਵ, ਮੰਗਾ, ਦੇਬਾ, ਮੰਨਾ ਆਦਿ ਹਾਜਰ ਸਨ।

# ਪੰਜਾਬ ਸਰਕਾਰ ਦੀਆਂ ਹਦਾਇਤਾਂ ਤੇ ਕ੍ਰਿਸ਼ਨ ਕੁਮਾਰ ਦੀ ਸੁਚੱਜੀ ਅਗਵਾਈ ਸਦਕਾ ਬੰਪਰ ਫਸਲ ਪੈਦਾ ਕਰਨ ਲੱਗੇ ਖੇਤ

ਬੁਢਲਾਡਾ 27 ਜੂਨ। ਨਹਿਰਾਂ ਪਾਣੀ ਨਾਲ ਨੱਕੋ-ਨੱਕ ਭਰੀਆਂ ਹਨ। ਸਿੰਚਾਈ ਲਈ ਵਾਧੂ ਪਾਣੀ ਹੋ ਗਿਆ ਹੈ। ਪੰਜਾਬ ਖਾਸ ਕਰਕੇ ਮਾਲਵਾ ਖੇਤਰ ਵਿੱਚ ਜਿੱਥੇ ਇਨੀ ਦਿਨੀ ਬਿਜਲੀ ਦੇ ਕੱਟ ਲੱਗਣ ਨਾਲ ਖੇਤੀ ਪਾਣੀ ਦਾ ਸੰਕਟ ਖੜ੍ਹਾ ਹੋ ਜਾਂਦਾ ਸੀ। ਇਸ ਵਾਰ ਨਹਿਰਾਂ, ਨਾਲੇ, ਰਜਬਾਹੇ ਪਾਣੀ ਨਾਲ ਗੁਲਜਾਰ ਹਨ। ਨਹਿਰਾਂ ਤੋਂ ਇਲਾਵਾ ਕੱਸ਼ੀਆਂ, ਸੂਏ ਵੀ ਖੇਤੀ ਪਾਣੀ ਦੇ ਰਹੇ ਹਨ। ਨਹਿਰੀ ਵਿਭਾਗ ਦੇ ਕ੍ਰਿਸ਼ਨ ਕੁਮਾਰ ਦੀ ਅਗਵਾਈ ਵਿੱਚ ਨਹਿਰਾਂ ਵਿੱਚ ਪਾਣੀ ਦਾ ਸੁਚੱਜਾ ਪ੍ਰਬੰਧ ਉਸ ਦੀ ਦੇਖ-ਰੇਖ, ਕਿਸਾਨਾਂ ਨੂੰ ਹਰ ਵੇਲੇ ਪਾਣੀ ਉਪਲਬਧ ਕਰਵਾਉਣਾ ਸੰਭਵ ਹੋ ਸਕਿਆ ਹੈ। ਇਸ ਨੂੰ ਲੈ ਕੇ ਪੰਜਾਬ ਦੇ ਕਿਸਾਨ ਬਾਗੋ-ਬਾਗ ਹਨ। ਕ੍ਰਿਸ਼ਨ ਕੁਮਾਰ ਦੀ ਅਗਵਾਈ ਨੂੰ ਸਰਾਹਿਆ ਜਾ ਰਿਹਾ ਹੈ। ਪਹਿਲਾਂ ਉਨ੍ਹਾਂ ਸਿੱਖਿਆ ਵਿਭਾਗ ਵਿੱਚ ਹੁੰਦੇ ਹੋਏ ਪੰਜਾਬ ਦੇ ਸਕੂਲਾਂ ਦੀ ਦਸ਼ਾ ਅਤੇ ਦਿਸ਼ਾ ਸੁਧਾਰੀ, ਹੁਣ ਖੇਤੀ ਲਈ ਉਹ ਇਨਕਲਾਬ ਲੈ ਕੇ ਆਏ ਹਨ। ਜ?ਿਲ੍ਹਾ ਯੋਜਨਾ ਬੋਰਡ ਮਾਨਸਾ ਦੇ ਚੇਅਰਮੈਨ ਚਰਨਜੀਤ ਸਿੰਘ ਅੱਕਾਂਵਾਲੀ, ਆਮ ਆਦਮੀ ਯੂਥ ਵਿੰਗ ਪੰਜਾਬ ਦੇ ਜਰਨਲ ਸਕੱਤਰ ਅਤੇ ਉੱਘੇ ਕਿਸਾਨ ਹਰਵਿੰਦਰ ਸਿੰਘ ਸੇਖੋਂ ਬੱਛੋਆਣਾ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੌਰਾਨ ਜੂਨ ਦੇ ਮਹੀਨੇ ਵਿੱਚ ਵੱਡੇ ਬਿਜਲੀ ਕੱਟ ਲੱਗਣ ਕਰਕੇ ਖੇਤੀ ਪਾਣੀ ਦਾ ਸੰਕਟ, ਝੋਨਾ ਲਵਾਈ ਵੇਲੇ ਹਾਹਾਕਾਰ, ਕਿਸਾਨਾਂ ਵਿੱਚ ਰੋਸ ਆਮ ਦੇਖਣ ਨੂੰ ਮਿਲਦਾ ਸੀ। ਇਸ ਸੀਜਨ ਵਿੱਚ ਬਿਜਲੀ ਦੀ ਘਾਟ ਕਰਕੇ ਝੋਨੇ ਦੀ ਫਸਲ ਨੂੰ ਪਾਣੀ ਹਰ ਵੇਲੇ ਨਹੀਂ ਮਿਲ ਪਾਉਂਦਾ ਸੀ। ਪਰ ਇਸ ਵਾਰ ਪੰਜਾਬ ਸਰਕਾਰ ਦੇ ਨਹਿਰੀ ਵਿਭਾਗ ਪੰਜਾਬ ਦੇ ਪ੍ਰਮੁੱਖ ਸਕੱਤਰ ਕ੍ਰਿਸ਼ਨ ਕੁਮਾਰ ਦੀ ਸੁਚੱਜੀ ਅਗਵਾਈ ਅਤੇ ਮਿਹਨਤ ਨਾਲ ਖੇਤ, ਨਹਿਰਾਂ, ਕੱਸ਼ੀਆਂ, ਸੂਏ, ਟੋਲਾਂ ਪਾਣੀ ਨਾਲ ਨੱਕੋ-ਨੱਕ ਭਰ ਦਿੱਤੀਆਂ। ਖੇਤਾਂ ਵਿੱਚ ਲਹਿਰਾਉਂਦੀ ਝੋਨੇ ਦੀ ਫਸਲ ਅਤੇ ਪਾਣੀ ਨਾਲ ਭਰੇ ਖੇਤ ਚਾਰੇ-ਪਾਸੇ ਨਜਰ ਆ ਰਹੇ ਹਨ। ਪਾਣੀ ਦਾ ਕਿਸੇ ਪਾਸੇ ਕੋਈ ਸੰਕਟ ਨਹੀਂ। ਅਜਿਹਾ ਸੁਚੱਜਾ ਪ੍ਰਬੰਧ ਪੰਜਾਬ ਕਿਸਾਨੀ ਨੂੰ ਉੱਨਤੀ ਵੱਲ ਲੈ ਕੇ ਜਾਵੇਗਾ। ਨਹਿਰੀ ਪਾਣੀ ਪੂਰੀ ਤਰ੍ਹਾਂ ਸਿੰਚਾਈ ਲਈ ਉਪਲਬਧ ਹੋਣ ਕਰਕੇ ਅਤੇ ਹੋਰ ਫਸਲਾਂ ਵੀ ਬੰਪਰ ਪੈਦਾਵਾਰ ਹੋਈਆਂ ਹਨ। ਫਸਲਾਂ ਦੇ ਝਾੜ ਵੀ ਪਹਿਲਾਂ ਨਾਲੋਂ 10 ਫੀਸਦੀ ਵੱਧ ਹੋਏ ਹਨ। ਪਿਛਲੀਆਂ ਸਰਕਾਰਾਂ ਦੌਰਾਨ ਖੇਤੀ ਲਈ ਸਮੇਂ ਸਿਰ ਪਾਣੀ ਉਪਲਬਧ ਨਾ ਹੋਣ ਕਾਰਨ, ਪਾਣੀ ਦੀ ਘਾਟ ਹੋਣ ਕਾਰਨ ਢੇਰ ਸਾਰੀਆਂ ਸਮੱਸਿਆਵਾਂ ਸਨ। ਲਾਜਮੀ ਹੈ ਕਿ ਅਜਿਹੇ ਮਾਹੌਲ ਵਿੱਚ ਕਿਸਾਨਾਂ ਦਾ ਗੁੱਸਾ ਫੁੱਟਦਾ ਸੀ। ਕਿਸਾਨਾਂ ਨੂੰ ਖੇਤੀ ਲਈ ਪਾਣੀ ਦੇਣ ਵਾਸਤੇ



ਜਨਰੇਟਰਾਂ ਤੇ ਤੇਲ ਫੂਕਣਾ ਪੈਂਦਾ ਸੀ। ਪਰ ਹੁਣ ਇਹ ਸਭ ਕੁਝ ਖਤਮ ਹੋ ਗਿਆ ਹੈ। ਇਹ ਸੰਕਟ ਬੀਤੇ ਸਮੇਂ ਦੀ ਗੱਲ ਹੋ ਗਈ ਹੈ। ਇਸ ਸਰਕਾਰ ਨੇ ਬਿਨ੍ਹਾ ਸਿਫਾਰਿਸ਼ ਤੋਂ ਕਿਸਾਨੀ ਲਈ ਹਰ ਵੇਲੇ ਪਾਣੀ ਉਪਲਬਧ ਕਰਵਾ ਕੇ ਖੇਤਾਂ ਵਿੱਚ ਨਵੇਂ ਸਾਹ ਭਰੇ ਹਨ। ਜਿਸ ਨਾਲ ਖੇਤੀ ਵਾਧੇ ਵੱਲ ਵਧੀ ਹੈ। ਚੇਅਰਮੈਨ ਸੋਹਣਾ ਸਿੰਘ ਕਲੀਪੁਰ ਅਤੇ ਪੰਜਾਬ ਦੇ ਡਾਇਰੈਕਟਰ ਗੁਰਸੇਵਕ ਸਿੰਘ ਝੁਨੀਰ ਦਾ ਕਹਿਣਾ ਹੈ ਕਿ ਪੰਜਾਬ, ਦੇਸ਼ ਖੇਤੀ ਤੇ ਨਿਰਭਰ ਹਨ। ਕਿਸੇ ਵੀ ਸੂਬੇ ਦੀ ਆਰਥਿਕਤਾ, ਉੱਥੋਂ ਦੀ ਖੇਤੀ, ਉੱਥੋਂ ਦੀ ਪੈਦਾਵਾਰ ਤੋਂ ਜਾਂਚੀ ਜਾ ਸਕਦੀ ਹੈ। ਪੰਜਾਬ ਅੰਦਰ ਸਭ ਤੋਂ ਵੱਡਾ ਖੇਤੀ ਸੰਕਟ ਪਾਣੀ ਨੂੰ ਲੈ ਕੇ ਰਿਹਾ। ਪਾਣੀ ਨੂੰ ਲੈ ਕੇ ਹੀ ਗੁਆਂਢੀ ਸੂਬੇ ਨਾਲ ਲੜਾਈਆਂ-ਝਗੜੇ ਰਹੇ ਹਨ। ਭਗਵੰਤ ਮਾਨ ਸਰਕਾਰ ਨੇ ਖੇਤੀ ਸੈਕਟਰ ਲਈ ਪਾਣੀ ਨੂੰ ਅਤਿ ਜਰੂਰ ਮੰਨਦਿਆਂ ਨਹਿਰਾਂ, ਰਜਬਾਹੇ, ਪੱਕੇ ਅਤੇ ਵੱਡੇ ਕੀਤੇ ਤਾਂ ਜੋ ਹਰ ਖੇਤ ਕਲਿਆਣ ਤੱਕ ਪਾਣੀ ਆਸਾਨੀ ਨਾਲ ਉਪਲਬਧ ਹੋ ਸਕੇ। ਇਸ ਵੇਲੇ ਪੰਜਾਬ ਦੇ ਕਿਸਾਨ ਨੂੰ ਬੇਸ਼ੱਕ ਉਹ ਕਿਸੇ ਵੀ ਕੋਨੇ ਵਿੱਚ ਹੈ। ਪਾਣੀ ਨੂੰ ਲੈ ਕੇ ਕੋਈ ਵੀ ਸੰਕਟ ਨਹੀਂ। ਜਦੋਂ ਪਾਣੀ ਥੋੜ੍ਹੀ ਮਾਤਰਾ ਵਿੱਚ ਉਪਲਬਧ ਹੋਵੇਗਾ ਤਾਂ ਲਾਜਮੀ ਹੈ ਕਿ ਖੇਤੀ ਵੀ ਮੁਸਕਰਾਏਗੀ। ਪੰਜਾਬ ਹੁਣ ਰੰਗਲਾ ਅਤੇ ਹਰਿਆਲੀ ਵਾਲਾ ਬਣ ਰਿਹਾ ਹੈ। ਫਸਲਾਂ ਦੀ ਬੰਪਰ ਪੈਦਾਵਾਰ ਅੰਨਦਾਤੇ ਕਿਸਾਨ ਅਤੇ ਸੂਬੇ ਨੂੰ ਤਰੱਕੀ ਵੱਲ ਲੈ ਕੇ ਜਾ ਰਹੀ ਹੈ। ਜਿਸ ਨਾਲ ਅੰਨਦਾਤਾ ਦੇ ਚਿਹਰੇ ਤੇ ਖੁਸ਼ੀ ਹੈ। ਉੱਘੇ ਸਮਾਜ ਸੇਵੀ ਅਤੇ ਟਰਾਂਸਪੋਰਟ ਵਿੰਗ ਜਿਲ੍ਹਾ ਮਾਨਸਾ ਦੇ ਪ੍ਰਧਾਨ ਰਮੇਸ਼ ਸ਼ਰਮਾ ਖਿਆਲਾ, ਵਪਾਰੀ ਆਗੂ ਲਛਮਣ ਦਾਸ ਬਰੇਟਾ ਨੇ ਕਿਹਾ ਕਿ ਕਿਸਾਨੀ ਲਈ ਅਨੇਕਾਂ ਸਮੱਸਿਆਵਾਂ ਨੂੰ ਲੈ ਕੇ ਪੰਜਾਬ ਦਾ ਕਿਸਾਨ ਸੰਘਰਸ਼ ਦੇ ਰਾਹ ਤੇ ਹੈ। ਕਦੇ ਨਕਲੀ ਬੀਜ, ਨਕਲੀ ਖਾਦਾਂ, ਖੇਤੀ ਲਈ ਪਾਣੀ ਦੀ ਘਾਟ, ਫਸਲਾਂ ਦਾ ਉਜਾੜਾ, ਕੁਦਰਤੀ ਮਾਰਾਂ, ਮੁਆਵਜੇ ਨਾ ਮਿਲਣ ਨੂੰ ਲੈ ਕੇ ਅਤੇ ਖੇਤੀ ਤੇ ਕੀਤੀ ਲਾਗਤ ਦੇ ਬਰਾਬਰ ਪੈਦਾਵਾਰ ਨਾ ਹੋਣ ਨੂੰ ਲੈ ਕੇ ਕਿਸਾਨ ਪ੍ਰੇਸ਼ਾਨੀ ਵਿੱਚ ਸੀ। ਲਾਗਤ ਵੱਧ ਅਤੇ ਪੈਦਾਵਾਰ ਘੱਟ ਹੋਣ ਕਰਕੇ ਕਿਸਾਨ ਆਰਥਿਕ ਸੰਕਟ ਵਿੱਚ ਘਿਰਦਾ ਜਾ ਰਿਹਾ ਸੀ। ਪਰ ਮੌਜੂਦਾ ਪੰਜਾਬ ਸਰਕਾਰ ਨੇ ਨਹਿਰੀ ਵਿਭਾਗ ਦੀਆਂ ਕਾਰਗੁਜਾਰੀਆਂ ਸੁਧਾਰ ਕੇ ਪੰਜਾਬ ਦੀ ਖੇਤੀ ਲਈ ਹਰ ਵੇਲੇ ਸਾਫ-ਸੁੱਥਰਾ ਪਾਣੀ ਨਹਿਰਾਂ, ਸੂਇਆਂ ਆਦਿ ਵਿੱਚ ਉਪਲਬਧ ਕਰਵਾ ਕੇ ਫਸਲਾਂ ਦੀ ਉਮਰ ਵਧਾਈ ਹੈ। ਫਸਲਾਂ ਵੱਡੀਆਂ ਅਤੇ ਪੈਦਾਵਾਰ ਕਰਨ ਲੱਗੀਆਂ ਹਨ। ਪਿਛਲੇ ਰਿਕਾਰਡ ਦੇਖ ਕੇ ਸਮਝਿਆ ਜਾ ਸਕਦਾ ਹੈ ਕਿ ਕਣਕ ਅਤੇ ਹੋਰ ਪੈਦਾ ਹੋਈਆਂ ਫਸਲਾਂ ਨੇ ਕਿੰਨੀ ਪੈਦਾਵਾਰ ਕੀਤੀ ਹੈ। ਇਸ ਲਈ ਪੰਜਾਬ ਅੱਜ ਖੇਤੀ ਪੱਖੋਂ ਖੁਸ਼ਹਾਲ ਦਿਖ ਰਿਹਾ ਹੈ। ਉਨ੍ਹਾਂ ਕਿਹਾ ਕਿ ਨਹਿਰੀ ਪਾਣੀ ਨਹਿਰਾਂ ਵਿੱਚ ਵਾਧੂ ਆਉਣਾ ਭਗਵੰਤ ਮਾਨ ਸਰਕਾਰ ਅਤੇ ਸਕੱਤਰ ਕ੍ਰਿਸ਼ਨ ਕੁਮਾਰ ਦੀ ਮਿਹਨਤ ਰੰਗ ਲਿਆਈ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਓਮ ਬਿਰਲਾ ਲੋਕ ਸਭਾ ਦੇ ਸਪੀਕਰ ਚੁਣੇ, ਸਦਨ 'ਚ ਮੋਦੀ ਤੇ ਰਾਹੁਲ ਨੇ ਮਿਲਾਇਆ ਹੱਥ

## ਲੋਕ ਸਭਾ ਸਪੀਕਰ ਓਮ ਬਿਰਲਾ ਨੇ ਰਾਹੁਲ ਗਾਂਧੀ ਨੂੰ ਦਿੱਤੀ ਵਿਰੋਧੀ ਧਿਰ ਦੇ ਨੇਤਾ ਵਜੋਂ ਮਾਨਤਾ

**ਨਵੀਂ ਦਿੱਲੀ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਜਪਾ ਦੇ ਸੰਸਦ ਮੈਂਬਰ ਓਮ ਬਿਰਲਾ ਨੂੰ ਅੱਜ ਜ਼ੁਬਾਨੀ ਵੋਟਾਂ ਰਾਹੀਂ ਲੋਕ ਸਭਾ ਦਾ ਸਪੀਕਰ ਚੁਣ ਲਿਆ ਗਿਆ। ਉਹ ਦੂਜੀ ਵਾਰ ਇਹ ਜ਼ਿੰਮੇਵਾਰੀ ਸੰਭਾਲ ਰਹੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਪੀਕਰ ਦੇ ਅਹੁਦੇ ਲਈ ਸ੍ਰੀ ਬਿਰਲਾ ਦੇ ਨਾਂ ਦਾ ਪ੍ਰਸਤਾਵ ਰੱਖਿਆ, ਜਿਸ ਦੀ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਤਾਈਦ ਕੀਤੀ। ਇਸ ਪ੍ਰਸਤਾਵ ਨੂੰ ਪ੍ਰੋ-ਟੈਮ ਸਪੀਕਰ (ਐਕਟਿੰਗ ਸਪੀਕਰ) ਭਰਤੂਹਰੀ ਮਹਿਤਾਬ ਵੱਲੋਂ ਸਦਨ ??ਵਿੱਚ ਵੋਟਿੰਗ ਲਈ ਰੱਖਿਆ ਗਿਆ ਸੀ ਅਤੇ ਸਦਨ ਨੇ ਇਸ ਨੂੰ ਜ਼ੁਬਾਨੀ ਵੋਟ ਰਾਹੀਂ ਪਾਸ ਕਰ ਦਿੱਤਾ ਗਿਆ। ਇਸ ਤੋਂ ਬਾਅਦ ਕਾਰਜਕਾਰੀ ਸਪੀਕਰ ਮਹਿਤਾਬ ਨੇ ਬਿਰਲਾ ਦੇ ਲੋਕ ਸਭਾ ਦਾ ਸਪੀਕਰ ਚੁਣੇ ਜਾਣ ਦਾ ਐਲਾਨ ਕੀਤਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਅਤੇ ਸੰਸਦੀ ਮਾਮਲਿਆਂ ਬਾਰੇ ਮੰਤਰੀ ਕਿਰਨ ਰਿਜਿਜੂ ਸ੍ਰੀ ਬਿਰਲਾ ਨੂੰ ਸਪੀਕਰ ਦੀ ਦੀ ਕੁਰਸੀ ਤੱਕ ਲੈ ਗਏ। ਇਸ ਤੋਂ ਪਹਿਲਾਂ ਸ੍ਰੀ ਮੋਦੀ ਤੇ ਰਾਹੁਲ ਨੇ ਹੱਥ ਮਿਲਾਇਆ, ਜਦੋਂ ਬਿਰਲਾ ਨੇ ਅਹੁਦਾ ਸੰਭਾਲਿਆ ਤਾਂ ਸ੍ਰੀ ਮੋਦੀ, ਸ੍ਰੀ ਰਾਹੁਲ ਗਾਂਧੀ ਅਤੇ ਸ੍ਰੀ ਰਿਜਿਜੂ ਨੇ ਉਨ੍ਹਾਂ ਨੂੰ ਵਧਾਈ ਦਿੱਤੀ ਅਤੇ



ਸ਼ੁਭਕਾਮਨਾਵਾਂ ਦਿੱਤੀਆਂ। ਲੋਕ ਸਭਾ ਸਪੀਕਰ ਓਮ ਬਿਰਲਾ ਨੇ ਬੁੱਧਵਾਰ ਨੂੰ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੂੰ ਸਦਨ ਵਿਚ ਵਿਰੋਧੀ ਧਿਰ ਦੇ ਨੇਤਾ ਵਜੋਂ ਅਧਿਕਾਰਤ ਰੂਪ ਨਾਲ ਮਾਨਤਾ ਦਿੱਤੀ। ਲੋਕ ਸਭਾ ਸਕੱਤਰੇਤ ਦੀ ਸੂਚਨਾ ਵਿਚ ਇਹ ਜਾਣਕਾਰੀ ਦਿੱਤੀ ਗਈ। ਰਾਹੁਲ ਦਾ ਵਿਰੋਧੀ ਧਿਰ ਦਾ ਨੇਤਾ ਦਾ ਦਰਜਾ 9 ਜੂਨ 2024 ਤੋਂ ਪ੍ਰਭਾਵੀ ਰਹੇਗਾ। ਦਰਅਸਲ ਇਸ ਦਿਨ ਹੀ ਮੋਦੀ ਸਰਕਾਰ ਨੇ ਸਹੁੰ ਚੁੱਕੀ ਸੀ। ਕਾਂਗਰਸ ਸੰਸਦੀ ਦਲ ਦੀ ਮੁਖੀ ਸੋਨੀਆ ਗਾਂਧੀ ਨੇ ਮੰਗਲਵਾਰ ਨੂੰ ਲੋਕ ਸਭਾ ਦੇ ਪ੍ਰੋਟੈਮ ਸਪੀਕਰ ਭਰਤਹਿਰੀ ਮਹਿਤਾਬ ਨੂੰ ਚਿੱਠੀ ਲਿਖ ਕੇ ਕਾਂਗਰਸ ਦੇ ਇਸ ਫ਼ੈਸਲੇ ਬਾਰੇ ਉਨ੍ਹਾਂ ਨੂੰ ਜਾਣੂ ਕਰਵਾਇਆ ਸੀ ਕਿ ਰਾਹੁਲ ਗਾਂਧੀ ਵਿਰੋਧੀ ਧਿਰ ਦੇ ਨੇਤਾ ਹੋਣਗੇ। ਦੱਸ ਦੇਈਏ ਕਿ ਓਮ ਬਿਰਲਾ ਨੂੰ ਅੱਜ ਆਵਾਜ਼ ਵੋਟ ਰਾਹੀ ਲੋਕ ਸਭਾ ਸਪੀਕਰ ਚੁਣਿਆ ਗਿਆ। ਉਹ ਲਗਾਤਾਰ ਦੂਜੀ ਵਾਰ ਇਹ ਜ਼ਿੰਮੇਵਾਰੀ ਸੰਭਾਲ ਰਹੇ ਹਨ। ਓਮ ਬਿਰਲਾ ਨੇ ਪਿਛਲੇ ਕਾਰਜਕਾਲ ਦੌਰਾਨ ਸੰਸਦ ਵਿਚ ਧਾਰਾ 370 ਨੂੰ ਖਤਮ ਕਰਨਾ, ਨਾਗਰਿਕਤਾ ਸੋਧ ਕਾਨੂੰਨ ਨੂੰ ਲਾਗੂ ਕਰਨਾ, ਤਿੰਨ ਅਪਰਾਧਿਕ ਕਾਨੂੰਨਾਂ ਨੂੰ ਲਾਗੂ ਕਰਨਾ ਸਮੇਤ ਕਈ ਮਹੱਤਵਪੂਰਨ ਵਿਧਾਨਕ ਕੰਮ ਕੀਤੇ। 62 ਸਾਲ ਦੇ ਬਿਰਲਾ ਲਈ ਕੋਟਾ ਜਨਮ ਸਥਾਨ ਅਤੇ ਕਾਰਜ ਸਥਾਨ ਰਿਹਾ ਹੈ। ਉਨ੍ਹਾਂ ਨੇ ਆਪਣੀ ਸਕੂਲੀ ਸਿੱਖਿਆ ਗੁਮਾਨਪੁਰਾ ਸਰਕਾਰੀ ਹਾਇਰ ਸੈਕੰਡਰੀ ਸਕੂਲ, ਕੋਟਾ ਤੋਂ ਕੀਤੀ ਅਤੇ ਫਿਰ ਰਾਜਸਥਾਨ ਯੂਨੀਵਰਸਿਟੀ ਤੋਂ ਬੀ.ਕਾਮ ਅਤੇ ਐਮ.ਕਾਮ ਕੀਤਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 17ਵੀਂ ਲੋਕ ਸਭਾ ਦੀ ਪਿਛਲੀ ਬੈਠਕ 'ਚ ਬਿਰਲਾ ਦੀ ਤਾਰੀਫ ਕੀਤੀ ਸੀ ਅਤੇ ਕਿਹਾ ਸੀ ਕਿ ਉਨ੍ਹਾਂ ਦੇ ਚਿਹਰੇ 'ਤੇ ਹਮੇਸ਼ਾ ਮੁਸਕਰਾਹਟ ਰਹਿੰਦੀ ਹੈ। ਅੱਜ ਵੀ ਉਨ੍ਹਾਂ ਕਿਹਾ ਕਿ ਬਿਰਲਾ ਦੀ ਮਿੱਠੀ ਮੁਸਕਰਾਹਟ ਪੂਰੇ ਸਦਨ ਨੂੰ ਖੁਸ਼ ਰੱਖਦੀ ਹੈ।

# ਦਿੱਲੀ ਸ਼ਰਾਬ ਨੀਤੀ ਮਾਮਲਾ: ਸੀਬੀਆਈ ਨੇ ਕੇਜਰੀਵਾਲ ਨੂੰ ਗ੍ਰਿਫ਼ਤਾਰ ਕੀਤਾ

**ਨਵੀਂ ਦਿੱਲੀ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀਬੀਆਈ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਆਬਕਾਰੀ ਘਪਲੇ ਮਾਮਲੇ ਵਿੱਚ ਗ੍ਰਿਫ਼ਤਾਰ ਕਰ ਲਿਆ ਹੈ। ਇਸ ਤੋਂ ਪਹਿਲਾਂ ਦਿੱਲੀ ਦੀ ਅਦਾਲਤ ਨੇ ਸੀਬੀਆਈ ਨੂੰ ਕੇਜਰੀਵਾਲ ਨੂੰ ਗ੍ਰਿਫ਼ਤਾਰ ਕਰਨ ਦੀ ਇਜਾਜ਼ਤ ਦੇ ਦਿੱਤੀ ਸੀ। ਅੱਜ ਮੁੱਖ ਮੰਤਰੀ ਨੂੰ ਤਿਹਾੜ ਜੇਲ੍ਹ ਪ੍ਰਸ਼ਾਸਨ ਨੇ ਵਿਸ਼ੇਸ਼ ਜੱਜ ਅਮਿਤਾਭ ਰਾਵਤ ਦੇ ਸਾਹਮਣੇ ਪੇਸ਼ ਕੀਤਾ, ਜਿੱਥੇ ਸੀਬੀਆਈ ਨੇ ਉਸ ਤੋਂ ਪੁੱਛ ਪੜਤਾਲ ਕਰਨ ਲਈ ਉਸ ਦੀ ਹਿਰਾਸਤ ਦੀ ਮੰਗ ਕੀਤੀ। ਸੀਬੀਆਈ ਨੇ ਮੰਗਲਵਾਰ ਸ਼ਾਮ ਨੂੰ ਤਿਹਾੜ ਜੇਲ੍ਹ ਵਿੱਚ ਆਮ ਆਦਮੀ ਪਾਰਟੀ (ਆਪ) ਦੇ ਨੇਤਾ ਤੋਂ ਪੁੱਛ ਪੜਤਾਲ ਕੀਤੀ ਸੀ।

ਦਿੱਲੀ ਦੀ ਵਿਸ਼ੇਸ਼ ਅਦਾਲਤ ਨੇ



ਆਬਕਾਰੀ ਨੀਤੀ ਘਪਲੇ ਮਾਮਲੇ ਦੇ ਦੋਸ਼ੀ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ 5 ਦਿਨਾਂ ਦੀ ਸੀ. ਬੀ. ਆਈ. ਹਿਰਾਸਤ ਦੀ ਪਟੀਸ਼ਨ 'ਤੇ ਸਬੰਧਤ ਪੱਖਾਂ ਦੀਆਂ ਦਲੀਲਾਂ ਸੁਣਨ ਮਗਰੋਂ ਆਪਣਾ ਫ਼ੈਸਲਾ ਸੁਰੱਖਿਅਤ ਰੱਖ ਲਿਆ ਹੈ। ਦਰਅਸਲ ਰਾਊਜ਼ ਐਵੇਨਿਊ ਸਥਿਤ ਵਿਸ਼ੇਸ਼ ਜੱਜ ਅਮਿਤਾਭ ਰਾਵਤ ਦੀ ਅਦਾਲਤ ਦੇ ਸਾਹਮਣੇ ਸੀ. ਬੀ. ਆਈ. ਨੇ ਕੇਜਰੀਵਾਲ ਦੀ ਹਿਰਾਸਤ ਦੀ ਗੁਹਾਰ ਲਾਈ। ਸੀ. ਬੀ. ਆਈ. ਨੇ ਅਦਾਲਤ ਤੋਂ ਕੇਜਰੀਵਾਲ ਦੀ 5 ਦਿਨਾਂ ਦੀ ਰਿਮਾਂਡ ਮੰਗੀ ਸੀ।

ਸੀ. ਬੀ. ਆਈ. ਨੇ ਤਿਹਾੜ ਜੇਲ੍ਹ ਵਿਚ ਨਿਆਂਇਕ ਹਿਰਾਸਤ 'ਚ ਬੰਦ ਕੇਜਰੀਵਾਲ ਨੂੰ ਅਦਾਲਤੀ ਹੁਕਮ 'ਤੇ ਪੁੱਛਗਿੱਛ ਮਗਰੋਂ ਮੰਗਲਵਾਰ ਨੂੰ ਗ੍ਰਿਫ਼ਤਾਰ ਕੀਤਾ ਸੀ।

# ਜ਼ਮੀਨੀ ਵਿਵਾਦ 'ਚ ਗੋਲੀਆਂ ਚੱਲਣ ਕਾਰਨ ਪਿਓ-ਪੁੱਤ ਸਣੇ 3 ਦੀ ਮੌਤ

**ਪਟਿਆਲਾ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਇਸ ਜ਼ਿਲ੍ਹੇ ਦੇ ਰਾਜਪੁਰਾ ਵਿੱਚ ਅੱਜ ਜ਼ਮੀਨੀ ਵਿਵਾਦ ਕਾਰਨ ਗੋਲੀਬਾਰੀ ਦੌਰਾਨ ਪਿਓ-ਪੁੱਤ ਸਣੇ 3 ਵਿਅਕਤੀਆਂ ਦੀ ਮੌਤ ਹੋ ਗਈ ਤੇ 2 ਜ਼ਖ਼ਮੀ ਹੋ ਗਏ। ਜ਼ਖ਼ਮੀਆਂ ਨੂੰ ਰਾਜਿੰਦਰਾ ਹਸਪਤਾਲ ਪਟਿਆਲਾ ਭੇਜ ਦਿੱਤਾ ਗਿਆ ਹੈ।



ਮ੍ਰਿਤਕਾਂ ਦੀ ਪਛਾਣ ਪਿੰਡ ਛਤਰ ਨਗਰ ਨੌਗਾਵਾ ਦੇ ਦਿਲਬਾਗ ਸਿੰਘ ਉਸ ਦੇ ਪੁੱਤਰ ਜਸਵਿੰਦਰ ਸਿੰਘ ਜੱਸੀ ਤੇ ਇਕ ਹੋਰ ਵਿਅਕਤੀ ਸਤਵਿੰਦਰ ਸਿੰਘ ਵਜੋਂ ਹੋਈ ਹੈ। ਇਹ ਗੋਲੀਬਾਰੀ ਵਾਹੀਯੋਗ ਜ਼ਮੀਨ ਦੇ ਕਬਜ਼ੇ ਨੂੰ ਲੈ ਕੇ ਦੋ ਧੜਿਆਂ ਦੇ ਝਗੜੇ ਕਾਰਨ ਹੋਈ ਹੈ। ਪੁਲੀਸ ਨੇ ਲਾਸ਼ਾਂ ਪੋਸਟਮਾਰਟਮ ਲਈ ਭੇਜ ਦਿੱਤੀਆਂ ਹਨ।

# ਚੰਡੀਗੜ੍ਹ ਦੀ ਟੀਮ ਪਹੁੰਚੀ ਫਾਜ਼ਿਲਕਾ ਹਸਪਤਾਲ: ਸਟੇਟ ਹੈਲਥ ਕੰਟਰੋਲ ਸੁਸਾਇਟੀ ਦੇ ਅਧਿਕਾਰੀਆਂ ਨੇ ਕੀਤੀ ਜਾਂਚ, ਸਹੂਲਤਾਂ ਦਾ ਜਾਇਜ਼ਾ, ਮਰੀਜ਼ਾਂ ਨਾਲ ਗੱਲਬਾਤ ਕੀਤੀ

**ਫਾਜ਼ਿਲਕਾ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਟੇਟ ਹੈਲਥ ਕੰਟਰੋਲ ਸੋਸਾਇਟੀ ਦੇ ਡਾਇਰੈਕਟਰ ਬੌਬੀ ਗੁਲਾਟੀ ਆਪਣੀ ਟੀਮ ਸਮੇਤ ਅੱਜ ਫਾਜ਼ਿਲਕਾ ਦੇ ਸਰਕਾਰੀ ਹਸਪਤਾਲ ਪਹੁੰਚੇ। ਉਨ੍ਹਾਂ ਸਰਕਾਰੀ ਹਸਪਤਾਲ ਦਾ ਨਿਰੀਖਣ ਕੀਤਾ। ਸਫਾਈ ਤੋਂ ਲੈ ਕੇ ਹਰ ਸਹੂਲਤ ਦੀ ਜਾਂਚ ਕੀਤੀ ਜਾ ਰਹੀ ਹੈ। ਟੀਮ ਨੇ ਮਰੀਜ਼ਾਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਦਾ ਵੀ ਜਾਇਜ਼ਾ ਲਿਆ। ਜਾਣਕਾਰੀ ਦਿੰਦਿਆਂ ਪੰਜਾਬ ਸਟੇਟ ਹੈਲਥ ਕੰਟਰੋਲ ਸੋਸਾਇਟੀ ਦੇ ਡਾਇਰੈਕਟਰ ਬੌਬੀ ਗੁਲਾਟੀ ਨੇ ਦੱਸਿਆ ਕਿ ਅੱਜ ਉਹ ਆਪਣੀ ਟੀਮ ਸਮੇਤ ਫਾਜ਼ਿਲਕਾ ਦੇ ਸਰਕਾਰੀ ਹਸਪਤਾਲ ਦਾ ਮੁਆਇਨਾ ਕਰਨ ਪੁੱਜੇ ਹਨ, ਜਿਸ ਵਿਚ ਹਸਪਤਾਲ ਦੀ ਆਮ ਚੈਕਿੰਗ, ਪਾਰਕਿੰਗ, ਹਰਿਆਲੀ ਦੀ ਘਾਟ, ਡਾਕਟਰਾਂ ਦੀ ਘਾਟ, ਸਿਹਤ ਸਹੂਲਤਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਜਿਸ ਦੀ ਮਰੀਜ਼ਾਂ ਨੂੰ ਲੋੜ ਹੁੰਦੀ ਹੈ ਇਹ ਪਤਾ ਲਗਾਉਣ ਲਈ ਕਿ ਇਹ ਬੱਚਿਆਂ ਨੂੰ ਦਿੱਤੀ ਜਾ ਰਹੀ ਹੈ ਜਾਂ ਨਹੀਂ।



**ਮਰੀਜ਼ਾਂ ਨਾਲ ਗੱਲਬਾਤ**

ਇਸ ਦੌਰਾਨ ਸਰਕਾਰੀ ਹਸਪਤਾਲ ਵਿੱਚ 50 ਦੇ ਕਰੀਬ ਮਰੀਜ਼ਾਂ ਦੀ ਜਾਂਚ ਕੀਤੀ ਗਈ। ਇਸ ਦੀ ਸਾਰੀ ਰਿਪੋਰਟ ਤਿਆਰ ਕਰਕੇ ਪੰਜਾਬ ਦੇ ਉੱਚ ਅਧਿਕਾਰੀਆਂ ਨੂੰ ਸੌਂਪੀ ਜਾਵੇਗੀ, ਹਾਲਾਂਕਿ ਇਸ ਦੌਰਾਨ ਸਫ਼ਾਈ ਅਤੇ ਡਾਕਟਰਾਂ ਦੀ ਘਾਟ ਮੁੱਖ ਮੁੱਦਾ ਰਿਹਾ, ਜਿਸ ਬਾਰੇ ਉਨ੍ਹਾਂ ਕਿਹਾ ਕਿ ਇਸ ਸਬੰਧੀ ਉੱਚ ਅਧਿਕਾਰੀਆਂ ਨੂੰ ਵੀ ਜਾਣੂ ਕਰਵਾਇਆ ਜਾਵੇਗਾ। ਇਸ ਤੋਂ ਬਾਅਦ ਸਰਕਾਰੀ ਹਸਪਤਾਲ ਵਿੱਚ ਆਉਣ ਵਾਲੇ ਮਰੀਜ਼ਾਂ ਦੀ ਬਾਕੀ ਰਹਿੰਦੀਆਂ ਮੁਸ਼ਕਲਾਂ ਨੂੰ ਦੂਰ ਕਰਨ ਦੇ ਉਪਰਾਲੇ ਕੀਤੇ ਜਾਣਗੇ ਤਾਂ ਜੋ ਹਸਪਤਾਲ ਵਿੱਚ ਲੋਕਾਂ ਨੂੰ ਚੰਗੀਆਂ ਸਿਹਤ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਸਕਣ। ਇਸ ਮੌਕੇ ਫਾਜ਼ਿਲਕਾ ਦੇ ਸਰਕਾਰੀ ਹਸਪਤਾਲ ਦੇ ਐਸ.ਐਮ.ਓ ਡਾ ਕਵਿਤਾ ਸਿੰਘ ਅਤੇ ਹਸਪਤਾਲ ਦਾ ਸਟਾਫ਼ ਹਾਜ਼ਰ ਸੀ।

## ਪੰਜਾਬ ਨੇ ਪਰਾਲੀ ਸਾੜਨ ਦੀ ਸਮੱਸਿਆ ਦੇ ਹੱਲ ਲਈ 500 ਕਰੋੜ ਰੁਪਏ ਦੀ ਕਾਰਜ ਯੋਜਨਾ ਉਲੀਕੀ

# ਸਾਉਣੀ ਸੀਜ਼ਨ 2024 ਦੌਰਾਨ ਫ਼ਸਲੀ ਰਹਿੰਦ-ਖੂੰਹਦ ਪ੍ਰਬੰਧਨ ਮਸ਼ੀਨਾਂ 'ਤੇ ਸਬਸਿਡੀ ਲੈਣ ਲਈ ਕਿਸਾਨਾਂ ਤੋਂ 21,000 ਤੋਂ ਵੱਧ ਅਰਜ਼ੀਆਂ ਹੋਈਆਂ ਪ੍ਰਾਪਤ: ਗੁਰਮੀਤ ਸਿੰਘ ਖੁੱਡੀਆਂ

**ਚੰਡੀਗੜ੍ਹ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਵਿੱਚ ਫ਼ਸਲੀ ਰਹਿੰਦ-ਖੂੰਹਦ ਸਾੜਨ ਦੀਆਂ ਘਟਨਾਵਾਂ ਨੂੰ ਪੂਰੀ ਤਰ੍ਹਾਂ ਨਾਲ ਰੋਕਣ ਲਈ ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਝੋਨੇ ਦੀ ਕਟਾਈ ਦੇ ਸੀਜ਼ਨ-2024 ਦੌਰਾਨ ਪਰਾਲੀ ਦੇ ਸੁਚੱਜੇ ਪ੍ਰਬੰਧਨ ਲਈ ਮਸ਼ੀਨਰੀ ਅਤੇ ਹੋਰ ਉਪਾਅ ਪ੍ਰਦਾਨ ਕਰਨ ਵਾਸਤੇ 500 ਕਰੋੜ ਰੁਪਏ ਦੀ ਕਾਰਜ ਯੋਜਨਾ ਬਣਾਈ ਗਈ ਹੈ।



ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਵਿਭਾਗ ਨੂੰ ਸਾਉਣੀ ਸੀਜ਼ਨ-2024 ਦੌਰਾਨ ਫ਼ਸਲੀ ਰਹਿੰਦ-ਖੂੰਹਦ ਪ੍ਰਬੰਧਨ (ਸੀ.ਆਰ.ਐਮ) ਮਸ਼ੀਨਾਂ 'ਤੇ ਸਬਸਿਡੀ ਪ੍ਰਾਪਤ ਕਰਨ ਦੇ ਇੱਛੁਕ ਕਿਸਾਨਾਂ, ਸਹਿਕਾਰੀ ਸੁਸਾਇਟੀਆਂ, ਐਫ.ਪੀ.ਓਜ਼ ਅਤੇ ਪੰਚਾਇਤਾਂ ਵੱਲੋਂ 21,511 ਅਰਜ਼ੀਆਂ ਪ੍ਰਾਪਤ ਹੋਈਆਂ ਹਨ ਅਤੇ ਕਿਸਾਨਾਂ ਨੇ 63,697 ਮਸ਼ੀਨਾਂ ਲਈ ਅਰਜ਼ੀਆਂ ਦਿੱਤੀਆਂ ਹਨ। ਉਨ੍ਹਾਂ ਦੱਸਿਆ ਕਿ ਵਿਅਕਤੀਗਤ ਕਿਸਾਨ ਸੀ.ਆਰ.ਐਮ. ਮਸ਼ੀਨਰੀ 'ਤੇ 50 ਫ਼ੀਸਦ ਸਬਸਿਡੀ ਲੈ ਸਕਦੇ ਹਨ, ਜਦੋਂਕਿ ਇਸ ਯੋਜਨਾ ਦੇ ਨਿਯਮਾਂ ਮੁਤਾਬਕ ਸਹਿਕਾਰੀ ਸੁਸਾਇਟੀਆਂ, ਐਫ. ਪੀ.ਓਜ਼ ਅਤੇ ਪੰਚਾਇਤਾਂ 80 ਫ਼ੀਸਦੀ ਸਬਸਿਡੀ ਲੈ ਸਕਦੀਆਂ ਹਨ। ਉਨ੍ਹਾਂ ਦੱਸਿਆ ਕਿ ਇਸ ਯੋਜਨਾ ਤਹਿਤ ਫ਼ਸਲੀ ਰਹਿੰਦ-ਖੂੰਹਦ ਦੇ ਖੇਤਾਂ ਵਿੱਚ ਨਿਪਟਾਰੇ (ਇਨ-ਸੀਟੂ) ਲਈ ਸੁਪਰ ਐਸ.ਐਮ.ਐਸ, ਸੁਪਰ ਸੀਡਰ, ਸਰਫੇਸ ਸੀਡਰ, ਸਮਾਰਟ ਸੀਡਰ, ਹੈਪੀ ਸੀਡਰ, ਪੈਡੀ ਸਟਾਰਅ ਚੌਪਰ, ਸ਼੍ਰੈਡਰ, ਮਲਚਰ, ਹਾਈਡ੍ਰੌਲਿਕ ਰੀਵਰਸੀਵਲ ਮੋਲਡ ਬੋਰਡ ਪਲੌਅ ਅਤੇ ਜ਼ੀਰੋ ਟਿੱਲ ਡਰਿੱਲ ਅਤੇ ਖੇਤਾਂ ਤੋਂ ਬਾਹਰ (ਐਕਸ-ਸੀਟੂ) ਨਿਪਟਾਰੇ ਲਈ ਬੇਲਰ ਅਤੇ ਰੇਕ ਮਸ਼ੀਨਰੀਆਂ ਸਬਸਿਡੀ 'ਤੇ ਉਪਲਬਧ ਕਰਾਈਆਂ ਜਾ ਰਹੀਆਂ ਹਨ।. ਗੁਰਮੀਤ ਨੇ ਦੱਸਿਆ ਕਿ ਸੂਬੇ ਦੇ ਕਿਸਾਨਾਂ ਨੂੰ ਸਾਲ 2018-19 ਤੋਂ 2023 ਤੱਕ ਕੁੱਲ 1,30,000 ਸੀ.ਆਰ.ਐਮ. ਮਸ਼ੀਨਾਂ ਪ੍ਰਦਾਨ ਕੀਤੀਆਂ ਗਈਆਂ ਹਨ। ਉਨ੍ਹਾਂ ਅੱਗੇ ਦੱਸਿਆ ਕਿ ਖੇਤੀਬਾੜੀ ਵਿਭਾਗ ਫ਼ਸਲੀ ਰਹਿੰਦ-ਖੂੰਹਦ ਦੇ ਪ੍ਰਬੰਧਨ ਲਈ ਉਪਲਬਧ ਤਕਨਾਲੋਜੀ ਬਾਰੇ ਕਿਸਾਨਾਂ ਨੂੰ ਜਾਣਕਾਰੀ ਅਤੇ ਸਿਖਲਾਈ ਦੇਣ ਲਈ ਸੂਚਨਾ, ਸਿੱਖਿਆ ਅਤੇ ਸੰਚਾਰ ਮੁਹਿੰਮ ਸ਼ੁਰੂ ਕਰੇਗਾ ਅਤੇ ਸੂਬਾ ਸਰਕਾਰ ਫ਼ਸਲੀ ਰਹਿੰਦ-ਖੂੰਹਦ ਸਾੜਨ ਦੀ ਸਮੱਸਿਆ ਨੂੰ ਹੱਲ ਕਰਨ ਲਈ ਹਰ ਸੰਭਵ ਯਤਨ ਕਰ ਰਹੀ ਹੈ।

ਖੇਤੀਬਾੜੀ ਮੰਤਰੀ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਪੂਰੀ ਪ੍ਰਕਿਰਿਆ ਦੌਰਾਨ ਪਾਰਦਰਸ਼ਤਾ ਨੂੰ ਯਕੀਨੀ ਬਣਾਉਣ ਅਤੇ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੇ ਨਿਰਦੇਸ਼ ਵੀ ਦਿੱਤੇ।

# ਕੇਂਦਰ ਵੱਲੋਂ ਸੂਬੇ ਦੇ ਫੰਡ ਜਾਣਬੁੱਝ ਕੇ ਰੋਕਣ ਦਾ ਮੁੱਦਾ ਲੋਕ ਸਭਾ ਵਿਚ ਜ਼ੋਰਦਾਰ ਢੰਗ ਨਾਲ ਉਠਾਇਆ ਜਾਵੇਗਾ:ਮੀਤ ਹੇਅਰ

**ਨਵੀਂ ਦਿੱਲੀ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਤੇ ਸੂਬੇ ਦੇ ਵਿੱਤੀ ਹਿੱਤਾਂ ਨੂੰ ਢਾਅ ਲਾਉਣ ਲਈ ਮਨਸੂਬੇ ਤਹਿਤ ਕੰਮ ਕਰਨ ਦਾ ਦੋਸ਼ ਲਾਉਂਦਿਆਂ ਲੋਕ ਸਭਾ ਹਲਕਾ ਸੰਗਰੂਰ ਤੋਂ ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਨੇ ਕਿਹਾ ਕਿ ਉਹ ਕੇਂਦਰ ਵੱਲੋਂ ਪੇਂਡੂ ਵਿਕਾਸ ਫੰਡ ਅਤੇ ਮੰਡੀ ਵਿਕਾਸ ਫ਼ੰਡ ਦਾ 7 ਹਜ਼ਾਰ ਕਰੋੜ ਤੇ ਕੌਮੀ ਸਿਹਤ ਮਿਸ਼ਨ, ਸਰਵ ਸਿੱਖਿਆ ਅਭਿਆਨ ਅਤੇ ਹੋਰ ਕੇਂਦਰੀ ਸਕੀਮਾ ਤਹਿਤ ਸੂਬੇ ਦੇ ਫੰਡਾਂ ਨੂੰ ਕੇਂਦਰ ਦੁਆਰਾ ਜਾਣਬੁਝ ਰੋਕਣ ਦਾ ਮੁੱਦਾ ਪਾਰਲੀਮੈਂਟ ਵਿਚ ਜ਼ੋਰਦਾਰ ਤਰੀਕੇ ਉਠਾਉਣਗੇ।

ਅੱਜ ਇਥੇ ਮੀਡੀਆ ਨਾਲ ਗੱਲਬਾਤ ਕਰਦਿਆਂ ਮੀਤ ਹੇਅਰ ਨੇ ਕਿਹਾ ਕਿ ਕੇਂਦਰ ਵੱਲੋਂ ਪੰਜਾਬ ਦੇ ਵਿੱਤੀ ਹੱਕਾਂ 'ਤੇ ਕੇਂਦਰ ਦੇ ਹੋ ਰਹੇ ਇਸ ਹਮਲੇ ਖਿਲਾਫ



ਜ਼ੋਰਦਾਰ ਆਵਾਜ਼ ਉਠਾਉਣਗੇ ਜਦੋਂ ਤੱਕ ਸੂਬੇ ਨੂੰ ਇਨਸਾਫ਼ ਨਹੀਂ ਮਿਲ ਜਾਂਦਾ।

ਲੋਕ ਸਭਾ ਦੇ ਸਪੀਕਰ ਦੀ ਚੋਣ ਨੂੰ ਲੈ ਕੇ ਪੁੱਛੇ ਇਕ ਸਵਾਲ ਦੇ ਜਵਾਬ ਵਿਚ ਮੀਤ ਹੇਅਰ ਨੇ ਕਿਹਾ ਕਿ ਭਾਰਤੀ ਲੋਕਤੰਤਰ ਵਿਚ ਰਵਾਇਤ ਰਹੀ ਹੈ ਕਿ ਲੋਕ ਸਭਾ ਵਿਚ ਸਪੀਕਰ ਸੱਤਾਧਾਰੀ ਧਿਰ ਦਾ ਰਿਹਾ ਹੈ ਜਦ ਕਿ ਡਿਪਟੀ ਸਪੀਕਰ ਹਮੇਸ਼ਾ ਵਿਰੋਧੀ ਧਿਰ ਨਾਲ ਸਬੰਧਤ ਰਿਹਾ ਹੈ ਪਰ ਭਾਜਪਾ ਇਸ ਲੋਕਤੰਤਰ ਪੱਖੀ ਰਵਾਇਤ ਨੂੰ ਤੋੜ ਰਹੀ ਹੈ। ਉਹਨਾਂ ਕਿਹਾ ਕਿ ਭਾਜਪਾ ਦੇ ਲੋਕਤੰਤਰ ਵਿਰੋਧੀ ਕਦਮ ਖਿਲਾਫ਼ ਡਟਣ ਦੀ ਭਾਵਨਾ ਨਾਲ ਵਿਰੋਧੀ ਧਿਰਾਂ ਨੇ ਸਪੀਕਰ ਦੀ ਚੋਣ ਕਰਵਾਏ ਜਾਣ ਦਾ ਫੈਸਲਾ ਲਿਆ ਹੈ। ਉਨ੍ਹਾਂ ਕਿਹਾ ਕਿ ਇਸ ਵਾਰ ਦੀ ਪਾਰਲੀਮਾਨੀ ਚੋਣ ਹੀ ਸੰਵਿਧਾਨ ਤੇ ਲੋਕਤੰਤਰ ਨੂੰ ਬਚਾਉਣ ਦੇ ਮੁੱਦੇ ਤੇ ਲੜੀ ਗਈ ਸੀ ਜਿਸ ਨੂੰ ਪੂਰੇ ਮੁਲਕ ਦੇ ਲੋਕਾਂ ਨੇ ਉਸਾਰੂ ਹੁੰਗਾਰਾ ਦਿੱਤਾ ਹੈ।

ਮੀਤ ਹੇਅਰ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਉਹਨਾਂ ਨੂੰ ਲੋਕ ਸਭਾ ਵਿਚ ਚੁਣਕੇ ਭੇਜਿਆ ਹੈ ਅਤੇ ਉਹ ਸੂਬੇ ਦੇ ਹੱਕਾਂ ਨੂੰ ਹਰ ਪੱਖੋਂ ਮਹਿਫੂਜ਼ ਰੱਖਣ ਲਈ ਕੇਂਦਰ ਦੇ ਪੰਜਾਬ ਵਿਰੋਧੀ ਹਰ ਫੈਸਲੇ ਦਾ ਜ਼ੋਰਦਾਰ ਵਿਰੋਧ ਕਰਨਗੇ।

# ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਤੋਂ ਪਾਸਆਊਟ ਹੋਣ ਵਾਲੇ ਕੈਡਿਟਾਂ ਦੀ ਯਾਦਗਾਰੀ ਮਿਲਣੀ



**ਚੰਡੀਗੜ੍ਹ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ (ਐਮ.ਆਰ.ਐਸ.ਏ.ਐਫ.ਪੀ.ਆਈ.), ਐਸ.ਏ.ਐਸ.ਨਗਰ ਵੱਲੋਂ ਆਪਣੇ ਸਾਬਕਾ ਕੈਡਿਟਾਂ ਦਾ ਅਚੀਵਰ ਐਵਾਰਡ ਨਾਲ ਸਨਮਾਨ ਕੀਤਾ ਗਿਆ। ਇਸ ਅਚੀਵਰ ਐਵਾਰਡ ਸਮਾਗਮ ਦੀ ਪ੍ਰਧਾਨਗੀ ਇਸ ਸੰਸਥਾ ਦੇ ਬਾਨੀ ਡਾਇਰੈਕਟਰ ਅਤੇ ਗਵਰਨਿੰਗ ਬਾਡੀ ਦੇ ਮੈਂਬਰ ਮੇਜਰ ਜਨਰਲ ਬੀ.ਐਸ. ਗਰੇਵਾਲ, ਵੀ.ਐਸ.ਐਮ. (ਸੇਵਾਮੁਕਤ) ਨੇ ਕੀਤੀ।

ਇਸ ਸਮਾਗਮ ਵਿੱਚ ਪ੍ਰੈਪਰੇਟਰੀ ਇੰਸਟੀਚਿਊਟ ਦੇ 43 ਸਾਬਕਾ ਵਿਦਿਆਰਥੀਆਂ ਦਾ ਅਚੀਵਰ ਐਵਾਰਡ ਨਾਲ ਸਨਮਾਨ ਕੀਤਾ ਗਿਆ, ਜਿਨ੍ਹਾਂ ਵਿੱਚੋਂ ਦਸ ਕੈਡਿਟ ਮਈ-ਜੂਨ 2024 'ਚ ਭਾਰਤੀ ਹਥਿਆਰਬੰਦ ਸੈਨਾਵਾਂ ਵਿੱਚ ਕਮਿਸ਼ਨਡ ਅਫ਼ਸਰ ਵਜੋਂ ਸ਼ਾਮਲ ਹੋਏ ਹਨ। ਇਨ੍ਹਾਂ ਤੋਂ ਇਲਾਵਾ ਨੈਸ਼ਨਲ ਡਿਫੈਂਸ ਅਕੈਡਮੀ (ਐਨ.ਡੀ.ਏ.) ਤੋਂ ਪਾਸ ਹੋਏ ਕੈਡਿਟ ਅਤੇ ਮੌਜੂਦਾ ਸਮੇਂ ਵਿੱਚ ਐਨ.ਡੀ.ਏ./ਹੋਰ ਟਰੇਨਿੰਗ ਅਕੈਡਮੀਆਂ ਵਿੱਚ ਸਿਖਲਾਈ ਲੈ ਰਹੇ ਕੈਡਿਟ ਵੀ ਸ਼ਾਮਲ ਸਨ। ਸਨਮਾਨ ਹਾਸਲ ਕਰਨ ਵਾਲੇ ਸਾਬਕਾਂ ਕੈਡਿਟਾਂ ਵਿੱਚ ਇਸ ਸੰਸਥਾ ਦੇ ਪਹਿਲੇ ਕੋਰਸ ਦੇ ਤਿੰਨ ਅਚੀਵਰ ਵੀ ਸ਼ਾਮਲ ਸਨ, ਜਿਨ੍ਹਾਂ ਨੇ ਆਪਣੀ ਡਿਊਟੀ ਤੋਂ ਛੁੱਟੀ ਲੈ ਕੇ ਵਿਸ਼ੇਸ਼ ਤੌਰ ਉਤੇ ਸਮਾਗਮ ਵਿੱਚ ਸ਼ਿਰਕਤ ਕਰਨ ਆਏ ਸਨ।

ਮੇਜਰ ਜਨਰਲ ਬੀ.ਐਸ. ਗਰੇਵਾਲ ਨੇ ਸਫ਼ਲ ਕੈਡਿਟਾਂ ਦੀ ਸ਼ਲਾਘਾ ਕਰਦਿਆਂ ਆਸ ਪ੍ਰਗਟਾਈ ਕਿ ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਭਵਿੱਖ ਵਿੱਚ ਵੀ ਕੈਡਿਟਾਂ ਨੂੰ ਟਰੇਨਿੰਗ ਸਰਵਿਸ ਅਕੈਡਮੀਆਂ ਵਿੱਚ ਉੱਤਮ ਰਹਿਣ ਲਈ ਬਿਹਤਰੀਨ ਮੰਚ ਪ੍ਰਦਾਨ ਕਰਦਾ ਰਹੇਗਾ। ਉਨ੍ਹਾਂ ਕਿਹਾ ਕਿ ਫੌਜ ਵਿਚ ਭਰਤੀ ਹੋਣਾ ਕਿਸੇ ਹੋਰ ਕਿੱਤੇ ਵਰਗਾ ਨਹੀਂ ਹੈ, ਇਹ ਉਸ ਤੋਂ ਕਿਤੇ ਵੱਧ ਹੈ ਅਤੇ ਇਸ ਲਈ ਜਨੂੰਨ ਹੋਣਾ ਚਾਹੀਦਾ ਹੈ। ਕੈਡਿਟਾਂ ਨੂੰ ਬਿਹਤਰ ਸੇਵਾਵਾਂ ਪ੍ਰਦਾਨ ਕਰਨ ਲਈ ਪ੍ਰੇਰਿਤ ਕਰਦਿਆਂ ਉਨ੍ਹਾਂ ਨੇ ਕੈਡਿਟਾਂ ਨੂੰ ਆਪਣੀ ਛੁਪੀ ਪ੍ਰਤਿਭਾ ਨੂੰ ਖੋਜਣ, ਆਪਣੀਆਂ ਕਮੀਆਂ ਨੂੰ ਦੂਰ ਕਰਨ ਅਤੇ ਇਮਾਨਦਾਰੀ ਦੇ ਉੱਚੇ ਮਾਪਦੰਡ ਸਥਾਪਤ ਕਰਨ ਲਈ ਵੀ ਕਿਹਾ। ਉਨ੍ਹਾਂ ਨੇ ਮਿਸਾਲੀ ਨਤੀਜੇ ਪ੍ਰਾਪਤ ਕਰਨ ਲਈ ਮੌਜੂਦਾ ਐਮ.ਆਰ.ਐਸ.ਏ.ਐਫ.ਪੀ.ਆਈ. ਫੈਕਲਟੀ ਵੱਲੋਂ ਕੀਤੇ ਜਾ ਰਹੇ ਯਤਨਾਂ ਦੀ ਵੀ ਸ਼ਲਾਘਾ ਕੀਤੀ। ਪ੍ਰੈਪਰੇਟਰੀ ਇੰਸਟੀਚਿਊਟ ਦੇ ਡਾਇਰੈਕਟਰ ਮੇਜਰ ਜਨਰਲ ਅਜੈ ਐਚ. ਚੌਹਾਨ, ਵੀ.ਐਸ.ਐਮ. (ਸੇਵਾਮੁਕਤ) ਨੇ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਏ.ਐਫ.ਪੀ.ਆਈ. ਨੇ ਹੁਣ ਤੱਕ 229 ਕੈਡਿਟਾਂ ਨੂੰ ਐਨ.ਡੀ.ਏ. /ਹੋਰ ਅਕੈਡਮੀਆਂ ਵਿੱਚ ਭੇਜਿਆ ਹੈ। ਉਨ੍ਹਾਂ ਕਿਹਾ ਕਿ ਐਸ.ਐਸ.ਬੀ. ਪਾਸ ਕਰਨ ਵਾਲੇ 22 ਕੈਡਿਟਾਂ ਨੂੰ ਐਨਡੀਏ ਵਿੱਚ ਸ਼ਾਮਲ ਹੋਣ ਸਬੰਧੀ ਪੱਤਰ ਮਿਲਣੇ ਸ਼ੁਰੂ ਹੋ ਗਏ ਹਨ। ਉਨ੍ਹਾਂ ਕਿਹਾ ਕਿ ਇਹ ਸੰਸਥਾ ਹਥਿਆਰਬੰਦ ਬਲਾਂ ਲਈ ਕੈਡਿਟ ਤਿਆਰ ਕਰਨ ਵਿੱਚ ਸਰਬੋਤਮ ਸੰਸਥਾ ਵਜੋਂ ਉਭਰੀ ਹੈ ਅਤੇ ਦੇਸ਼ ਭਰ ਵਿੱਚ ਇਸ ਦੇ ਨਤੀਜੇ ਸਭ ਤੋਂ ਬਿਹਤਰ ਹਨ।

# ਪੀਐਸਪੀਸੀਐਲ ਦੇ ਸੂਰਜੀ ਊਰਜਾ ਦੀ ਵਰਤੋਂ ਵੱਲ ਵਧਦੇ ਕਦਮ

## ➢ ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਨੇ ਪਟਿਆਲਾ ਵਿਖੇ ਸੱਤ ਸੋਲਰ ਟਰੀਜ਼ ਦਾ ਕੀਤਾ ਉਦਘਾਟਨ ➢ ਸੱਤ ਸੋਲਰ ਟਰੀ ਸਾਲਾਨਾ 52 ਹਜ਼ਾਰ ਯੂਨਿਟ ਪੈਦਾ ਕਰਨਗੇ : ਬਿਜਲੀ ਮੰਤਰੀ

**ਪਟਿਆਲਾ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਦੀ ਗਤੀਸ਼ੀਲ ਅਗਵਾਈ ਹੇਠ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀਐਸਪੀਸੀਐਲ) ਨੇ ਪਟਿਆਲਾ ਸ਼ਹਿਰ ਵਿੱਚ ਵੱਖ-ਵੱਖ ਸਥਾਨਾਂ 'ਤੇ 5 ਕਿਲੋਵਾਟ ਦੇ ਸੱਤ ਸੋਲਰ ਦਰੱਖਤ (ਕੁੱਲ ਸਮਰੱਥਾ 35 ਕਿਲੋਵਾਟ) ਚਾਲੂ ਕਰਨ ਦੀ ਵਿਲੱਖਣ ਪਹਿਲਕਦਮੀ ਕੀਤੀ ਹੈ।

ਇਸ ਪ੍ਰੋਜੈਕਟ ਦਾ ਅੱਜ ਉਦਘਾਟਨ ਕਰਦਿਆਂ ਬਿਜਲੀ ਮੰਤਰੀ ਸ਼੍ਰੀ ਹਰਭਜਨ ਸਿੰਘ ਈਟੀਓ ਨੇ ਕਿਹਾ ਕਿ ਸੱਤ ਸੋਲਰ ਟਰੀ (ਦਰੱਖਤ) ਵਿੱਚੋਂ, ਇੱਕ ਸੋਲਰ ਦਰੱਖਤ ਪੀਐਸਪੀਸੀਐਲ ਦੇ ਹੈੱਡ ਆਫ਼ਿਸ ਵਿੱਚ ਅਤੇ ਬਾਕੀ ਛੇ ਸੋਲਰ ਦਰੱਖਤ ਪਟਿਆਲਾ ਵਿੱਚ ਪੀਐਸਪੀਸੀਐਲ ਦੀਆਂ ਪਾਵਰ ਕਾਲੋਨੀਆਂ ਵਿੱਚ ਲਗਾਏ ਗਏ ਹਨ। ਸੋਲਰ ਦਰੱਖਤ ਨਵੀਨਤਾਕਾਰੀ ਢਾਂਚੇ ਹਨ ਜੋ ਰੁੱਖਾਂ ਵਰਗੇ ਦਿਖਾਈ ਦਿੰਦੇ ਹੋਏ ਸੂਰਜੀ ਊਰਜਾ ਦਾ ਉਪਯੋਗ ਕਰਨ ਲਈ ਡਿਜ਼ਾਈਨ ਕੀਤੇ ਗਏ ਹਨ। ਇਸ ਤੋਂ



ਇਲਾਵਾ ਪੀਐਸਪੀਸੀਐਲ ਦੀਆਂ ਇਮਾਰਤਾਂ 'ਤੇ 31 ਮੈਗਾਵਾਟ ਸੋਲਰ ਪਾਵਰ ਪ੍ਰੋਜੈਕਟਾਂ ਦੀ ਸਥਾਪਨਾ ਲਈ ਟੈਂਡਰਿੰਗ ਪ੍ਰਕਿਰਿਆ ਜਾਰੀ ਹੈ।

ਬਿਜਲੀ ਮੰਤਰੀ ਸ਼੍ਰੀ ਹਰਭਜਨ ਸਿੰਘ ਈਟੀਓ ਨੇ ਕਿਹਾ ਕਿ ਸੋਲਰ ਦਰੱਖਤ ਸਾਫ਼ ਅਤੇ ਨਵਿਆਉਣ ਯੋਗ ਊਰਜਾ ਸਰੋਤ ਪ੍ਰਦਾਨ ਕਰਦੇ ਹਨ, ਜੋ ਜੀਵਾਸ਼ਮ ਈਂਧਨ 'ਤੇ ਨਿਰਭਰਤਾ ਘਟਾਉਂਦੇ ਹਨ ਅਤੇ ਗ੍ਰੀਨ ਹਾਊਸ ਗੈਸ ਨਿਕਾਸ ਨੂੰ ਘਟਾਉਂਦੇ ਹਨ। ਉਨ੍ਹਾਂ ਕਿਹਾ ਕਿ "ਇਹ ਸੋਲਰ ਦਰੱਖਤ ਸਾਲਾਨਾ ਲਗਭਗ 52,000 ਯੂਨਿਟ ਬਿਜਲੀ ਪੈਦਾ ਕਰਨਗੇ, ਜੋ ਸਾਲਾਨਾ ਲਗਭਗ 41 ਟਨ ਕਾਰਬਨ ਡਾਈਆਕਸਾਈਡ ਨਿਕਾਸ ਨੂੰ ਬਚਾ ਸਕਦੇ ਹਨ ਜੋ ਕਿ 3®2 ਸੋਖਣ ਦੇ ਮਾਮਲੇ ਵਿੱਚ ਲਗਭਗ 1015 ਪੂਰੀ ਤਰ੍ਹਾਂ ਵਿਕਸਤ ਰੁੱਖਾਂ ਦੇ ਬਰਾਬਰ ਹੈ। ਬਿਜਲੀ ਮੰਤਰੀ ਨੇ ਕਿਹਾ ਕਿ "ਸੋਲਰ ਦਰੱਖਤ ਵਿੱਦਿਅਕ ਸਾਧਨ ਵਜੋਂ ਕੰਮ ਕਰਦੇ ਹਨ, ਜੋ ਨਵਿਆਉਣ ਯੋਗ ਊਰਜਾ ਅਤੇ ਟਿਕਾਊਪਣ ਬਾਰੇ ਜਾਗਰੂਕਤਾ ਨੂੰ ਵਧਾਉਂਦੇ ਹਨ। ਇਹਨਾਂ ਰੁੱਖਾਂ ਦਾ ਡਿਜ਼ਾਈਨ ਸੁਹਜਾਤਮਕ ਤੌਰ 'ਤੇ ਖੂਬਸੂਰਤ ਹੈ ਅਤੇ ਜਨਤਕ ਥਾਵਾਂ, ਪਾਰਕਾਂ ਅਤੇ ਇਮਾਰਤਾਂ ਦੀ ਦਿੱਖ ਨੂੰ ਵਧਾਉਂਦਾ ਹੈ, ਜੋ ਤਕਨਾਲੋਜੀ ਨੂੰ ਕੁਦਰਤ ਨਾਲ ਜੋੜਦਾ ਹੈ। ਸ੍ਰੀ ਹਰਭਜਨ ਸਿੰਘ ਈਟੀਓ ਨੇ ਇਹ ਵੀ ਕਿਹਾ ਕਿ ਸੋਲਰ ਦਰੱਖਤ ਰਵਾਇਤੀ ਸੋਲਰ ਪੈਨਲਾਂ ਦੇ ਮੁਕਾਬਲੇ ਘੱਟ ਜ਼ਮੀਨੀ ਜਗ੍ਹਾ ਲੈਂਦੇ ਹਨ, ਜੋ ਉਨ੍ਹਾਂ ਨੂੰ ਸ਼ਹਿਰੀ ਵਾਤਾਵਰਣ ਅਤੇ ਸੀਮਤ ਜਗ੍ਹਾ ਵਾਲੇ ਖੇਤਰਾਂ ਲਈ ਆਦਰਸ਼ ਬਣਾਉਂਦਾ ਹੈ। ਉੱਚੇ ਸੋਲਰ ਪੈਨਲ ਵਧੇਰੇ ਧੁੱਪ ਨੂੰ ਕੈਪਚਰ ਕਰ ਸਕਦੇ ਹਨ, ਜ਼ਮੀਨੀ ਪੱਧਰ 'ਤੇ ਮੌਜੂਦ ਪਰਛਾਵਿਆਂ ਅਤੇ ਰੁਕਾਵਟਾਂ ਤੋਂ ਬਚ ਸਕਦੇ ਹਨ।

ਉਨ੍ਹਾਂ ਅੱਗੇ ਕਿਹਾ ਕਿ ਸਮੁੱਚੇ ਤੌਰ 'ਤੇ, ਸੋਲਰ ਦਰੱਖਤ ਸੂਰਜੀ ਊਰਜਾ ਉਤਪਾਦਨ ਲਈ ਇੱਕ ਬਹੁ-ਕਾਰਜੀ ਅਤੇ ਟਿਕਾਊ ਪਹੁੰਚ ਦੀ ਨੁਮਾਇੰਦਗੀ ਕਰਦੇ ਹਨ, ਜੋ ਤਕਨਾਲੋਜੀ, ਸੁਹਜ ਅਤੇ ਵਾਤਾਵਰਣ ਸਬੰਧੀ ਲਾਭਾਂ ਨੂੰ ਜੋੜਦੇ ਹਨ। ਇਸ ਮੌਕੇ ਇੰਜ. ਬਲਦੇਵ ਸਿੰਘ ਸਰਾਂ ਸੀ ਐਮਡੀ ਪੀਐਸਪੀਸੀਐਲ, ਇੰਜ. ਡੀਪੀਐਸ ਗਰੇਵਾਲ ਡਾਇਰੈਕਟਰ ਡਿਸਟ੍ਰੀਬਿਊਸ਼ਨ, ਇੰਜ. ਪਰਮਜੀਤ ਸਿੰਘ ਡਾਇਰੈਕਟਰ ਜਨਰੇਸ਼ਨ, ਇੰਜ. ਰਵਿੰਦਰ ਸਿੰਘ ਸੈਣੀ ਡਾਇਰੈਕਟਰ ਕਮਰਸ਼ੀਅਲ, ਸੀਏ. ਐਸ ਕੇ ਬੇਰੀ ਡਾਇਰੈਕਟਰ ਫਾਈਨਾਂਸ, ਸ. ਜਸਬੀਰ ਸਿੰਘ ਸੂਰ ਸਿੰਘ ਡਾਇਰੈਕਟਰ ਐਡਮਿਨ ਵੀ ਮੌਜੂਦ ਸਨ।

# ਲੋਕ ਸਭਾ ਚੋਣਾਂ ਦੇ ਉਮੀਦਵਾਰਾਂ ਦੇ ਖਰਚਾ ਰਜਿਸਟਰ ਦਾ ਮਿਲਾਨ 30 ਜੂਨ ਨੂੰ ਕੀਤਾ ਜਾਵੇਗਾ : ਵਧੀਕ ਡਿਪਟੀ ਕਮਿਸ਼ਨਰ




**ਪਟਿਆਲਾ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਚੋਣ ਕਮਿਸ਼ਨ ਦੀ ਹਦਾਇਤਾਂ ਅਨੁਸਾਰ ਲੋਕ ਸਭਾ ਚੋਣਾਂ 2024 'ਚ ਪਟਿਆਲਾ ਹਲਕੇ ਦੇ ਉਮੀਦਵਾਰਾਂ ਦੇ ਚੋਣ ਖਰਚਾ ਰਜਿਸਟਰ ਦਾ ਮਿਲਾਨ 30 ਜੂਨ ਨੂੰ ਕੀਤਾ ਜਾਵੇਗਾ। ਇਸ ਸਬੰਧੀ ਉਮੀਦਵਾਰਾਂ ਅਤੇ ਉਨ੍ਹਾਂ ਦੇ ਨੁਮਾਇੰਦਿਆਂ ਨਾਲ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਬੈਠਕ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ (ਜ) ਮੈਡਮ ਕੰਚਨ ਨੇ ਸਮੂਹ ਉਮੀਦਵਾਰਾਂ ਨੂੰ 30 ਜੂਨ ਨੂੰ ਆਪਣੇ ਚੋਣ ਖਰਚੇ ਦਾ ਮਿਲਾਨ ਚੋਣ ਖਰਚਾ ਨਿਗਰਾਨ ਟੀਮਾਂ ਨੂੰ ਕਰਵਾਉਣ ਲਈ ਕਿਹਾ। ਇਸ ਮੌਕੇ ਚੋਣ ਤਹਿਸੀਲਦਾਰ ਵਿਜੈ ਕੁਮਾਰ ਚੌਧਰੀ ਵੀ ਮੌਜੂਦ ਸਨ। ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਚੋਣ ਅਮਲ ਮੁਕੰਮਲ ਹੋਣ ਦੇ ਇੱਕ ਮਹੀਨੇ ਦੇ ਅੰਦਰ ਅੰਦਰ ਸਾਰੇ ਉਮੀਦਵਾਰਾਂ ਵੱਲੋਂ ਆਪਣੇ ਚੋਣ ਖਰਚੇ ਦਾ ਮਿਲਾਨ ਕਰਵਾਉਣ ਲਾਜ਼ਮੀ ਹੁੰਦਾ ਹੈ। ਉਨ੍ਹਾਂ ਦੱਸਿਆ ਕਿ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਭਾਰਤ ਚੋਣ ਕਮਿਸ਼ਨ ਵੱਲੋਂ ਉਮੀਦਵਾਰ ਨੂੰ ਆਉਣ ਵਾਲੀਆਂ ਅਗਲੀਆਂ ਚੋਣਾਂ 'ਚ ਅਯੋਗ ਕਰਾਰ ਦਿੱਤਾ ਜਾ ਸਕਦਾ ਹੈ।

ਇਸ ਮੌਕੇ ਚੋਣ ਤਹਿਸੀਲਦਾਰ ਵਿਜੈ ਕੁਮਾਰ ਚੌਧਰੀ ਨੇ ਹਾਜ਼ਰੀਨ ਨੂੰ ਚੋਣ ਖਰਚਿਆਂ ਨੂੰ ਖਾਤੇ 'ਚ ਦਾਖਲ ਕਰਨ ਸਬੰਧੀ ਟਰੇਨਿੰਗ ਦਿੱਤੀ। ਉਨ੍ਹਾਂ ਦੱਸਿਆ ਕਿ ਪਹਿਲਾਂ ਤਿੰਨ ਵਾਰ 20, 25 ਅਤੇ 30 ਮਈ ਨੂੰ ਖਰਚਿਆਂ ਦਾ ਮਿਲਾਨ ਕੀਤਾ ਜਾ ਚੁੱਕਾ ਹੈ ਤੇ ਇਹ ਆਖਰੀ ਵਾਰ 30 ਜੂਨ ਨੂੰ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਉਮੀਦਵਾਰ ਨੂੰ ਖਰਚੇ ਸਬੰਧੀ ਕਿਸੇ ਵੀ ਤਰ੍ਹਾਂ ਦੀ ਕੋਈ ਸਮੱਸਿਆ ਹੈ ਤਾਂ ਉਹ 30 ਜੂਨ ਨੂੰ ਇਸ ਸਬੰਧੀ ਕਮੇਟੀ ਸਾਹਮਣੇ ਆਪਣਾ ਪੱਖ ਪੇਸ਼ ਕਰ ਸਕਦਾ ਹੈ। ਮੀਟਿੰਗ ਵਿੱਚ ਉਮੀਦਵਾਰ ਅਤੇ ਉਨ੍ਹਾਂ ਦੇ ਨੁਮਾਇੰਦਿਆਂ ਸਮੇਤ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਖਤਰਨਾਕ ਕੀਟਨਾਸ਼ਕਾਂ ਅਤੇ ਦਵਾਈਆਂ ਦੀ ਵਰਤੋਂ ਨੂੰ ਘਟਾਉਣ ਦਾ ਸਮਾਂ ਆਇਆ: ਕੁਲਤਾਰ ਸਿੰਘ ਸੰਧਵਾਂ

**ਚੰਡੀਗੜ੍ਹ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ 'ਚ ਖਤਰਨਾਕ ਕੀਟਨਾਸ਼ਕਾਂ ਅਤੇ ਦਵਾਈਆਂ ਦੀ ਵਰਤੋਂ ਨੂੰ ਘਟਾਉਣ ਦਾ ਸਮਾਂ ਆ ਗਿਆ ਹੈ, ਇਹ ਪ੍ਰਗਟਾਵਾ ਕਰਦਿਆਂ ਪੰਜਾਬ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਮਨੁੱਖੀ ਜੀਵਨ ਨੂੰ ਬਚਾਉਣ ਅਤੇ ਚੰਗੀ ਸਿਹਤ ਦੇ ਹਵਾਲੇ ਵਿੱਚ ਇਹ ਅਤੀ ਜ਼ਰੂਰੀ ਮੁੱਦਾ ਬਣ ਗਿਆ ਹੈ, ਜਿਸ ਨੂੰ ਸੁਚੱਜਾ ਢੰਗ ਤਰੀਕਾ ਅਪਣਾ ਕੇ ਹੱਲ ਕੀਤਾ ਜਾਣਾ ਲਾਜ਼ਮੀ ਹੋ ਗਿਆ ਹੈ। ਇੱਕ ਪੰਜਾਬ ਵਿਧਾਨ ਸਭਾ ਸਕੱਤਰੇਤ ਵਿਖੇ ''ਬਹੁਤ ਖਤਰਨਾਕ ਕੀਟਨਾਸ਼ਕਾਂ ਦੀ ਵਰਤੋਂ: ਮੁੱਦੇ ਅਤੇ ਚਿੰਤਾਵਾਂ" ਵਿਸ਼ੇ 'ਤੇ ਆਯੋਜਿਤ ਵਰਕਸ਼ਾਪ 'ਚ ਬਤੌਰ ਮੁੱਖ ਮਹਿਮਾਨ ਸ਼ਿਰਕਤ ਕਰਦਿਆਂ ਸ. ਸੰਧਵਾਂ ਨੇ ਕਿਹਾ ਕਿ ਪੰਜਾਬ ਨੇ ਆਜ਼ਾਦੀ ਸੰਘਰਸ਼ ਅਤੇ ਅਨਾਜ ਦੇ ਉਦਪਾਦਨ ਤੇ ਵੱਧ ਝਾੜ ਪੈਦਾ ਕਰਨ 'ਚ ਦੇਸ਼ ਦੀ ਅਗਵਾਈ ਕੀਤੀ ਹੈ ਅਤੇ ਹੁਣ ਪੰਜਾਬ ਜ਼ਹਿਰਾਂ ਅਤੇ ਕੀਟਨਾਸ਼ਕਾਂ ਦੀ ਵਰਤੋਂ ਘਟਾ ਕੇ ਕੁਆਲਿਟੀ ਅਨਾਜ ਅਤੇ ਫਸਲਾਂ ਪੈਦਾ ਕਰਨ 'ਚ ਵੀ ਮੋਹਰੀ ਸਾਬਿਤ ਹੋਵੇਗਾ। ਜੈਵਿਕ ਖੇਤੀ ਅਤੇ ਵਿਰਾਸਤੀ ਖੇਤੀ ਤਕਨੀਕਾਂ ਦੀ ਵਰਤੋਂ ਕਰਨ 'ਤੇ ਜ਼ੋਰ ਦਿੰਦਿਆਂ ਉਨ੍ਹਾਂ ਕਿਹਾ ਕਿ ਕੀਟਨਾਸ਼ਕ ਦਵਾਈਆਂ ਤੇ ਕੈਮੀਕਲਾਂ ਨਾਲ ਮਨੁੱਖੀ ਸਿਹਤ ਅਤੇ ਵਾਤਾਵਰਨ ਹੌਲੀ-ਹੌਲੀ ਖਤਰਨਾਕ ਦਿਸ਼ਾ ਵੱਲ ਜਾ ਰਿਹਾ ਹੈ ਅਤੇ ਇਸ ਬਾਰੇ ਕਿਸਾਨਾਂ, ਲੋਕਾਂ ਅਤੇ ਸਮਾਜ ਨੂੰ ਜਾਗਰੂਕ ਕੀਤੇ ਜਾਣ ਦੀ ਬੇਹੱਦ ਜ਼ਰੂਰਤ ਹੈ। ਸੰਧਵਾਂ ਨੇ ਕਿਹਾ ਕਿ ਕੀਟਨਾਸ਼ਕਾਂ ਦਵਾਈਆਂ ਦੀ ਖਪਤ ਪੰਜਾਬ ਵਿੱਚ ਘਟਾਉਣੀ ਜਾਂ ਬੰਦ ਕਰਨੀ ਸਮੇਂ ਦੀ ਮੁੱਖ ਲੋੜ ਬਣ ਚੁੱਕੀ ਹੈ। ਕੀਟਨਾਸ਼ਕ ਦਵਾਈਆਂ ਹਵਾ, ਧਰਤੀ, ਬੂਟਿਆਂ ਅਤੇ ਪਾਣੀ ਜ਼ਰੀਏ ਮਨੁੱਖ ਸਿਹਤ ਤੱਕ ਪਹੁੰਚ ਰਹੀਆਂ ਹਨ ਅਤੇ ਆਪਣਾ ਬੁਰਾ ਪ੍ਰਭਾਵ ਪਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਨਦੀਨ ਨਾਸ਼ਕ ਵੀ ਸਿਰਫ ਨਦੀਨਾਂ 'ਤੇ ਅਸਰ ਨਹੀਂ ਕਰਦੇ ਸਗੋਂ ਮਨੁੱਖਾਂ 'ਤੇ ਵੀ ਮਾੜਾ ਪ੍ਰਭਾਵ ਪਾ ਰਹੇ ਹਨ। ਇਨ੍ਹਾਂ ਮਾਰੂ ਪ੍ਰਭਾਵਾਂ ਦਾ ਸੁਨੇਹਾ ਹੇਠਲੇ ਪੱਧਰ ਤੱਕ ਕਿਸਾਨਾਂ ਅਤੇ ਲੋਕਾਂ ਤੱਕ ਪਹੁੰਚਾਉਣ ਦੀ ਲੋੜ 'ਤੇ ਜ਼ੋਰ ਦਿੰਦਿਆਂ ਉਨ੍ਹਾਂ ਕਿਹਾ ਕਿ ਪੰਜਾਬ 'ਚ ਬੈਨ ਕੀਤੀਆਂ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਨੂੰ ਹੋਰ ਸਖਤੀ ਨਾਲ ਨਜਿੱਠਿਆ ਜਾਣਾ ਜ਼ਰੂਰੀ ਬਣ ਗਿਆ ਹੈ। ਪੰਜਾਬ ਦੇ ਖੇਤੀਬਾੜੀ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਕੀਟਨਾਸ਼ਕਾਂ ਦੀ ਵਰਤੋਂ ਨਾਲ ਭਾਵੇਂ ਉਤਪਾਦਨ ਵਧਦਾ ਹੈ ਪਰ ਇਹ ਵਰਤਾਰਾ ਹੌਲੀ-ਹੌਲੀ ਮਨੁੱਖ ਦੀ ਹੋਂਦ ਲਈ ਖਤਰਾ ਵੀ ਬਣਦਾ ਜਾ ਰਿਹਾ ਹੈ।ਬੈਨ ਕੀਤੇ ਗਏ ਕੀਟਨਾਸ਼ਕਾਂ ਦੀ ਵਰਤੋਂ ਵਿਰੁੱਧ ਸਖਤੀ ਕਰਨ 'ਤੇ ਜ਼ੋਰ ਦਿੰਦਿਆਂ ਉਨ੍ਹਾਂ ਕਿਹਾ ਕਿ ਹੋਰ ਵੱਧ ਮੁਨਾਫਾ ਲੈਣ ਦੀ ਖਾਤਿਰ ਕੀਟਨਾਸ਼ਕਾ ਦੀ ਵਰਤੋਂ ਬੇਹੱਦ ਖਤਰਨਾਕ ਰੁਝਾਨ ਹੈ, ਜਿਸਤੋਂ ਸਰਕਾਰ, ਸਵੈ ਸੇਵੀ ਸੰਸਥਾਵਾਂ, ਕਿਸਾਨਾਂ ਅਤੇ ਸਮਾਜ ਦੀ ਮਦਦ ਦੇ ਨਾਲ ਨਿਜਾਤ ਪਾਉਣ ਦੀਆਂ ਕੋਸ਼ਿਸ਼ਾਂ ਲਗਾਤਾਰ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਕੀਟਨਾਸ਼ਕਾਂ ਦੀ ਵਰਤੋਂ ਘਟਾਉਣ ਜਾਂ ਬੰਦ ਕਰਨ ਸਬੰਧੀ ਹੇਠਲੇ ਪੱਧਰ ਤੱਕ ਸੰਦੇਸ਼ ਪਹੁੰਚਾਏ ਜਾਣ ਦੀ ਲੋੜ ਹੈ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਜਿਊਣ ਲਈ ਚੰਗਾ ਵਾਤਾਵਰਨ ਮਿਲ ਸਕੇ।

# ਧਰਮ ਤੇ ਵਿਰਸਾ

## ਸਾਧੋ ਮਨਿ ਕਾ ਮਾਨੁ ਤਿਆਗਉ



**ਤੀਰਥ ਸਿੰਘ ਢਿੱਲੋਂ**

ਨੌਵੇਂ ਪਾਤਸ਼ਾਹ ਗੁਰੂ ਤੇਗ਼ ਬਹਾਦਰ ਸਾਹਿਬ ਦੀ ਬਾਣੀ ਸੰਸਾਰਕ ਰਸਾਂ-ਕਸਾਂ ਦੇ ਭਰਮ ਜਾਲ ਵਿੱਚ ਫਸੇ ਮਨੁੱਖ ਨੂੰ ਇਸ ਤੋਂ ਮੁਕਤ ਕਰ ਕੇ ਉਸ ਅੰਦਰ ਪ੍ਰਭੂ ਮਿਲਾਪ ਲਈ ਵੈਰਾਗ ਦੀ ਅਨੰਤ ਧਾਰਾ ਪ੍ਰਵਾਹਿਤ ਕਰਨ ਵਾਲੀ ਬਾਣੀ ਹੈ। ਇਸ ਲਈ ਉਨ੍ਹਾਂ ਨੂੰ ਵੈਰਾਗ ਦੀ ਮੂਰਤ ਵੀ ਆਖਿਆ ਜਾਂਦਾ ਹੈ। ਸੰਸਾਰ ਦੀ ਨਾਸ਼ਮਾਨਤਾ, ਮਨੁੱਖੀ ਜੀਵਨ ਦੇ ਅਸਲ ਮਕਸਦ ਪ੍ਰਤੀ ਲਾਪ੍ਰਵਾਹੀ, ਗ਼ਫ਼ਲਤ ਤੇ ਪੰਜ ਵਿਕਾਰਾਂ ਦੀ ਗ਼ੁਲਾਮੀ ਵਿੱਚੋਂ ਉਸ ਨੂੰ ਮੁਕਤ ਕਰਨ ਦੀ ਜੁਗਤੀ ਦ੍ਰਿੜ੍ਹ ਕਰਾਉਣਾ ਨੌਵੇਂ ਪਾਤਸ਼ਾਹ ਦੀ ਬਾਣੀ ਦੇ ਵਿਸ਼ੇਸ਼ ਸਰੋਕਾਰ ਹਨ। ਉਨ੍ਹਾਂ ਨੇ ਗਾਫ਼ਿਲ ਪ੍ਰਾਣੀ ਨੂੰ ਮੋਹ-ਨਿੰਦਰਾ ਤੋਂ ਜਗਾਉਣ ਲਈ ਅਨੇਕ ਥਾਈਂ 'ਸਾਧੋ' ਸੰਬੋਧਨੀ ਸ਼ਬਦ ਵਰਤਿਆ ਹੈ। ਜਿਵੇਂ 'ਸਾਧੋ ਰਚਨਾ ਰਾਮ ਬਨਾਈ', 'ਸਾਧੋ ਗੋਵਿੰਦ ਕੇ ਗੁਨ ਗਾਵਉ' ਤੇ 'ਸਾਧੋ ਮਨ ਕਾ ਮਾਨ ਤਿਆਗਉ ਕਾਮਿ, ਕ੍ਰੋਧ, ਸੰਗਤਿ ਦੁਰਜਨ ਕੀ ਤਾਤੇ ਅਹਿਨਿਸ ਭਾਗਉ।'

ਗੁਰੂ ਤੇਗ਼ ਬਹਾਦਰ ਸਾਹਿਬ ਮਹਾਨ ਸਮਾਜ ਸੁਧਾਰਕ ਵੀ ਸਨ। ਉਨ੍ਹਾਂ ਨੇ ਸਮਾਜ ਵਿੱਚ ਪ੍ਰਚੱਲਿਤ ਰੂੜੀਆਂ, ਕੁਰੀਤੀਆਂ, ਕਰਮ ਕਾਂਡਾਂ ਤੇ ਭਰਮਾਂ ਵਿਰੁੱਧ ਲੋਕ ਚੇਤਨਾ ਲਿਆਉਣ ਦਾ ਮਹਾਨ ਉਪਰਾਲਾ ਕੀਤਾ। 'ਸਾਧੋ ਮਨ ਕਾ ਮਾਨ ਤਿਆਗਉ', ਗਉੜੀ ਰਾਗ ਦੇ ਇਸ ਸ਼ਬਦ ਰਾਹੀਂ ਉਨ੍ਹਾਂ ਨੇ ਅਨੇਕਾਂ ਸਮਾਜਿਕ ਬੁਰਾਈਆਂ ਦੇ ਖ਼ਾਤਮੇ ਦਾ ਸੁਨੇਹਾ ਦਿੱਤਾ ਹੈ। ਉਨ੍ਹਾਂ ਉਸਤਤ ਅਤੇ ਨਿੰਦਿਆ ਦਾ ਤਿਆਗ ਕਰਨ ਤੇ ਨਿਰਵਾਣ ਪਦ ਦੀ ਪ੍ਰਾਪਤੀ ਲਈ ਉੱਦਮ ਕਰਨ ਉੱਤੇ ਜ਼ੋਰ ਦਿੱਤਾ ਹੈ। ਗੁਰੂ ਸਾਹਿਬ ਅਨੁਸਾਰ ਨਿਰਵਾਣ ਪਦ ਦੀ ਪ੍ਰਾਪਤੀ ਗ੍ਰਹਿਸਥ ਮਾਰਗ ਵਿੱਚ ਰਹਿੰਦਿਆਂ ਹੀ ਹੋ ਸਕਦੀ ਹੈ ਪਰ ਇਸ ਅਵਸਥਾ ਵਿੱਚ ਵਿਚਰਨਾ, ਅਡੋਲ ਰਹਿਣਾ, ਸਮਦ੍ਰਿਸ਼ਟ ਰਹਿਣਾ ਸੁਖਾਲਾ ਨਹੀਂ ਹੈ। ਗੁਰੂ ਦੀ ਸ਼ਰਨ ਵਿੱਚ ਜਾ ਕੇ ਪੂਰਨ ਰੂਪ ਵਿੱਚ ਆਤਮ-ਸਮਰਪਣ ਕਰ ਕੇ ਹੀ ਕੋਈ ਗੁਰਮੁਖ ਇਸ ਦੀ ਪ੍ਰਾਪਤੀ ਕਰ ਕੇ ਆਪਣਾ ਜੀਵਨ ਸਫ਼ਲ ਕਰ ਸਕਦਾ ਹੈ।

ਗੁਰੂ ਤੇਗ਼ ਬਹਾਦਰ ਸਾਹਿਬ ਨੇ ਇਹ ਬਚਨ ਆਪਣੇ ਮੁਖਾਰ ਬਿੰਦ ਤੋਂ ਉਚਾਰਨ ਹੀ ਨਹੀਂ ਕੀਤੇ, ਸਗੋਂ ਆਪ ਵੀ ਇਨ੍ਹਾਂ ਉੱਤੇ ਅਮਲ ਕਰ ਕੇ ਮਹਾਨ ਮਿਸਾਲ ਕਾਇਮ ਕੀਤੀ ਹੈ। ਗੁਰੂ ਸਾਹਿਬ ਦੀ ਜਿਹੜੀ ਆਤਮਿਕ ਅਵਸਥਾ ਗੁਰਗੱਦੀ ਉੱਤੇ ਸੁਭਾਇਮਾਨ, ਸੀਸ ਉੱਤੇ ਸੇਵਕਾਂ ਵੱਲੋਂ ਚੌਰ ਝੁਲਾਉਣ ਤੇ ਸੰਗਤਾਂ ਵੱਲੋਂ ਨਤਮਸਤਕ ਹੋਣ ਸਮੇਂ ਸੀ, ਉਹੋ ਅਵਸਥਾ ਦਿੱਲੀ ਦੇ ਚਾਂਦਨੀ ਚੌਕ ਵਿੱਚ ਲੋਹੇ ਦੇ ਪਿੰਜਰੇ ਵਿੱਚ ਨਜ਼ਰਬੰਦ ਭਾਈ ਮਤੀ ਦਾਸ, ਸਤੀ ਦਾਸ ਤੇ ਭਾਈ ਦਿਆਲਾ ਜੀ ਵਰਗੇ ਸਿੱਖ ਸੇਵਕਾਂ ਦੀਆਂ ਸ਼ਹਾਦਤਾਂ ਤੇ ਆਪਣੀ ਅਜ਼ੀਮ ਸ਼ਹਾਦਤ ਸਮੇਂ ਉਨ੍ਹਾਂ ਦੀ ਆਤਮਿਕ ਅਡੋਲਤਾ, ਦੁੱਖ-ਸੁੱਖ ਵਿੱਚ ਸਮਾਨ ਰਹਿ ਕੇ ਪ੍ਰਭੂ ਚਰਨਾਂ ਨਾਲ ਜੁੜੇ ਰਹਿਣ ਤੇ ਨਿਰਭੈ ਅਵਸਥਾ ਵਿੱਚ ਵਿਚਰਨ ਵੇਲੇ ਵੀ ਸੀ। ਸੰਸਾਰ ਵਿੱਚ ਅਜਿਹੇ ਆਤਮਿਕ ਬਲ ਦੀ ਮਿਸਾਲ ਮਿਲਣੀ ਮੁਸ਼ਕਲ ਹੈ।

> ਗੁਰੂ ਸਾਹਿਬ ਦੀ ਜਿਹੜੀ ਆਤਮਿਕ ਅਵਸਥਾ ਗੁਰਗੱਦੀ ਉੱਤੇ ਸੁਭਾਇਮਾਨ, ਸੀਸ ਉੱਤੇ ਸੇਵਕਾਂ ਵੱਲੋਂ ਚੌਰ ਝੁਲਾਉਣ ਤੇ ਸੰਗਤਾਂ ਵੱਲੋਂ ਨਤਮਸਤਕ ਹੋਣ ਸਮੇਂ ਸੀ, ਉਹੋ ਅਵਸਥਾ ਦਿੱਲੀ ਦੇ ਚਾਂਦਨੀ ਚੌਕ ਵਿੱਚ ਲੋਹੇ ਦੇ ਪਿੰਜਰੇ ਵਿੱਚ ਨਜ਼ਰਬੰਦ ਭਾਈ ਮਤੀ ਦਾਸ, ਸਤੀ ਦਾਸ ਤੇ ਭਾਈ ਦਿਆਲਾ ਜੀ ਵਰਗੇ ਸਿੱਖ ਸੇਵਕਾਂ ਦੀਆਂ ਸ਼ਹਾਦਤਾਂ ਤੇ ਆਪਣੀ ਅਜ਼ੀਮ ਸ਼ਹਾਦਤ ਸਮੇਂ ਉਨ੍ਹਾਂ ਦੀ ਆਤਮਿਕ ਅਡੋਲਤਾ, ਦੁੱਖ-ਸੁੱਖ ਵਿੱਚ ਸਮਾਨ ਰਹਿ ਕੇ ਪ੍ਰਭੂ ਚਰਨਾਂ ਨਾਲ ਜੁੜੇ ਰਹਿਣ ਤੇ ਨਿਰਭੈ ਅਵਸਥਾ ਵਿੱਚ ਵਿਚਰਨ ਵੇਲੇ ਵੀ ਸੀ। ਸੰਸਾਰ ਵਿੱਚ ਅਜਿਹੇ ਆਤਮਿਕ ਬਲ ਦੀ ਮਿਸਾਲ ਮਿਲਣੀ ਮੁਸ਼ਕਲ ਹੈ।

ਗੁਰੂ ਤੇਗ਼ ਬਹਾਦਰ ਸਾਹਿਬ ਫ਼ਰਮਾਉਂਦੇ ਹਨ ਕਿ ਭੁੱਲ ਕੇ ਵੀ ਮਨਮੁਖਾਂ ਦੇ ਨੇੜੇ ਨਹੀਂ ਢੁੱਕਣਾ ਕਿਉਂਕਿ ਜੈਸੀ ਸੰਗਤ, ਵੈਸੀ ਰੰਗਤ। ਇਸ ਲਈ ਉਹ ਸਮਸਤ ਪ੍ਰਾਣੀਆਂ ਨੂੰ ਸਤਿ ਪੁਰਸ਼ਾਂ ਦੀ ਸੰਗਤ ਕਰਨ ਤੇ ਨਿਰਮਾਣਤਾ ਦੇ ਧਾਰਨੀ ਹੋਣ ਦੀ ਪ੍ਰੇਰਨਾ ਦਿੰਦੇ ਹਨ। ਗੁਰੂ ਸਾਹਿਬ ਉਚੇਰੀ ਆਤਮਿਕ ਅਵਸਥਾ ਦੀ ਸੋਝੀ ਕਰਾਉਂਦਿਆਂ ਫ਼ਰਮਾਨ ਕਰਦੇ ਹਨ ਕਿ ਜੀਵਨ ਵਿੱਚ ਵਿਚਰਦਿਆਂ ਦੁੱਖ ਵੀ ਮਿਲਣਗੇ ਤੇ ਸੁੱਖਾਂ ਦੀ ਬਖ਼ਸ਼ਿਸ਼ ਵੀ ਹੋਵੇਗੀ। ਅਸਲ ਮਨੁੱਖ ਉਹ ਹੈ, ਜਿਹੜਾ ਇਨ੍ਹਾਂ ਦੋਵਾਂ ਅਵਸਥਾਵਾਂ ਵਿੱਚ ਵਿਚਲਿਤ ਨਹੀਂ ਹੁੰਦਾ। ਉਸ ਦੇ ਕਦਮ ਡਗਮਗਾਉਂਦੇ ਨਹੀਂ, ਮਨ ਡੋਲਦਾ ਨਹੀਂ, ਸਗੋਂ ਉਹ ਦੋਵਾਂ ਅਵਸਥਾਵਾਂ ਨੂੰ ਪਰਮੇਸ਼ਰ ਦੀ ਰਜ਼ਾ ਸਮਝਦਿਆਂ ਖਿੜੇ ਮੱਥੇ ਕਬੂਲ ਕਰਦਾ ਹੈ।

ਇਸ ਦੇ ਨਾਲ ਨਾਲ ਖ਼ੁਸ਼ੀ ਅਤੇ ਗ਼ਮੀ ਵਿੱਚ ਵੀ ਸਾਬਤ ਕਦਮ ਰਹਿੰਦਿਆਂ, ਭਾਣਾ ਮੰਨਦਾ ਹੈ। ਸੁੱਖ ਵਿੱਚ ਅਕਾਲ ਪੁਰਖ ਦਾ ਸ਼ੁਕਰਾਨਾ ਕਰਦਾ ਹੈ ਤੇ ਬਿਪਤਾ ਆਉਣ ਦੀ ਸੂਰਤ ਵਿੱਚ ਗੁਰੂ ਪਾਸੋਂ ਆਤਮਿਕ ਸ਼ਕਤੀ ਪ੍ਰਾਪਤ ਕਰਨ ਲਈ ਅਰਦਾਸ ਬੇਨਤੀ ਕਰਦਾ ਹੈ।

ਸੰਪਰਕ: 98154-61710

# ਕਰਮਸ਼ੀਲ ਅਧਿਆਤਮਵਾਦੀ ਬਾਬਾ ਬੰਦਾ ਸਿੰਘ ਬਹਾਦਰ

> "ਵਰਤਮਾਨ ਸਮੇਂ ਸਿੱਖ ਭਾਈਚਾਰੇ ਵਿੱਚ ਜਿਸ ਤਰ੍ਹਾਂ ਸਿਆਸਤ ਦਾ ਬੋਲਬਾਲਾ ਹੋ ਗਿਆ ਹੈ, ਉਸ ਨਾਲ ਧਾਰਮਿਕ ਚੇਤਨਾ ਦਾ ਰਾਹ ਹੀ ਰੁਕ ਗਿਆ ਜਾਪਣ ਲੱਗਾ ਹੈ। ਇੱਕ ਸੋਚ ਨਾਲ ਜੁੜੀ ਹੋਈ ਕੋਮਲ ਮਾਨਸਿਕਤਾ ਦਾ ਤਲਿੱਸਮੀ-ਨਾਅਰਿਆਂ ਨਾਲ ਕੀਤਾ ਗਿਆ ਸ਼ੋਸ਼ਣ, ਸਿਆਸਤ ਦੀ ਮਨਭਾਉਂਦੀ ਖ਼ੁਰਾਕ ਹੈ। ਅਜਿਹੀਆਂ ਸੰਭਾਵਨਾਵਾਂ, ਭੀੜ-ਮਾਨਸਿਕਤਾ ਵਿੱਚ ਹੀ ਸੰਭਵ ਹੋ ਸਕਦੀਆਂ ਹਨ।"





**ਡਾ. ਬਲਕਾਰ ਸਿੰਘ**

ਸ਼ਤਾਬਦੀ ਸਮਾਰੋਹਾਂ ਦੀ ਨਿਰੰਤਰਤਾ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਸਰਹੰਦ ਨੂੰ ਫ਼ਤਹਿ ਕਰਨ ਦੀ ਤੀਜੀ ਸ਼ਤਾਬਦੀ ਲਗਪਗ ਪਹਿਲੀ ਵਾਰ ਮਨਾਈ ਗਈ ਹੈ। ਸਮੇਂ ਤੇ ਸਾਧਨਾਂ ਦੀ ਵਧੇਰੇ ਵਰਤੋਂ, ਸ਼ਤਾਬਦੀਆਂ ਦੀ ਸਿਆਸਤ ਵਜੋਂ ਹੀ ਹੁੰਦੀ ਆ ਰਹੀ ਹੈ। ਇਸ ਨੂੰ ਧਿਆਨ ਵਿੱਚ ਰੱਖ ਕੇ 'ਬੰਦਾ-ਸਮਾਰੋਹਾਂ' ਦੇ ਹਵਾਲੇ ਨਾਲ ਸਿੱਖ ਭਾਈਚਾਰੇ ਦੀ ਦਸ਼ਾ ਤੇ ਦਿਸ਼ਾ ਨੂੰ ਸਮਝਣ ਦਾ ਯਤਨ ਕੀਤਾ ਜਾ ਰਿਹਾ ਹੈ।

ਸਿੱਖ ਭਾਈਚਾਰੇ ਦੀ ਦਸ਼ਾ ਤੇ ਦਿਸ਼ਾ ਦਾ ਸਬੰਧ ਸਿੱਧੇ ਤੌਰ 'ਤੇ ਸਿੱਖ ਮਾਨਸਿਕਤਾ ਨਾਲ ਹੈ। ਸਿੱਖ ਮਾਨਸਿਕਤਾ ਦਾ ਸ੍ਰੋਤ ਬਾਣੀ ਹੈ ਤੇ ਪ੍ਰੇਰਨਾ ਸਿੱਖ ਇਤਿਹਾਸ ਹੈ। ਵਰਤਮਾਨ ਸਮਾਰੋਹ ਆਪਣੇ ਸ੍ਰੋਤ ਤੇ ਪ੍ਰੇਰਨਾ ਨਾਲ ਕਿੰਨਾ ਕੁ ਜੁੜੇ ਹੋਏ ਹਨ, ਇਸ ਬਾਰੇ ਗੱਲ ਕਰਨਾ ਜ਼ਰੂਰੀ ਹੈ। ਇਨ੍ਹਾਂ ਸਮਾਰੋਹਾਂ ਨੂੰ ਮਨਾਈਆਂ ਗਈਆਂ ਸ਼ਤਾਬਦੀਆਂ ਦੀ ਨਿਰੰਤਰਤਾ ਵਿੱਚ ਵੇਖੀਏ ਤਾਂ ਸੌਖਿਆਂ ਹੀ ਸਮਝ ਆ ਜਾਵੇਗਾ ਕਿ ਇਨ੍ਹਾਂ ਵਿੱਚ ਸਿਆਸੀਨੁਮਾ ਵਿਖਾਵੇ ਨੂੰ ਹੀ ਅਹਿਮੀਅਤ ਪ੍ਰਾਪਤ ਹੈ। ਸਿੱਖ ਧਰਮ ਵਿੱਚ ਮੇਲਾਨੁਮਾ ਬੇਲਗਾਮ ਭੀੜ ਨੂੰ ਕਦੇ ਅਹਿਮੀਅਤ ਨਹੀਂ ਦਿੱਤੀ ਗਈ। ਇੱਥੋਂ ਤਕ ਕਿ ਸਿੱਖ ਸੰਘਰਸ਼ਾਂ ਵੇਲੇ ਵੀ ਗਿਣਤੀ ਆਧਾਰਿਤ ਨਹੀਂ, ਗੁਣਤਾ ਆਧਾਰਿਤ ਨੂੰ ਪਹਿਲ ਦਿੱਤੀ ਗਈ ਸੀ। ਅਲਪ ਸੰਖਿਅਕ ਭਾਈਚਾਰਿਆਂ ਕੋਲੋਂ ਗਿਣਤੀ ਆਧਾਰਿਤ ਵਰਤਾਰਿਆਂ ਦੀ ਆਸ ਹੀ ਨਹੀਂ ਕੀਤੀ ਜਾ ਸਕਦੀ। ਇਸ ਵੇਲੇ ਇਹ ਧਿਆਨ ਵਿੱਚ ਰੱਖਣ ਦੀ ਲੋੜ ਹੈ ਕਿ ਗਿਣਤੀ ਦੇ ਹਿਸਾਬ ਨਾਲ ਸਿੱਖ ਭਾਈਚਾਰਾ ਕੁੰਭ ਵਰਗੇ ਇਕੱਠਾਂ ਦਾ ਮੁਕਾਬਲਾ ਨਹੀਂ ਕਰ ਸਕਦਾ। ਇਸ ਨਾਲ ਇਹ ਤੱਥ ਸਾਹਮਣੇ ਆ ਜਾਂਦਾ ਹੈ ਕਿ ਭੀੜਨੁਮਾ ਇਕੱਠ ਵਿਅਕਤੀ ਕੇਂਦਰਿਤ ਸਿਆਸਤਨੁਮਾ ਅਵਸਰਾਂ ਨੂੰ ਵੀ ਇਹ ਠੀਕ ਬੈਠਦਾ ਹੈ। ਕਾਰਨ ਇਹ ਹੈ ਕਿ ਮੀਡੀਆ ਦੀ ਸਰਦਾਰੀ ਵਿੱਚ ਅਵਸਰਾਂ ਨੂੰ ਹਨੇਰੀ ਵਾਂਗ ਉਡਾਇਆ ਵੀ ਜਾ ਸਕਦਾ ਹੈ ਤੇ ਹੜ੍ਹ ਵਾਂਗ ਬਹਾਇਆ ਵੀ ਜਾ ਸਕਦਾ ਹੈ। ਕਹਿਣ ਦਾ ਭਾਵ ਇਹ ਹੈ ਕਿ ਜਿਹੜੇ ਸਮਾਰੋਹ ਸੁਭਾ ਵਿੱਚ ਸਿਆਸੀ ਹੋਣ ਤੇ ਨਤੀਜੇ ਵੀ ਸਿਆਸੀ ਰੰਗ ਵਾਲੇ ਕੱਢਣ, ਉਨ੍ਹਾਂ ਨੂੰ ਵੋਟ ਬੈਂਕ ਦੀ ਸਿਆਸਤ ਨਾਲ ਜੁੜੇ ਹੋਏ ਹੋਣ ਕਰਕੇ ਪੰਥਕ ਰੰਗ ਵਿੱਚ ਨਹੀਂ ਭੁਗਤਾਇਆ ਜਾ ਸਕਦਾ।

ਕਿਸੇ ਵੇਲੇ ਢਾਡੀ ਵਿਧੀ ਨਾਲ ਸਿੱਖ ਮਾਨਸਿਕਤਾ ਵਿੱਚ ਲਗਾਤਾਰ ਉਤਾਰਿਆ ਜਾਂਦਾ ਸੀ ਕਿ ਸਿੱਖ ਧਰਮ ਦੁਆਰਾ ਲਿਆਂਦਾ ਗਿਆ ਮਾਨਸਿਕ ਪਰਿਵਰਤਨ ਬਾਬਾ ਬੰਦਾ ਸਿੰਘ ਬਹਾਦਰ ਵਰਗੇ ਖ਼ਾਲਸਾ ਬਿੰਬ ਪੈਦਾ ਕਰਦਾ ਰਿਹਾ ਹੈ। ਇਸ ਨੂੰ ਸੰਭਾਲਣ ਦੀ ਥਾਂ ਵਿਅਕਤੀਆਂ ਦੇ ਮੂਰਤੀਕਰਨ ਵਾਲੇ ਰਾਹ ਪਾ ਦਿੱਤਾ ਗਿਆ ਹੈ। ਪੰਥਕ ਸੁਰ ਵਿੱਚ ਲੋੜ ਇਹ ਸਾਹਮਣੇ ਲਿਆਉਣ ਦੀ ਹੈ ਕਿ ਬਾਬਾ ਜੀ ਦੇ ਬਿੰਬ ਰਾਹੀਂ ਅਧਿਆਤਮਕਤਾ ਦੀ ਭਾਰਤੀ ਵਿਧੀ ਵਿੱਚੋਂ ਨਿਕਲ ਕੇ ਅਧਿਆਤਮਕਤਾ ਦੀ ਸਿੱਖ ਵਿਧੀ ਨਾਲ ਕਿਹੋ ਜਿਹੇ ਨਤੀਜੇ ਕੱਢੇ ਜਾ ਸਕਦੇ ਹਨ? ਇਸ ਦਾ ਅੰਸ਼ਿਕ ਪ੍ਰਗਟਾਵਾ ਸਵਾਮੀ ਰਾਮ ਦੀ 'ਗੋਵਿੰਦ ਗੀਤਾ' (ਅੰਗਰੇਜ਼ੀ,1989) ਵਿੱਚੋਂ ਵੀ ਵੇਖਿਆ ਜਾ ਸਕਦਾ ਹੈ।

ਬਾਬਾ ਜੀ ਨੂੰ ਸਿੱਖ ਅਧਿਆਤਮਕਤਾ ਦੇ ਇਤਿਹਾਸਕ ਪ੍ਰਗਟਾਵੇ ਦੀ ਨਿਰੰਤਰਤਾ ਵਿੱਚ ਵਿਚਰਨ ਦਾ ਗੁਰੂ ਹੁਕਮ ਸੀ। ਇਹ ਸਫ਼ਰ ਉਨ੍ਹਾਂ ਨੇ ਪੰਜ ਪਿਆਰਿਆ ਨੂੰ ਨਾਲ ਲੈ ਕੇ ਸ਼ੁਰੂ ਕੀਤਾ ਸੀ ਤੇ ਪੰਥਕ ਰੰਗ ਵਿੱਚ ਹੀ ਆਪਣੇ ਮਿਸ਼ਨ ਨੂੰ ਅੰਜਾਮ ਤਕ ਪਹੁੰਚਾਇਆ ਸੀ। ਹਰ ਕਿਸਮ ਦੀ ਸਿਆਸਤ ਨਾਲ ਜੂਝਦਿਆਂ ਵੀ ਪ੍ਰਾਪਤੀਆਂ ਦੀ ਪ੍ਰਧਾਨ-ਸੁਰ ਸਿਆਸਤ ਦੀ ਨਹੀਂ, ਧਰਮ ਦੀ ਹੀ ਰਹੀ ਸੀ। ਚਪੜਚਿੜੀ ਦੇ ਮੈਦਾਨ ਵਿੱਚ ਸਿੱਖ ਲੋਕਤੰਤਰ ਦੀ ਸੁਰ ਵਿੱਚ ਸਥਿਤੀ ਨੂੰ ਭਾਂਪਦਿਆਂ ਬਾਬਾ ਬਿਨੋਦ ਸਿੰਘ ਤੇ ਬਾਬਾ ਬਾਜ ਸਿੰਘ ਨੇ ਕਿਹਾ ਸੀ ਕਿ ਗੁਰੂ ਪਾਤਸ਼ਾਹ ਨੇ ਹਰ ਮੈਦਾਨ ਫ਼ਤਹਿ ਬਖ਼ਸ਼ੀ ਹੈ। ਗੁਰੂ ਹੁਕਮ ਦੇ ਸਨਮੁਖ ਰਹਿ ਕੇ ਅਰਦਾਸ ਕੀਤੀ ਗਈ ਸੀ ਤੇ ਕਲਗੀਆਂ ਵਾਲੇ ਨੂੰ ਜੋਦੜੀ ਕੀਤੀ ਗਈ ਸੀ ਕਿ ਅੰਗ-ਸੰਗ ਸਹਾਈ ਹੋ ਕੇ ਫ਼ਤਹਿ ਬਖ਼ਸ਼ਿਸ਼ ਕਰਨ। ਇਹ ਸਿਆਸੀ ਹਾਰ ਨੂੰ ਧਾਰਮਿਕ ਜਿੱਤ ਵਿੱਚ ਬਦਲਣ ਦੀ ਜਾਹਰੀ ਕਲਾ ਸੀ, ਜੋ ਸਿੱਖ ਇਤਿਹਾਸ ਵਿੱਚ ਵਾਰ-ਵਾਰ ਵਾਪਰਦੀ ਰਹੀ ਹੈ। ਇਸ ਨਾਲ ਸਵਾਲ ਇਹ ਪੈਦਾ ਹੁੰਦਾ ਹੈ ਕਿ ਬਾਬਾ ਜੀ ਦੇ ਜੰਗੀ ਪੈਂਤੜੇ, ਸਮਝ ਤੇ ਪ੍ਰਗਟਾਵੇ ਵਿੱਚ ਧਾਰਮਿਕ ਸਨ ਕਿ ਸਿਆਸੀ ਸਨ? ਜੇ ਸਿਆਸੀਆਂ ਵਾਂਗ ਸੋਚਿਆ ਜਾਵੇ ਤਾਂ ਬਾਬਾ ਜੀ ਨੂੰ ਗੁਰਦਾਸ ਨੰਗਲ ਦੀ ਗੜ੍ਹੀ ਵਿੱਚੋਂ ਨਿਕਲ ਜਾਣਾ ਚਾਹੀਦਾ ਸੀ। ਅਜਿਹੀਆਂ ਹੋਰ ਵੀ ਕਈ ਘਟਨਾਵਾਂ ਹਨ, ਜਿਹੜੀਆਂ ਇਸ ਨੂੰ ਸਿਆਸੀ ਨਾਲੋਂ ਵੱਧ ਧਾਰਮਿਕ ਹੋਣ ਵੱਲ ਲੈ ਕੇ ਜਾਂਦੀਆਂ ਹਨ। ਇੱਥੇ ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਵਰਤਮਾਨ ਸਮੇਂ ਇਸ ਪੰਥਕ ਭਾਵਨਾ ਨੂੰ ਨਾਲ ਲੈ ਕੇ ਟੁਰਿਆ ਜਾ ਰਿਹਾ ਹੈ ਜਾਂ ਨਹੀਂ।

ਵਰਤਮਾਨ ਸਮੇਂ ਸਿੱਖ ਭਾਈਚਾਰੇ ਵਿੱਚ ਜਿਸ ਤਰ੍ਹਾਂ ਸਿਆਸਤ ਦਾ ਬੋਲਬਾਲਾ ਹੋ ਗਿਆ ਹੈ, ਉਸ ਨਾਲ ਧਾਰਮਿਕ ਚੇਤਨਾ ਦਾ ਰਾਹ ਹੀ ਰੁਕ ਗਿਆ ਜਾਪਣ ਲੱਗਾ ਹੈ। ਇੱਕ ਸੋਚ ਨਾਲ ਜੁੜੀ ਹੋਈ ਕੋਮਲ ਮਾਨਸਿਕਤਾ ਦਾ ਤਲਿੱਸਮੀ-ਨਾਅਰਿਆਂ ਨਾਲ ਕੀਤਾ ਗਿਆ ਸ਼ੋਸ਼ਣ, ਸਿਆਸਤ ਦੀ ਮਨਭਾਉਂਦੀ ਖ਼ੁਰਾਕ ਹੈ। ਅਜਿਹੀਆਂ ਸੰਭਾਵਨਾਵਾਂ, ਭੀੜ-ਮਾਨਸਿਕਤਾ ਵਿੱਚ ਹੀ ਸੰਭਵ ਹੋ ਸਕਦੀਆਂ ਹਨ। ਸਿੱਖ ਆਗੂ ਇਸ ਪਾਸੇ ਸਰਪਟ ਦੌੜੇ ਜਾ ਰਹੇ ਹਨ। ਉਲਾਰ ਜਜ਼ਬਿਆਂ ਦੀ ਬੇਰਹਿਮ ਮਾਰ-ਧਾੜ ਵੀ ਅਜਿਹੇ ਹਾਲਾਤ ਵਿੱਚ ਹੀ ਪੈਦਾ ਹੁੰਦੀ ਹੈ। ਬੇਰਹਿਮ ਮੁਕਾਬਲੇਬਾਜ਼ੀ ਦੇ ਸਨਮੁੱਖ ਸਿੱਖ ਭਾਈਚਾਰਾ ਤਾਂ ਪਹਿਲਾਂ ਹੀ ਚੁਰਾਹੇ 'ਤੇ ਖੜ੍ਹਾ ਹੈ। ਇਸ ਹਾਲਤ ਵਿੱਚ ਸਿੱਖਾਂ ਨੂੰ ਚੁਰਾਹੇ ਤੋਂ ਸਿਰਫ਼ ਸਿਆਸਤ ਵਾਲਾ ਰਾਹ ਹੀ ਕਿਉਂ ਨਜ਼ਰ ਆ ਰਿਹਾ ਹੈ? ਇਸ 'ਤੇ ਤੁਰਨ ਦੇ ਹਾਲਾਤ ਹੀ ਕਿਉਂ ਪੈਦਾ ਕੀਤੇ ਜਾ ਰਹੇ ਹਨ? ਬਾਕੀ ਤਿੰਨ ਰਾਹਾਂ ਦੀ ਨਿਸ਼ਾਨਦੇਹੀ ਕਿਉਂ ਨਹੀਂ ਹੋ ਰਹੀ? ਕੀ ਕਿਰਤ ਕਰਨ, ਨਾਮ ਜਪਣ, ਵੰਡ-ਛਕਣ ਨੂੰ ਇਨ੍ਹਾਂ ਤਿੰਨਾਂ ਰਾਹਾਂ ਵਜੋਂ ਨਹੀਂ ਵੀਚਾਰਿਆ ਜਾ ਸਕਦਾ? ਕੀ ਜੋ ਸਿੱਖ-ਸਿਆਸਤਦਾਨ ਨੂੰ ਠੀਕ ਨਹੀਂ ਬੈਠਦਾ, ਉਸ ਨੂੰ ਅਪੰਥਕ ਪ੍ਰਵਾਨ ਕਰ ਲੈਣਾ ਚਾਹੀਦਾ ਹੈ? ਅਜਿਹੇ ਸਵਾਲਾਂ ਦੇ ਉੱਤਰ ਲੱਭਣ ਦੀ ਅਕਾਦਮਿਕਤਾ ਵਾਸਤੇ ਸ਼ਤਾਬਦੀ ਅਵਸਰਾਂ ਨੂੰ ਨਾ ਅਸੀਂ ਪਹਿਲਾਂ ਵਰਤਿਆ ਹੈ ਤੇ ਨਾ ਹੀ ਹੁਣ ਵਰਤਣਾ ਚਾਹੁੰਦੇ ਹਾਂ। ਜਲਸੇ ਜਲੂਸਾਂ ਨਾਲ ਸਿੱਖ ਪਛਾਣ ਦੀ ਸਿਆਸਤ ਤੋਂ ਅੱਗੇ ਤੁਰਨ ਦੀ ਕੋਈ ਸੰਭਾਵਨਾ ਨਹੀਂ ਹੈ। ਜਲਸੇ ਜਲੂਸਾਂ ਦੀ ਸਿਆਸਤ ਨਾਲ ਗ਼ੈਰ-ਸਿੱਖਾਂ ਨੂੰ ਕਿਵੇਂ ਦੱਸ ਸਕਾਂਗੇ ਕਿ ਬਾਬਾ ਬੰਦਾ ਸਿੰਘ ਬਹਾਦਰ ਦੀਆਂ ਵਿਰਾਸਤੀ ਜੜ੍ਹਾਂ ਸਰਬਤ ਦੇ ਭਲੇ ਵਿੱਚ ਸਨ, 'ਜਗਤ ਜਲੰਦਾ ਰਖਿ ਲੈ' ਵਿੱਚ ਸਨ। ਲੜਾਈਆਂ ਲੜਦਿਆਂ ਵੀ ਬਾਬਾ ਜੀ ਦਾ ਨਿਸ਼ਾਨਾ ਸਿੱਖ-ਸੱਚ ਸੀ ਤੇ ਜਿੱਤਾਂ ਜਿੱਤ ਕੇ ਵੀ ਉਨ੍ਹਾਂ ਲਈ ਇਹੀ ਰਿਹਾ ਸੀ। ਉਨ੍ਹਾਂ ਦੀ ਅਗਵਾਈ ਵਿੱਚ ਲੜੀਆਂ ਗਈਆਂ ਜੰਗਾਂ, ਧਰਮ ਯੁੱਧ ਦੇ ਚਾਅ ਨਾਲ ਲੜੀਆਂ ਗਈਆਂ ਸਨ ਤੇ ਇਨ੍ਹਾਂ ਵਿੱਚ ਹਾਰਾਂ ਅਤੇ ਜਿੱਤਾਂ ਨੂੰ ਭਾਣੇ ਦੀ ਭਾਵਨਾ ਵਿੱਚ ਹੀ ਵੇਖਿਆ ਤੇ ਪਰਖਿਆ ਜਾਣਾ ਚਾਹੀਦਾ ਹੈ।

ਇਸ ਵੇਲੇ ਲੋੜ, ਬਾਬਾ ਬੰਦਾ ਸਿੰਘ ਦੀਆਂ ਪ੍ਰਾਪਤੀਆਂ ਦੀ ਧਾਰਮਿਕਤਾ, ਸਿੱਖ ਧਰਮ ਦੀ ਅਕਾਦਮਿਕਤਾ ਤੇ ਪੰਥਕ ਕਾਵਿਕਤਾ ਉਸਾਰੇ ਜਾਣ ਦੀ ਹੈ।



# ਸਰ ਹੈਨਰੀ ਫੇਨ ਨੇ ਦੇਖਿਆ ਕੰਵਰ ਦਾ ਵਿਆਹ

**ਸਤਿੰਦਰ ਸਿੰਘ ਰੰਧਾਵਾ**



ਸਾਲ 1837 ਦੇ ਸ਼ੁਰੂ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਪੋਤਰੇ ਕੰਵਰ ਨੌਨਿਹਾਲ ਸਿੰਘ ਦਾ ਵਿਆਹ ਸੀ। ਇਸ ਕਰਕੇ ਸ੍ਰੀ ਅੰਮ੍ਰਿਤਸਰ ਨੂੰ ਸਜਾਇਆ ਜਾ ਰਿਹਾ ਸੀ ਤੇ ਸਾਰਾ ਵਾਤਾਵਰਨ ਖ਼ੁਸ਼ੀਆਂ ਭਰਪੂਰ ਸੀ। ਮਹਾਰਾਜਾ ਰਣਜੀਤ ਸਿੰਘ ਦੀ ਇਹ ਦਿਲੀ ਇੱਛਾ ਸੀ ਕਿ ਪੰਜਾਬ ਦੇ ਇਤਿਹਾਸ ਵਿੱਚ ਇਹ ਵਿਆਹ ਬੇਮਿਸਾਲ ਹੋਵੇ। ਮਹਾਰਾਜਾ ਦੇ ਸਰਦਾਰਾਂ ਨੇ ਵੀ ਵਿਆਹ ਦੀਆਂ ਤਿਆਰੀਆਂ ਵਿੱਚ ਵੱਧ ਤੋਂ ਵੱਧ ਸਮਾਂ ਤੇ ਪੈਸਾ ਖ਼ਰਚ ਕੀਤਾ। ਪਟਿਆਲਾ, ਜੀਂਦ, ਨਾਭਾ ਤੇ ਫ਼ਰੀਦਕੋਟ ਦੇ ਰਾਜੇ ਸਮੇਤ ਨਵਾਬ ਮਾਲੇਰਕੋਟਲਾ, ਕਪੂਰਥਲਾ ਦੇ ਸਰਦਾਰ, ਪਹਾੜੀ ਇਲਾਕੇ ਵਿੱਚੋਂ ਮੰਡੀ ਅਤੇ ਨੂਰਪੁਰ ਦੇ ਰਾਜਿਆਂ ਨੇ ਉਚੇਚੇ ਤੌਰ 'ਤੇ ਵਿਆਹ ਸਮਾਗਮ ਵਿੱਚ ਸ਼ਿਰਕਤ ਕਰਨੀ ਸੀ। ਬ੍ਰਿਟਿਸ਼ ਅਫ਼ਸਰਾਂ ਵਿੱਚੋਂ ਭਾਰਤੀ ਬ੍ਰਿਟਸ਼ ਆਰਮੀ ਦਾ ਕਮਾਂਡਰ ਇਨ ਚੀਫ ਸਰ ਹੈਨਰੀ ਫੇਨ ਇਕੱਲਾ ਹੀ ਸ਼ਾਮਲ ਹੋ ਸਕਿਆ। ਉਸ ਦਾ ਮੁੱਢਲਾ ਸਵਾਗਤ ਸਤਲੁਜ ਕੰਢੇ ਹਰੀ ਕੇ ਪੱਤਣ ਵਿੱਚ ਕੰਵਰ ਸ਼ੇਰ ਸਿੰਘ ਸਮੇਤ ਅਨੇਕ ਮੋਹਤਬਰ ਬੰਦਿਆਂ ਨੇ ਕੀਤਾ। ਮਗਰੋਂ ਸ੍ਰੀ ਅੰਮ੍ਰਿਤਸਰ ਤੋਂ ਪੰਜ ਮੀਲ ਦੂਰ ਉਸ ਦਾ ਸਵਾਗਤ ਖੜਕ ਸਿੰਘ, ਪ੍ਰਧਾਨ ਮੰਤਰੀ ਤੇ ਹੋਰ ਉੱਚ ਰਾਜ ਅਧਿਕਾਰੀਆਂ ਨੇ ਕੀਤਾ। ਉਸ ਨੂੰ ਪੰਜ ਹਜ਼ਾਰ ਰੁਪਏ ਭੇਟ ਕੀਤੇ ਗਏ। ਉਸ ਦੇ ਸਵਾਗਤ ਵਿੱਚ ਤਿੰਨ ਹਜ਼ਾਰ ਘੋੜ ਸਵਾਰ ਹਾਜ਼ਰ ਸਨ, ਜਿਨ੍ਹਾਂ ਦੀ ਹਾਜ਼ਰੀ ਵਿੱਚ ਸਰ ਹੈਨਰੀ ਨੂੰ ਉਸ ਦੀ ਰਿਹਾਇਸ਼ ਵੱਲ ਲਿਆਂਦਾ ਗਿਆ। ਸਾਰੇ ਘੋੜ ਸਵਾਰਾਂ ਦੇ ਕੱਪੜੇ ਹੀਰਿਆਂ ਨਾਲ ਜੜਤ ਸਨ ਤੇ ਚਮਕਾਂ ਮਾਰ ਰਹੇ ਸਨ।

ਪ੍ਰਧਾਨ ਮੰਤਰੀ ਰਾਜਾ ਧਿਆਨ ਸਿੰਘ ਦਾ ਪਹਿਰਾਵਾ ਵੀ ਪ੍ਰਭਾਵਸ਼ਾਲੀ ਸੀ। ਉਸ ਨੇ ਹੀਰਿਆਂ ਨਾਲ ਜੜੀ ਮਹਿੰਗੀ ਪੁਸ਼ਾਕ ਪਹਿਨੀ ਹੋਈ ਸੀ। ਉਹ ਜਿਸ ਘੋੜੇ 'ਤੇ ਬੈਠਾ ਸੀ, ਉਹ ਪਰਸ਼ੀਆ ਤੋਂ ਲਿਆਂਦਾ ਗਿਆ ਸੀ। ਘੋੜੇ ਦੀ ਕਾਠੀ ਤੇ ਲਗਾਮ ਉੱਪਰ ਸੋਨੇ ਦਾ ਕੰਮ ਹੋਇਆ ਸੀ। ਉਸ ਨੇ ਫਰਾਂਸ ਤੋਂ ਬਣਿਆ ਚਮਕਦਾਰ ਕਵਚ ਛਾਤੀ ਦੁਆਲੇ ਪਾਇਆ ਹੋਇਆ ਸੀ। ਸਰ ਹੈਨਰੀ ਨੂੰ ਉਸ ਦੀ ਮਿੱਥੀ ਰਿਹਾਇਸ਼ 'ਤੇ ਇੱਕੀ ਸੌ ਬੁਦਕੀਆਂ ਸੋਨੇ ਦੀਆਂ ਅਤੇ ਪੰਜ ਸੌ ਥਾਲੀਆਂ ਲਜ਼ੀਜ਼ ਮਠਿਆਈਆਂ ਦੀਆਂ ਦਿੱਤੀਆਂ ਗਈਆਂ ਸਨ। ਦੂਜੇ ਦਿਨ ਉਸ ਨੇ ਮਹਾਰਾਜੇ ਨੂੰ ਰਾਮ ਬਾਗ ਅੰਮ੍ਰਿਤਸਰ ਵਿਚਲੀ ਰਿਹਾਇਸ਼ 'ਤੇ ਮਿਲਣਾ ਸੀ। ਅਗਲੇ ਦਿਨ ਮਹਾਰਾਜੇ ਦੀ ਰਿਹਾਇਸ਼ ਦੇ ਸਾਹਮਣੇ ਵੱਡਾ ਤੰਬੂਨੁਮਾ ਤਖ਼ਤ ਲੱਗਾ ਸੀ, ਜਿਸ ਨੂੰ ਚਾਂਦੀ ਦੇ ਬੱਲਿਆਂ ਨਾਲ ਸਹਾਰਾ ਦਿੱਤਾ ਗਿਆ ਸੀ। ਜ਼ਮੀਨ ਉੱਪਰ ਮਹਿੰਗੇ ਕਸ਼ਮੀਰੀ ਗਲੀਚੇ ਵਿਛਾਏ ਗਏ ਸਨ। ਮਹਾਰਾਜੇ ਨੇ ਪੀਲੇ ਰੰਗ ਦੀ ਪੁਸ਼ਾਕ ਪਹਿਨੀ ਹੋਈ ਸੀ ਤੇ ਹਾਥੀ 'ਤੇ ਸਵਾਰ ਸੀ। ਉਸ ਦੇ ਪਿੱਛੇ ਉਸ ਦੇ ਸਰਦਾਰ ਸੋਨੇ, ਚਾਂਦੀ ਤੇ ਹੀਰਿਆਂ ਨਾਲ ਜੜਤ ਵਸਤਰਾਂ ਨਾਲ ਸੋਭ ਰਹੇ ਸਨ। ਦੋਹਾਂ ਦੀ ਮੁਲਾਕਾਤ ਹੋਈ। ਮਹਾਰਾਜੇ ਨੇ ਹੈਨਰੀ ਤੋਂ ਬ੍ਰਿਟਿਸ਼ ਆਰਮੀ ਦੇ ਜੰਗੀ ਤਰੀਕਿਆਂ ਬਾਰੇ ਕਈ ਸਵਾਲ ਪੁੱਛੇ ਸਨ।

ਕੰਵਰ ਨੌਨਿਹਾਲ ਸਿੰਘ ਦੇ ਵਿਆਹ ਦਾ ਦਿਨ ਆਇਆ। ਉਸ ਨੂੰ ਅਨੇਕ ਤੋਹਫ਼ੇ ਦਿੱਤੇ ਗਏ। ਸਰ ਹੈਨਰੀ ਫੇਨ ਨੇ ਗਿਆਰ੍ਹਾਂ ਹਜ਼ਾਰ ਰੁਪਏ ਤੇ ਰਾਜਾ ਧਿਆਨ ਸਿੰਘ ਨੇ ਇਕ ਲੱਖ, 25 ਹਜ਼ਾਰ ਰੁਪਏ ਦਿੱਤੇ। ਉਸ ਦਿਨ ਕੰਵਰ ਨੂੰ ਲਗਪਗ 15 ਲੱਖ ਰੁਪਏ ਦੇ ਤੋਹਫ਼ੇ ਦਿੱਤੇ ਗਏ। ਨੌਨਿਹਾਲ ਸਿੰਘ ਨੇ ਖ਼ੂਬਸੂਰਤ ਪੁਸ਼ਾਕ ਪਹਿਨੀ ਹੋਈ ਸੀ। ਉਸ ਦੇ ਗਲ ਵਿੱਚ ਫੁੱਲਾਂ ਦੇ ਹਾਰ ਸਨ। ਉਸ ਨੇ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ। ਮਹਾਰਾਜਾ ਰਣਜੀਤ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਨੂੰ ਪੰਜ ਸੌ ਰੁਪਏ ਭੇਟ ਕੀਤੇ। ਕਾਫ਼ੀ ਰੁਪਏ ਦਾਨ ਵਜੋਂ ਵੀ ਦਿੱਤੇ ਗਏ। ਬਰਾਤ ਨੇ ਅਟਾਰੀ ਪਹੁੰਚਣਾ ਸੀ। ਇਹ ਸ੍ਰੀ ਅੰਮ੍ਰਿਤਸਰ ਦਾ ਜ਼ਿਲ੍ਹਾ ਸੀ। ਇਸ ਸਥਾਨ 'ਤੇ ਲੜਕੀ ਦੇ ਪਿਤਾ ਸਰਦਾਰ ਸ਼ਾਮ ਸਿੰਘ ਰਹਿੰਦੇ ਸਨ। ਹਰਿਮੰਦਰ ਸਾਹਿਬ ਤੋਂ ਅਟਾਰੀ ਤਕ ਹਜ਼ਾਰਾਂ ਲੋਕ ਸੜਕ ਦੇ ਦੋਹੀਂ ਪਾਸੀਂ ਕਤਾਰਾਂ ਵਿੱਚ ਖੜ੍ਹੇ ਇਸ ਅਨੋਖੇ ਵਿਆਹ ਨੂੰ ਤੱਕ ਰਹੇ ਸਨ। ਮਹਾਰਾਜੇ ਵੱਲੋਂ ਉਨ੍ਹਾਂ ਨੂੰ ਵੀ ਪੈਸੇ ਦਾਨ ਵਜੋਂ ਦਿੱਤੇ ਗਏ। ਬਰਾਤ ਸਰਦਾਰ ਸ਼ਾਮ ਸਿੰਘ ਦੇ ਘਰ ਢੁਕੀ ਤਾਂ ਬੰਦੂਕਾਂ ਵਿੱਚੋਂ ਗੋਲੀਆਂ ਆਕਾਸ਼ ਵੱਲ ਦਾਗੀਆਂ ਗਈਆਂ। ਸਰਦਾਰ ਸ਼ਾਮ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਇਕ ਸੌ ਇੱਕ ਸੋਨੇ ਦੀਆਂ ਮੋਹਰਾਂ ਤੇ ਪੰਜ ਘੋੜੇ ਦਿੱਤੇ।

ਕੰਵਰ ਸਰਦਾਰ ਦੀ ਹਵੇਲੀ ਵਿੱਚ ਬਰਾਤ ਸਮੇਤ ਦਾਖ਼ਲ ਹੋਇਆ। ਵਿਆਹ ਦੀਆਂ ਰਸਮਾਂ ਸ਼ੁਰੂ ਹੋਈਆਂ। ਦੂਜੇ ਦਿਨ ਖੁੱਲ੍ਹੇ ਮੈਦਾਨ ਵਿੱਚ ਇੱਕ ਵਾੜਾਨੁਮਾ ਪੰਡਾਲ ਬਣਿਆ ਹੋਇਆ ਸੀ। ਇਸ ਦਾ ਘੇਰਾ ਪੰਜ ਮੀਲ ਵਿੱਚ ਸੀ ਅਤੇ ਇਸ ਦੇ 80 ਦਰਵਾਜ਼ੇ ਸਨ। ਹਰ ਦਰਵਾਜ਼ੇ ਉੱਪਰ ਸਿਪਾਹੀ ਤਾਇਨਾਤ ਸਨ, ਜਿਨ੍ਹਾਂ ਦੀ ਜ਼ਿੰਮੇਵਾਰੀ ਸੀ ਕਿ ਕੋਈ ਵੀ ਵਿਅਕਤੀ ਇੱਕ ਰੁਪਇਆ ਪ੍ਰਾਪਤ ਕਰਨ ਤੋਂ ਬਿਨਾਂ ਨਾ ਜਾਵੇ ਅਤੇ ਕੋਈ ਵੀ ਦੁਬਾਰਾ ਰੁਪਇਆ ਲੈਣ ਨਾ ਆਵੇ। ਉਸ ਦਿਨ ਲੱਖਾਂ ਰੁਪਏ ਵੰਡੇ ਗਏ ਸਨ। ਕੰਵਰ ਨੂੰ ਮਹਿੰਗੀਆਂ ਸੌਗਾਤਾਂ ਦਿੱਤੀਆਂ ਗਈਆਂ, ਜਿਸ ਵਿੱਚ ਸੋਨੇ ਦੀਆਂ ਕਾਠੀਆਂ ਅਤੇ ਲਗਾਮਾਂ ਨਾਲ ਜੜਤ ਸੌ ਘੋੜੇ, ਇੱਕ ਸੌ ਇੱਕ ਗਾਵਾਂ, ਇੱਕ ਸੌ ਇੱਕ ਮੱਝਾਂ, ਸੌ ਊਠ, ਗਿਆਰ੍ਹਾਂ ਹਾਥੀ, ਹਜ਼ਾਰਾਂ ਰੁਪਏ ਦੇ ਗਹਿਣੇ, ਸੋਨੇ ਤੇ ਚਾਂਦੀ ਦੇ ਬਰਤਨ, ਰੇਸ਼ਮ ਦੀਆਂ ਸ਼ਾਅਲਾਂ, ਹੀਰੇ ਤੇ ਜਵਾਹਰਾਤ ਸਨ। ਇਸ ਤੋਂ ਬਾਅਦ ਬਰਾਤੀ ਲਾਹੌਰ ਵੱਲ ਤੁਰ ਪਏ, ਜਿੱਥੇ ਦੂਜੇ ਦਿਨ ਸ਼ਾਲੀਮਾਰ ਬਾਗ਼ ਵਿੱਚ ਵੱਡੇ ਭੋਜ ਦਾ ਇੰਤਜ਼ਾਮ ਕੀਤਾ ਗਿਆ ਸੀ। ਮਹਿਮਾਨਾਂ ਦੀ ਮਹਿਮਾਨਿਵਾਜ਼ੀ ਤੋਂ ਬਾਅਦ ਮਹਾਰਾਜੇ ਨੇ ਸਰ ਹੈਨਰੀ ਫੇਨ ਨੂੰ ਆਪਣੀ ਫ਼ੌਜ ਦਿਖਾਈ, ਜਿਸ ਵਿੱਚ 18 ਹਜ਼ਾਰ ਤਾਕਤਵਾਰ ਜਵਾਨ ਅਸਲੇ ਅਤੇ ਚੰਗੇ ਕੱਪੜਿਆਂ ਵਿੱਚ ਹਾਜ਼ਰ ਸਨ। ਉਸ ਨੂੰ ਜਵਾਹਰਾਤ ਦਿਖਾਏ ਗਏ। ਮਹਾਰਾਜਾ ਵੀ ਬ੍ਰਿਟਿਸ਼ ਫ਼ੌਜ ਤੋਂ ਪ੍ਰਭਾਵਿਤ ਹੋਇਆ। ਉਸ ਨੇ ਸਰ ਹੈਨਰੀ ਫੇਨ ਤੋਂ ਜੰਗ ਵਿੱਚ ਕੰਮ ਆਉਣ ਵਾਲੀਆਂ ਬਹੁਤ ਸਾਰੀਆਂ ਗੱਲਾਂ ਸਿੱਖੀਆਂ। 22 ਮਾਰਚ, 1837 ਨੂੰ ਹੋਲੀ ਸੀ। ਸਰ ਹੈਨਰੀ ਨੇ ਹੋਲੀ ਦਾ ਤਿਉਹਾਰ ਇੱਥੇ ਹੀ ਮਨਾਇਆ। ਹੈਨਰੀ ਦੀ ਵਿਦਾਇਗੀ ਸਮੇਂ ਮਹਾਰਾਜੇ ਨੇ ਉਸ ਨੂੰ ਸੁੰਦਰ ਸ਼ਾਅਲਾਂ, ਤਲਵਾਰਾਂ, ਇੱਕ ਹਾਥੀ ਅਤੇ ਅਨੇਕ ਘੋੜੇ ਭੇਟ ਕੀਤੇ ਸਨ।

> **ਮਹਿਮਾਨਾਂ ਦੀ ਮਹਿਮਾਨਿਵਾਜ਼ੀ ਤੋਂ ਬਾਅਦ ਮਹਾਰਾਜੇ ਨੇ ਸਰ ਹੈਨਰੀ ਫੇਨ ਨੂੰ ਆਪਣੀ ਫ਼ੌਜ ਦਿਖਾਈ, ਜਿਸ ਵਿੱਚ 18 ਹਜ਼ਾਰ ਤਾਕਤਵਾਰ ਜਵਾਨ ਅਸਲੇ ਅਤੇ ਚੰਗੇ ਕੱਪੜਿਆਂ ਵਿੱਚ ਹਾਜ਼ਰ ਸਨ। ਉਸ ਨੂੰ ਜਵਾਹਰਾਤ ਦਿਖਾਏ ਗਏ। ਮਹਾਰਾਜਾ ਵੀ ਬ੍ਰਿਟਿਸ਼ ਫ਼ੌਜ ਤੋਂ ਪ੍ਰਭਾਵਿਤ ਹੋਇਆ। ਉਸ ਨੇ ਸਰ ਹੈਨਰੀ ਫੇਨ ਤੋਂ ਜੰਗ ਵਿੱਚ ਕੰਮ ਆਉਣ ਵਾਲੀਆਂ ਬਹੁਤ ਸਾਰੀਆਂ ਗੱਲਾਂ ਸਿੱਖੀਆਂ।**

# ਮਹਾਰਾਜਾ ਰਣਜੀਤ ਸਿੰਘ ਦੇ ਵਿਦੇਸ਼ੀ ਜਨਰਲ





**ਬਲਰਾਜ ਸਿੰਘ ਸਿੱਧੂ ਐਸ.ਪੀ**

**ਦੂਜੀ ਤੇ ਅੰਤਿਮ ਕਿਸ਼ਤ**

ਉਸ ਵੇਲੇ ਈਸਟ ਇੰਡੀਆ ਕੰਪਨੀ ਦਾ ਬਰਮਾ ਨਾਲ ਯੁੱਧ ਸ਼ੁਰੂ ਹੋਣ ਵਾਲਾ ਸੀ ਤੇ ਕੰਪਨੀ ਨੂੰ ਡਾਕਟਰਾਂ ਦੀ ਜ਼ਰੂਰਤ ਸੀ। ਉਸ ਨੇ ਬਿਨਾਂ ਕਿਸੇ ਡਿਗਰੀ ਤੋਂ ਕੰਪਨੀ ਵਿੱਚ ਮੈਡੀਕਲ ਸਰਜਨ ਦੀ ਨੌਕਰੀ ਪ੍ਰਾਪਤ ਕਰ ਲਈ। ਉਹ ਜੰਗ ਵਿੱਚ ਜ਼ਖ਼ਮੀ ਹੋ ਗਿਆ ਤੇ ਵਾਪਸ ਕਲਕੱਤੇ ਆ ਗਿਆ।

ਕੁਝ ਸਾਲਾਂ ਬਾਅਦ ਉਸ ਨੇ ਕੰਪਨੀ ਛੱਡ ਦਿੱਤੀ ਤੇ ਵੈਨਤੂਰਾ ਦੀ ਸਿਫ਼ਾਰਸ਼ ਨਾਲ 1929 ਵਿੱਚ ਲਾਹੌਰ ਦਰਬਾਰ ਵਿੱਚ ਨੌਕਰੀ ਪ੍ਰਾਪਤ ਕਰ ਲਈ। ਮਹਾਰਾਜੇ ਨੇ ਉਸ ਨੂੰ ਪਹਿਲਾਂ ਨੂਰਪੁਰ-ਜਸਰੋਟਾ ਤੇ 1832 ਵਿੱਚ ਗੁਜਰਾਤ ਦਾ ਗਵਰਨਰ ਥਾਪ ਦਿੱਤਾ। ਉਹ ਮਹਾਰਾਜੇ ਦਾ ਨਿੱਜੀ ਡਾਕਟਰ ਸੀ। ਮਹਾਰਾਜੇ ਦੀ ਮੌਤ ਤੋਂ ਬਾਅਦ ਕੁਝ ਦੇਰ ਅਫ਼ਗਾਨਿਸਤਾਨ ਰਹਿ ਕੇ ਉਹ ਵਾਪਸ ਅਮਰੀਕਾ ਚਲਾ ਗਿਆ। ਉਹ ਸਾਂ-ਫਰਾਂਸਿਸਕੋ ਵਿੱਚ ਵਸ ਗਿਆ। 1871 ਵਿੱਚ ਟੀ.ਬੀ. ਕਾਰਨ ਉਸ ਦੀ ਮੌਤ ਹੋ ਗਈ। ਬਲਭੱਦਰ ਕੁੰਵਰ: ਬਲਭੱਦਰ ਦਾ ਜਨਮ ਨੇਪਾਲ ਦੇ ਸ਼ਹਿਰ ਭਾਵਨਕੋਟ ਵਿੱਚ 1785 ਦੇ ਆਸ ਪਾਸ ਹੋਇਆ ਸੀ। ਉਸ ਦੇ ਪਿਤਾ ਤੇ ਦਾਦੇ ਨੇਪਾਲ ਦੀ ਸੈਨਾ ਵਿੱਚ ਨੌਕਰੀ ਕਰਦੇ ਸਨ। ਜਵਾਨ ਹੋਣ ਉੱਤੇ ਬਲਭੱਦਰ ਵੀ ਨੇਪਾਲੀ ਫ਼ੌਜ ਵਿੱਚ ਭਰਤੀ ਹੋ ਗਿਆ। 1814-1816 ਵਿੱਚ ਹੋਏ ਐਂਗਲੋ-ਨੇਪਾਲ ਯੁੱਧਾਂ ਵਿੱਚ ਗੋਰਖੇ ਹਾਰ ਗਏ। ਉਨ੍ਹਾਂ ਨੂੰ ਸਾਰਾ ਭਾਰਤੀ ਖੇਤਰ ਛੱਡਣਾ ਪਿਆ। ਬਲਭੱਦਰ ਇਸ ਜੰਗ ਵਿੱਚ ਕਈ ਵਾਰ ਜ਼ਖ਼ਮੀ ਹੋਇਆ। ਜੰਗ ਤੋਂ ਬਾਅਦ ਉਹ ਹੋਰ ਅਨੇਕਾਂ ਗੋਰਖਿਆਂ ਸਮੇਤ ਲਾਹੌਰ ਦਰਬਾਰ ਪਹੁੰਚ ਗਿਆ। ਮਹਾਰਾਜੇ ਨੇ ਕਈ ਗੋਰਖਾ ਰੈਜਮੈਂਟਾਂ ਤਿਆਰ ਕੀਤੀਆਂ ਤੇ ਬਲਭੱਦਰ ਨੂੰ ਉਨ੍ਹਾਂ ਦਾ ਜਨਰਲ ਨਿਯੁਕਤ ਕਰ ਦਿੱਤਾ। ਉਸ ਨੇ ਕਈ ਯੁੱਧਾਂ ਵਿੱਚ ਹਿੱਸਾ ਲਿਆ ਤੇ ਮਾਰਚ 1823 ਨੂੰ ਨੌਸ਼ਹਿਰੇ ਦੀ ਜੰਗ ਵਿੱਚ ਅਕਾਲੀ ਫੂਲਾ ਸਿੰਘ ਸਮੇਤ ਸ਼ਹੀਦੀ ਪ੍ਰਾਪਤ ਕਰ ਗਿਆ। ਜੌਹਨ ਹੋਮਜ਼: ਅੰਗਰੇਜ਼ ਪਿਤਾ ਤੇ ਭਾਰਤੀ ਮਾਤਾ ਦਾ ਪੁੱਤਰ ਹੋਮਜ਼ ਐਂਗਲੋ ਇੰਡੀਅਨ ਸੀ। ਉਹ ਖ਼ਾਲਸਾ ਫ਼ੌਜ ਵਿੱਚ ਸ਼ਾਮਲ ਹੋਣ ਵਾਲਾ ਆਖ਼ਰੀ ਵਿਦੇਸ਼ੀ ਸੀ। ਉਹ ਈਸਟ ਇੰਡੀਆ ਕੰਪਨੀ ਦੀ ਬੰਗਾਲ ਹਾਰਸ ਆਰਟਿਲਰੀ ਵਿੱਚ ਬਤੌਰ ਬਿਗਲਰ (ਸਿਪਾਹੀ) ਭਰਤੀ ਹੋਇਆ ਸੀ। ਤਰੱਕੀ ਨਾ ਹੁੰਦੀ ਵੇਖ ਕੇ 1829 ਵਿੱਚ ਅਸਤੀਫ਼ਾ ਦੇ ਕੇ ਲਾਹੌਰ ਪਹੁੰਚ ਗਿਆ ਤੇ ਖ਼ਾਲਸਾ ਫ਼ੌਜ ਵਿੱਚ ਭਰਤੀ ਹੋ ਗਿਆ। ਉਸ ਨੇ ਪਿਸ਼ਾਵਰ ਅਤੇ ਜਮਰੌਦ ਦੀਆਂ ਜੰਗਾਂ ਵਿੱਚ ਹਿੱਸਾ ਲਿਆ। ਉਸ ਨੇ 2 ਸਾਲ ਗੁਜਰਾਤ ਦੇ ਦੀਵਾਨ ਦਾ ਕੰਮ ਵੀ ਕੀਤਾ। ਉਹ ਗੱਦਾਰ ਸੀ। ਕੰਪਨੀ ਨੇ ਉਸ ਨੂੰ ਖ਼ੁਦ ਹੀ ਲਾਹੌਰ ਦਰਬਾਰ ਵਿੱਚ ਫਿੱਟ ਕੀਤਾ ਸੀ। ਪਹਿਲੇ ਐਂਗਲੋ ਸਿੱਖ ਯੁੱਧ ਸਮੇਂ ਲਾਲ ਸਿੰਘ, ਤੇਜ ਸਿੰਘ ਨਾਲ ਮਿਲ ਕੇ ਉਸੇ ਨੇ ਸਾਰੀ ਜਾਣਕਾਰੀ ਅੰਗਰੇਜ਼ਾਂ ਨੂੰ ਪਹੁੰਚਾਈ ਸੀ। 1848 ਵਿੱਚ ਉਸ ਨੂੰ ਕਰਨਲ ਦਾ ਰੈਂਕ ਦੇ ਕੇ ਬੰਨੂ ਦਾ ਗਵਰਨਰ ਥਾਪਿਆ ਗਿਆ ਪਰ ਉਸ ਦੇ ਅਧੀਨ ਸਿੱਖ ਫ਼ੌਜ ਨੇ ਬਗਾਵਤ ਕਰ ਦਿੱਤੀ ਤੇ ਉਸ ਨੂੰ ਕਤਲ ਕਰ ਦਿੱਤਾ।

# ਗਰਮੀ ਨਾਲ ਤੱਪ ਰਹੇ ਦੁਨੀਆਂ ਭਰ ਦੇ ਕਈ ਦੇਸ਼, ਹੀਟ ਵੇਵ ਨੇ ਉਬਾਲਿਆ ਕੈਨੇਡਾ



ਵੈਨਕੂਵਰ: ਬ੍ਰਿਟਿਸ਼ ਕੋਲੰਬੀਆ ਸੂਬੇ 'ਚ ਪਿਛਲੇ ਕਈ ਦਿਨਾਂ ਤੋਂ ਗਰਮੀ ਨੇ ਆਪਣਾ ਅਸਰ ਦਿਖਾਉਣਾ ਸ਼ੁਰੂ ਕਰ ਦਿੱਤਾ ਹੈ। ਮੌਸਮ ਵਿਭਾਗ ਦੇ ਮਾਹਿਰਾਂ ਅਨੁਸਾਰ ਘੱਟ ਗਰਮੀ ਕਾਰਨ ਵੈਨਕੂਵਰ, ਸਰੀ ਅਤੇ ਆਸ-ਪਾਸ ਦੇ ਸ਼ਹਿਰਾਂ 'ਚ ਵੱਧ ਤੋਂ ਵੱਧ ਤਾਪਮਾਨ 26 ਸੈਲਸੀਅਸ ਦਰਜ ਕੀਤਾ ਗਿਆ, ਜਦੋਂ ਕਿ ਇਹ ਤਾਪਮਾਨ 29 ਸੈਲਸੀਅਸ ਤਕ ਪਹੁੰਚਣ ਦੀ ਸੰਭਾਵਨਾ ਹੈ।

ਮੌਸਮ 'ਚ ਅਚਾਨਕ ਆਈ ਤਬਦੀਲੀ ਦੇ ਮੱਦੇਨਜ਼ਰ ਆਮ ਲੋਕਾਂ ਨੂੰ ਚੌਕਸ ਰਹਿਣ ਲਈ ਕਿਹਾ ਗਿਆ ਹੈ। ਰਿਪੋਰਟ ਮੁਤਾਬਿਕ ਅਗਲੇ ਕੁਝ ਦਿਨਾਂ ਤਕ ਮੌਸਮ ਗਰਮ ਰਹਿਣ ਦੀ ਸੰਭਾਵਨਾ ਹੈ ਜਦ ਕਿ ਹੋਣ ਵਾਲੇ ਬਦਲਾਅ ਨਾਲ ਗਰਮ ਮੌਸਮ 'ਚ ਕੁਝ ਠੰਡਕ ਆਉਣ ਦੀ ਉਮੀਦ ਹੈ। ਇਸ ਦੇ ਨਾਲ ਹੀ ਗਰਮੀ ਤੋਂ ਦੁੱਖੀ ਜ਼ਿਆਦਾਤਰ ਲੋਕ ਵ੍ਹਾਈਟ ਰੌਕ, ਵਾਟਰ ਫ਼ਰੰਟ ਅਤੇ ਹੋਰ ਆਸ-ਪਾਸ ਦੇ ਬੀਚਾਂ ਦੇ ਠੰਡੇ ਪਾਣੀਆਂ 'ਚ ਇਸ਼ਨਾਨ ਕਰ ਕੇ ਠੰਡ ਦਾ ਆਨੰਦ ਲੈਂਦੇ ਵੀ ਨਜ਼ਰ ਆਏ। ਵੈਨਕੂਵਰ ਦੇ ਡਾਊਨਟਾਊਨ ਇਲਾਕੇ 'ਚ ਵੀ ਗਰਮੀ ਤੋਂ ਤੰਗ ਆ ਕੇ ਕੁਝ ਸ਼ਰਾਬ ਪੀਣ ਵਾਲੇ ਠੰਡੀ ਬੀਅਰ ਦਾ ਮਜ਼ਾ ਲੈਂਦੇ ਦੇਖੇ ਗਏ।ਮੱਧ ਅਤੇ ਦੱਖਣੀ ਓਨਟੈਰੀਓ, ਦੱਖਣੀ ਕਿਬੈਕ ਅਤੇ ਮੈਰੀਟਾਈਮਜ਼ ਦੇ ਜ਼ਿਆਦਾਤਰ ਹਿੱਸਿਆਂ 'ਚ ਅਤਿਅੰਤ ਗਰਮੀ ਦੀ ਲਹਿਰ ਜਾਰੀ ਰਹੀ। ਦਿਨ ਦਾ ਉੱਚ ਤਾਪਮਾਨ 30 ਡਿਗਰੀ ਸੈਲਸੀਅਸ ਤੋਂ 35 ਡਿਗਰੀ ਸੈਲਸੀਅਸ ਤਕ ਪਹੁੰਚ ਗਿਆ। 40 ਡਿਗਰੀ ਸੈਲਸੀਅਸ ਤੋਂ ਉੱਪਰ ਹਿਊਮੀਡੈਕਸ ਦੇ ਨਾਲ – ਅਤੇ ਅਧਿਕਾਰੀਆਂ ਨੇ ਅਜਿਹੇ ਅਤਿਅੰਤ ਤਾਪਮਾਨਾਂ ਦੇ ਖ਼ਤਰਿਆਂ ਬਾਰੇ ਚਿਤਾਵਨੀ ਦਿੱਤੀ। ਐਨਵਾਇਰਮੈਂਟ ਕੈਨੇਡਾ ਦਾ ਕਹਿਣਾ ਹੈ ਕਿ ਰਾਤ ਦੇ ਤਾਪਮਾਨ 20 ਡਿਗਰੀ ਸੈਲਸੀਅਸ ਤੋਂ ਉੱਪਰ ਰਹਿਣ ਦੇ ਨਾਲ ਗਰਮੀ ਜਾਰੀ ਰਹਿਣ ਦੀ ਸੰਭਾਵਨਾ ਹੈ। ਫ਼ੈਡਰਲ ਵਿਭਾਗ ਦੇ ਨਾਲ ਇੱਕ ਰਾਸ਼ਟਰੀ ਚਿਤਾਵਨੀ ਤਿਆਰੀ ਮੌਸਮ ਵਿਗਿਆਨੀ ਜੈਨੀਫ਼ਰ ਸਮਿੱਥ ਨੇ ਕਿਹਾ ਕਿ ਅਜਿਹੀ ਤੀਬਰ ਗਰਮੀ ਦੀ ਲਹਿਰ ਜੂਨ ਦੇ ਸ਼ੁਰੂ 'ਚ ਘੱਟ ਹੀ ਦੇਖੀ ਗਈ ਹੈ, ਅਤੇ ਇਹ ਹਾਲ ਹੀ ਦੇ ਸਾਲਾਂ 'ਚ ਪੂਰਬੀ ਕੈਨੇਡਾ 'ਚ ਸਭ ਤੋਂ ਭੈੜੀ ਜੁਲਾਈ ਅਤੇ ਅਗਸਤ ਦੀ ਗਰਮੀ ਦੀਆਂ ਲਹਿਰਾਂ ਦੇ ਬਰਾਬਰ ਹੈ।

ਤੁਹਾਨੂੰ ਦੱਸ ਦੇਈਏ ਕਿ ਮੱਧ ਪੂਰਬ ਦੇ ਕਈ ਦੇਸ਼ਾਂ 'ਚ ਜਿੱਥੇ ਪਾਰਾ 50 ਡਿਗਰੀ ਸੈਲਸੀਅਸ ਨੂੰ ਪਾਰ ਕਰ ਗਿਆ ਹੈ, ਉੱਥੇ ਹੀ ਅਮਰੀਕਾ ਨੂੰ ਵੀ ਗਰਮੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਅਤੇ ਇੱਥੇ ਤਾਪਮਾਨ ਨੇ 67 ਸਾਲ ਪੁਰਾਣਾ ਰਿਕਾਰਡ ਤੋੜ ਦਿੱਤਾ ਹੈ। ਫ਼ੀਨਿਕਸ 'ਚ ਤਾਪਮਾਨ 44.4 ਡਿਗਰੀ ਸੈਲਸੀਅਸ ਤਕ ਪਹੁੰਚ ਗਿਆ।

ਮੱਧ-ਪੱਛਮੀ ਰਾਜਾਂ ਨੇ ਤਿੱਖੀ ਗਰਮੀ ਦਾ ਅਨੁਭਵ ਕਰਨਾ ਸ਼ੁਰੂ ਕਰ ਦਿੱਤਾ ਜਿਸ ਨੂੰ ਰਾਸ਼ਟਰੀ ਮੌਸਮ ਸੇਵਾ ਨੇ ਖ਼ਤਰਨਾਕ ਅਤੇ ਲੰਬੇ ਸਮੇਂ ਤਕ ਚੱਲਣ ਵਾਲੀ ਗਰਮੀ ਦੀ ਲਹਿਰ ਕਿਹਾ ਹੈ। ਇਹ ਘੱਟੋ-ਘੱਟ ਆਇਓਵਾ ਤੋਂ ਮੇਨ ਤਕ ਫ਼ੈਲਣ ਦੀ ਉਮੀਦ ਹੈ।

# ਤਿੱਬਤ ਪੌਲਿਸੀ ਬਿੱਲ ਬਾਰੇ ਅਮਰੀਕੀਆਂ ਦੇ ਹਿਤ 'ਚ ਫ਼ੈਸਲਾ ਲੈਣਗੇ ਬਾਇਡਨ



ਵਿਨੀਪੈੱਗ: ਵ੍ਹਾਈਟ ਹਾਊਸ ਨੇ ਕਿਹਾ ਹੈ ਕਿ ਰਾਸ਼ਟਰਪਤੀ ਜੋਅ ਬਾਇਡਨ ਤਿੱਬਤ ਪੌਲਿਸੀ ਬਿੱਲ ਬਾਰੇ ਜੋ ਵੀ ਫ਼ੈਸਲਾ ਲੈਣਗੇ ਉਹ ਅਮਰੀਕਾ ਦੇ ਵਡੇਰੇ ਹਿੱਤਾਂ 'ਚ ਹੋਵੇਗਾ। ਵ੍ਹਾਈਟ ਹਾਊਸ ਨੇ ਇਹ ਟਿੱਪਣੀ ਚੀਨ ਦੇ ਉਸ ਬਿਆਨ ਮਗਰੋਂ ਕੀਤੀ ਹੈ ਜਿਸ 'ਚ ਉਸ ਨੇ ਤਿੱਬਤ ਪੌਲਿਸੀ ਬਿੱਲ ਨੂੰ ਕਾਨੂੰਨ ਦੀ ਸ਼ਕਲ ਦੇਣ ਦੀ ਸੂਰਤ 'ਚ ਠੋਸ ਉਪਰਾਲਿਆਂ ਦੀ ਚਿਤਾਵਨੀ ਦਿੱਤੀ ਸੀ। ਅਮਰੀਕੀ ਕਾਂਗਰਸ ਨੇ ਤਿੱਬਤ ਸਰਕਾਰ ਤੇ ਇਸ ਦੇ ਦਰਜੇ ਸਬੰਧੀ ਜਾਰੀ ਵਿਵਾਦ ਦੇ ਸ਼ਾਂਤੀਪੂਰਣ ਹੱਲ ਦਾ ਸੱਦਾ ਦਿੰਦਿਆਂ ਇਸ ਮਹੀਨੇ ਇੱਕ ਬਿੱਲ 'ਦਾ ਰੀਜ਼ੌਲਵ ਤਿੱਬਤ ਐਕਟ ਪਾਸ ਕੀਤਾ ਸੀ। ਅਮਰੀਕਾ ਨੇ ਪੇਈਚਿੰਗ ਨੂੰ ਸੱਦਾ ਦਿੱਤਾ ਸੀ ਕਿ ਉਹ ਤਿੱਬਤ ਦੇ ਰੂਹਾਨੀ ਆਗੂ ਦਲਾਈਲਾਮਾ ਨਾਲ ਮੁੜ ਸੰਵਾਦ ਸ਼ੁਰੂ ਕਰੇ। ਉਧਰ ਚੀਨ ਨੇ ਆਪਣੀ ਪ੍ਰਭੂਸੱਤਾ, ਸੁਰੱਖਿਆ ਅਤੇ ਵਿਕਾਸ ਨਾਲ ਜੁੜੇ ਹਿੱਤਾਂ ਦੀ ਰਾਖੀ ਲਈ ਠੋਸ ਉਪਰਾਲੇ ਕਰਨ ਦਾ ਅਹਿਦ ਦੁਹਰਾਇਆ ਹੈ।

ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਕੈਰੀਨ ਯੌਂ ਪੀਐਰ ਨੇ ਨਿਯਮਿਤ ਪ੍ਰੈੱਸ ਕਾਨਫ਼ਰੰਸ ਦੌਰਾਨ ਚੀਨ ਦੀ ਚੇਤਾਵਨੀ ਨੂੰ ਲੈ ਕੇ ਪੱਤਰਕਾਰਾਂ ਵਲੋਂ ਪੁੱਛੇ ਸਵਾਲ ਦੇ ਜਵਾਬ 'ਚ ਕਿਹਾ, "ਮੈਂ ਤੁਹਾਨੂੰ ਇਹੀ ਕਹਿ ਸਕਦੀ ਹਾਂ ਕਿ ਰਾਸ਼ਟਰਪਤੀ ਬਾਇਡਨ ਉਹੀ ਫ਼ੈਸਲਾ ਲੈਣਗੇ ਜੋ ਅਮਰੀਕੀ ਲੋਕਾਂ ਦੇ ਵਡੇਰੇ ਹਿਤ 'ਚ ਹੋਵੇਗਾ। ਦਾ ਰੀਜ਼ੌਲਵ ਤਿੱਬਤ ਐਕਟ ਇੱਕ ਦੋ-ਪੱਖੀ ਬਿੱਲ ਹੈ ਜਿਸ ਦਾ ਮੁੱਖ ਮੰਤਵ ਤਿੱਬਤ ਨੂੰ ਅਮਰੀਕੀ ਹਮਾਇਤ ਵਧਾਉਣਾ ਅਤੇ ਤਿੱਬਤ ਤੇ ਚੀਨ ਦਰਮਿਆਨ ਲੰਮੇ ਸਮੇਂ ਤੋਂ ਚੱਲ ਰਹੇ ਵਿਵਾਦ ਦੇ ਸ਼ਾਂਤੀਪੂਰਣ ਹੱਲ ਲਈ ਚੀਨ ਅਤੇ ਦਲਾਈਲਾਮਾ ਵਿਚਕਾਰ ਗੱਲਬਾਤ ਨੂੰ ਹੱਲਾਸ਼ੇਰੀ ਦੇਣਾ ਹੈ।

ਉਧਰ ਚੀਨ ਨੇ ਐਕਟ ਦਾ ਵਿਰੋਧ ਕਰਦਿਆਂ ਬਾਇਡਨ ਨੂੰ ਇਸ 'ਤੇ ਸਹੀ ਪਾਉਣ ਤੋਂ ਵਰਜਿਆ ਸੀ। ਚੀਨੀ ਵਿਦੇਸ਼ ਮੰਤਰਾਲੇ ਦੀ ਤਰਜਮਾਨ ਲਿਨ ਜਿਐਨ ਨੇ ਪੇਈਚਿੰਗ 'ਚ ਪੱਤਰਕਾਰਾਂ ਨੂੰ ਕਿਹਾ, "ਕੋਈ ਵੀ ਤਾਕਤ ਜੋ ਸ਼ੀਜ਼ੈਂਗ (ਤਿੱਬਤ) ਨੂੰ ਅਸਥਿਰ ਜਾਂ ਚੀਨ ਨੂੰ ਦਬਾਉਣ ਦੀ ਕੋਸ਼ਿਸ਼ ਕਰੇਗੀ ਉਹ ਸਫ਼ਲ ਨਹੀਂ ਹੋਵੇਗੀ। ਅਮਰੀਕਾ ਨੂੰ ਇਸ ਬਿੱਲ 'ਤੇ ਸਹੀ ਨਹੀਂ ਪਾਉਣੀ ਚਾਹੀਦੀ। ਚੀਨ ਆਪਣੀ ਪ੍ਰਭੂਸੱਤਾ, ਸੁਰੱਖਿਆ ਤੇ ਵਿਕਾਸ ਨਾਲ ਜੁੜੇ ਹਿੱਤਾਂ ਦੀ ਰਾਖੀ ਲਈ ਠੋਸ ਉਪਰਾਲੇ ਕਰੇਗਾ।" ਚੀਨ ਅਧਿਕਾਰਿਕ ਤੌਰ 'ਤੇ ਤਿੱਬਤ ਦਾ ਸ਼ੀਜ਼ੈਂਗ ਵਜੋਂ ਹਵਾਲਾ ਦਿੰਦਾ ਹੈ। ਚੀਨ ਨੇ ਇਸ ਸਾਲ ਅਪਰੈਲ 'ਚ ਕਿਹਾ ਸੀ ਕਿ ਉਹ ਭਾਰਤ 'ਚ ਆਧਾਰਤ ਜਲਾਵਤਨ ਤਿੱਬਤ ਸਰਕਾਰ ਦੇ ਅਧਿਕਾਰੀਆਂ ਦੀ ਥਾਂ ਸਿਰਫ਼ ਦਲਾਈਲਾਮਾ ਦੇ ਪ੍ਰਤੀਨਿਧਾਂ ਨਾਲ ਹੀ ਗੱਲਬਾਤ ਕਰੇਗਾ। ਇਹੀ ਨਹੀਂ ਚੀਨ ਨੇ ਜਲਾਵਤਨ ਤਿੱਬਤ ਸਰਕਾਰ ਨੂੰ ਖ਼ੁਦਮੁਖ਼ਤਿਆਰੀ ਦੇਣ ਸਬੰਧੀ ਦਲਾਈਲਾਮਾ ਦੀ ਸੰਵਾਦ ਦੀ ਲੰਮੇ ਸਮੇਂ ਤੋਂ ਬਕਾਇਆ ਮੰਗ ਨੂੰ ਵੀ ਨਾਂਹ ਕਰ ਦਿੱਤੀ ਸੀ।

**ਦਲਾਈਲਾਮਾ ਦੇ ਜਾਨਸ਼ੀਨ ਦੀ ਚੋਣ 'ਚ ਚੀਨ ਨੂੰ ਨਹੀਂ ਦੇਣ ਦੇਵਾਂਗੇ ਦਖਲ - US**

ਵ੍ਹਿਸਲਰ: ਤਿੱਬਤ ਦੀ ਖੁਦਮੁਖਤਿਆਰੀ ਦੇ ਮੁੱਦੇ 'ਤੇ ਅਮਰੀਕਾ-ਚੀਨ ਦਰਮਿਆਨ ਚੱਲ ਰਹੀ ਸ਼ਬਦੀ ਜੰਗ ਤੇਜ਼ ਹੋ ਗਈ ਹੈ। ਅਮਰੀਕੀ ਕਾਂਗਰਸ ਦੇ ਇੱਕ ਵਫ਼ਦ ਨੇ 14ਵੇਂ ਦਲਾਈਲਾਮਾ ਨਾਲ ਮੁਲਾਕਾਤ ਕੀਤੀ। ਅਮਰੀਕੀ ਵਫ਼ਦ ਨੇ ਦਲਾਈ ਲਾਮਾ ਨੂੰ ਭਰੋਸਾ ਦਿੱਤਾ ਕਿ ਉਹ ਚੀਨ ਨੂੰ ਉਨ੍ਹਾਂ ਦੇ ਜਾਨਸ਼ੀਨ ਦੀ ਚੋਣ 'ਚ ਕਿਸੇ ਕਿਸਮ ਦੀ ਦਖਲਅੰਦਾਜ਼ੀ ਨਹੀਂ ਕਰਨ ਦੇਵੇਗਾ। ਵਫ਼ਦ 'ਚ ਸ਼ਾਮਿਲ ਅਮਰੀਕੀ ਸਦਨ ਦੀ ਸਾਬਕਾ ਸਪੀਕਰ ਨੈਨਸੀ ਪੈਲੋਸੀ ਨੇ ਇੱਕ ਸਮਾਗਮ ਦੌਰਾਨ ਕਿਹਾ, "ਚੀਨ ਤਿੱਬਤੀ ਸਭਿਆਚਾਰ ਨੂੰ ਬਦਲਣ ਦੀ ਕੋਸ਼ਿਸ਼ ਕਰ ਰਿਹਾ ਹੈ, ਪਰ ਹੁਣ ਚੀਜ਼ਾਂ ਬਦਲ ਗਈਆਂ ਹਨ ਜਿਸ ਲਈ ਚੀਨ ਤਿਆਰ ਰਹੇ।" ਵਫ਼ਦ ਦੀ ਅਗਵਾਈ ਅਮਰੀਕੀ ਸਦਨ ਦੀ ਵਿਦੇਸ਼ੀ ਮਾਮਲਿਆਂ ਬਾਰੇ ਕਮੇਟੀ ਦੇ ਚੇਅਰਮੈਨ ਮਾਈਕਲ ਮੈਕਾਲ ਕਰ ਰਹੇ ਸਨ।

# ਪਾਕਿ ਮੀਡੀਆ ਨੇ ਭਾਰਤ 'ਤੇ ਲਾਏ ਦੋਸ਼

ਨਾਇਆਗਰਾ: ਜੰਮੂ-ਕਸ਼ਮੀਰ ਦੇ ਸੁਜਵਾਂ 'ਚ ਫ਼ਰਵਰੀ 2018 'ਚ ਇੱਕ ਫ਼ੌਜੀ ਬ੍ਰਿਗੇਡ ਹੈੱਡਕੁਆਰਟਰ 'ਤੇ ਹੋਏ ਅਤਿਵਾਦੀ ਹਮਲੇ ਦੇ ਸੂਤਰਧਾਰਾਂ 'ਚ ਸ਼ਾਮਿਲ ਪਾਕਿਸਤਾਨੀ ਫ਼ੌਜ ਦੇ ਰਿਟਾਇਰਡ ਬ੍ਰਿਗੇਡੀਅਰ ਆਮਿਰ ਹਮਜ਼ਾ ਦੀ ਮੌਤ ਤੋਂ ਬਾਅਦ ਪਾਕਿਸਤਾਨ ਦਾ ਮੀਡੀਆ ਬੌਖਲਾਇਆ ਹੋਇਆ ਹੈ। ਪਾਕਿਸਤਾਨ ਦੀਆਂ ਅਖ਼ਬਾਰਾਂ ਅਤੇ ਸੋਸ਼ਲ ਮੀਡੀਆ 'ਤੇ ਇਸ ਹੱਤਿਆ ਲਈ ਭਾਰਤ 'ਤੇ ਦੋਸ਼ ਲਗਾਏ ਜਾ ਰਹੇ ਹਨ। ਅਸਲ 'ਚ ਆਮਿਰ ਹਮਜ਼ਾ ਨੂੰ ਪਾਕਿਸਤਾਨੀ ਪੰਜਾਬ ਦੇ ਜੇਹਲਮ ਜ਼ਿਲ੍ਹੇ 'ਚ ਉਸ ਸਮੇਂ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਜਦੋਂ ਉਹ ਈਦ ਦੇ ਸਿਲਸਿਲੇ 'ਚ ਆਪਣੇ ਕਿਸੇ ਰਿਸ਼ਤੇਦਾਰ ਦੇ ਘਰ ਜਾ ਰਿਹਾ ਸੀ। ਹਮਜ਼ਾ ਕਾਰ 'ਚ ਸਵਾਰ ਸੀ। ਉਸ ਦੀ ਪਤਨੀ ਅਤੇ ਬੇਟੀ ਮੁਸਕਾਨ ਵੀ ਉਸ ਦੇ ਨਾਲ ਸਨ। ਇਸ ਹਮਲੇ 'ਚ ਹਮਜ਼ਾ ਦੀ ਬੇਟੀ ਅਤੇ ਪਤਨੀ ਵੀ ਜ਼ਖ਼ਮੀ ਹੋਏ ਹਨ।ਇਸ ਪੂਰੀ ਘਟਨਾ ਤੋਂ ਬਾਅਦ ਪਾਕਿਸਤਾਨ ਦਾ ਮੀਡੀਆ ਇਸ ਦਾ ਦੋਸ਼ ਭਾਰਤ 'ਤੇ ਲਗਾ ਰਿਹਾ ਹੈ। ਖਾਸ ਤੌਰ 'ਤੇ ਪਾਕਿਸਤਾਨ ਦੀ ਖ਼ੁਫ਼ੀਆ ਏਜੰਸੀ ISI ਨੂੰ ਸਮਰਪਿਤ ਕੁਝ ਯੂ-ਟਿਊਬ ਚੈਨਲਜ਼ ਅਤੇ X 'ਤੇ ਇਸ ਹਮਲੇ ਲਈ ਭਾਰਤ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਪਿਛਲੇ ਕੁਝ ਮਹੀਨਿਆਂ 'ਚ ਪਾਕਿਸਤਾਨ 'ਚ ਇਸ ਤਰ੍ਹਾਂ ਦੇ ਵਿਅਕਤੀਆਂ ਦੀਆਂ ਹੱਤਿਆਵਾਂ ਹੋਈਆਂ ਹਨ, ਜਿਨ੍ਹਾਂ ਦਾ ਭਾਰਤ 'ਚ ਹੋਏ ਅਤਿਵਾਦੀ ਹਮਲਿਆਂ ਨਾਲ ਸਬੰਧ ਰਿਹਾ ਹੈ।ਇਸੇ ਸਾਲ 14 ਅਪ੍ਰੈਲ ਨੂੰ ਲਾਹੌਰ 'ਚ ਲਕਸ਼ਰ ਦੇ ਸੰਸਥਾਪਕ ਹਾਫ਼ਿਜ਼ ਸਈਦ ਦੇ ਕਰੀਬੀ ਆਮਿਰ ਸ਼ਰਫ਼ਰਾਜ਼ ਨੂੰ ਅਣਪਛਾਤੇ ਹਮਲਾਵਰਾਂ ਨੇ ਘਰ 'ਚ ਵੜ ਕੇ ਮਾਰ ਦਿੱਤਾ ਸੀ। ਉਸ ਤੋਂ ਪਹਿਲਾਂ ਅਕਤੂਬਰ 2023 'ਚ ਪਠਾਨਕੋਟ ਏਅਰਬੇਸ 'ਤੇ ਹਮਲੇ ਦੇ ਦੋਸ਼ੀ ਸ਼ਾਹਿਦ ਲਤੀਫ਼ ਅਤੇ ਉਸ ਦੇ ਭਰਾ ਨੂੰ ਸਿਆਲਕੋਟ 'ਚ ਅਣਪਛਾਤੇ ਹਮਲਾਵਰਾਂ ਨੇ ਗੋਲੀ ਮਾਰ ਦਿੱਤੀ ਸੀ।

30 ਸਤੰਬਰ 2023 ਨੂੰ ਲਸ਼ਕਰ ਦੇ ਸਰਗਣਾ ਹਾਫ਼ਿਜ਼ ਸਈਦ ਦਾ ਸਹਿਯੋਗੀ ਮੁਫ਼ਤੀ ਕੈਸਰ ਫ਼ਾਰੁਖ ਕਰਾਚੀ 'ਚ ਅਣਪਛਾਤੇ ਹਮਲਾਵਰਾਂ ਦੀ ਗੋਲੀ ਦਾ ਸ਼ਿਕਾਰ ਹੋ ਗਿਆ ਸੀ। 12 ਸਤੰਬਰ, 2023 ਨੂੰ ਲਸ਼ਕਰ ਅਤੇ ਹਿਜ਼ਬੁਲ ਦੇ ਕੋਔਰਡੀਨੇਟਰ ਜ਼ੀਆ ਉਰ ਰਹਿਮਾਨ ਨੂੰ ਕਰਾਚੀ 'ਚ ਸ਼ਾਮ ਨੂੰ ਦੋ ਅਣਪਛਾਤੇ ਹਮਲਾਵਰਾਂ ਨੇ ਗੋਲੀ ਮਾਰ ਦਿੱਤੀ ਸੀ।

# ਆਸਟ੍ਰੇਲੀਆ 'ਚ ਬਰਡ ਫ਼ਲੂ ਕਾਰਨ ਮਾਰੇ ਜਾਣਗੇ 10 ਲੱਖ ਪੰਛੀ



ਵਿਨੀਪੈੱਗ: ਆਸਟਰੇਲੀਆ 'ਚ ਮਈ 'ਚ ਸ਼ੁਰੂ ਹੋਏ ਬਰਡ ਫ਼ਲੂ ਦਾ ਪ੍ਰਕੋਪ ਲਗਾਤਾਰ ਵਧਦਾ ਜਾ ਰਿਹਾ ਹੈ। ਮੈਲਬਰਨ 'ਚ ਸਤਵੇਂ ਵਿਕਟੋਰੀਅਨ ਫ਼ਾਰਮ 'ਚ ਵਾਇਰਸ ਦਾ ਪਤਾ ਲੱਗਣ ਤੋਂ ਬਾਅਦ ਦੇਸ਼ ਵਾਇਰਸ ਦੇ ਆਪਣੇ ਸਭ ਤੋਂ ਵੱਡੇ ਪ੍ਰਕੋਪ ਦਾ ਸਾਹਮਣਾ ਕਰ ਰਿਹਾ ਹੈ। ਇਹ ਪ੍ਰਕੋਪ ਮਈ 'ਚ ਸ਼ੁਰੂ ਹੋਇਆ ਸੀ ਅਤੇ ਸਖ਼ਤ ਨਿਯੰਤਰਣ ਉਪਾਵਾਂ ਦੇ ਬਾਵਜੂਦ ਫ਼ੈਲਦਾ ਜਾ ਰਿਹਾ ਹੈ। ਸਾਰੇ ਪ੍ਰਭਾਵਿਤ ਫ਼ਾਰਮ ਹਾਊਸ 'ਚ ਜਾਂ ਤਾਂ 73 ਜਾਂ 79 ਸਟ੍ਰੇਨ ਹੈ ਜੋ ਅਮਰੀਕਾ 'ਚ ਪਸ਼ੂਆਂ ਅਤੇ ਪੰਛੀਆਂ ਨੂੰ ਪ੍ਰਭਾਵਿਤ ਕਰਨ ਵਾਲੇ 51 ਕਿਸਮਾਂ ਦੇ ਬਰਡ ਫ਼ਲੂ ਤੋਂ ਵੱਖ ਹੈ।

ਸਤਵੇਂ ਵਿਕਟੋਰੀਅਨ ਫ਼ਾਰਮ 'ਚ ਬਰਡ ਫ਼ਲੂ ਦਾ ਪਤਾ ਲੱਗਣ ਤੋਂ ਬਾਅਦ 10 ਲੱਖ ਤੋਂ ਵੱਧ ਪੰਛੀਆਂ ਨੂੰ ਮਾਰਿਆ ਜਾਵੇਗਾ। ਆਸਟ੍ਰੇਲੀਆ 'ਚ ਬਰਡ ਫ਼ਲੂ ਦਾ ਸਭ ਤੋਂ ਵੱਡਾ ਪ੍ਰਕੋਪ ਘਾਤਕ ਸਾਬਿਤ ਹੋਇਆ ਹੈ। ਵਿਕਟੋਰੀਆ ਦੇ ਅਧਿਕਾਰੀਆਂ ਨੇ ਪੁਸ਼ਟੀ ਕੀਤੀ ਹੈ ਕਿ ਵਾਇਰਸ ਦੇ ਫ਼ੈਲਣ ਨੂੰ ਰੋਕਣ ਲਈ ਇੱਕ ਮਿਲੀਅਨ ਤੋਂ ਵੱਧ ਪੰਛੀਆਂ ਨੂੰ ਮਾਰਿਆ ਜਾਵੇਗਾ।

ਦੱਖਣ-ਪੱਛਮੀ ਵਿਕਟੋਰੀਆ ਦੇ ਸੱਤ ਫ਼ਾਰਮਾਂ 'ਤੇ ਏਵੀਅਨ ਫ਼ਲੂ ਦੇ ਬਹੁਤ ਜ਼ਿਆਦਾ ਜ਼ਰਾਸੀਮ ਪਾਏ ਗਏ ਹਨ ਜੋ ਸੈਂਕੜੇ ਹਜ਼ਾਰਾਂ ਪੰਛੀਆਂ ਨੂੰ ਪ੍ਰਭਾਵਿਤ ਕਰਦੇ ਹਨ। ਇਹ ਪ੍ਰਕੋਪ ਮਈ 'ਚ ਮੈਰੀਡੀਥ ਦੇ ਨੇੜੇ ਇੱਕ ਅੰਡਿਆਂ ਦੇ ਫ਼ਾਰਮ 'ਚ ਸ਼ੁਰੂ ਹੋਇਆ ਸੀ, ਅਤੇ ਇਸ ਖੇਤਰ 'ਚ ਫ਼ੈਲਦਾ ਗਿਆ ਹੁਣ ਸਥਾਨਕ ਕਿਸਾਨਾਂ ਨੂੰ ਆਸਟਰੇਲੀਆ ਦੀ ਕਠੋਰ ਨਿਯਮਾਂ ਦਾ ਸਾਹਮਣਾ ਕਰਨਾ ਹੋਵੇਗਾ ਅਤੇ ਨੁਕਸਾਨ ਝਲਣਾ ਪਵੇਗਾ।

# ਲੰਡਨ ਹਿੰਦੂ ਬੱਚਿਆਂ 'ਤੇ ਸਹਿਪਾਠੀ ਬਣਾ ਰਹੇ ਨੇ ਮੁਸਲਮਾਨ ਬਣਨ ਦਾ ਦਬਾਅ



ਕਿਚਨਰ: ਬ੍ਰਿਟੇਨ ਦੇ ਪੱਛਮੀ ਲੰਡਨ ਦੇ ਹਾਊਂਸਲੋ ਸ਼ਹਿਰ 'ਚ ਛੋਟੇ ਬੱਚਿਆਂ 'ਤੇ ਜ਼ਬਰਦਸਤੀ ਧਰਮ ਪਰਿਵਰਤਨ ਲਈ ਦਬਾਅ ਪਾਉਣ ਦਾ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ। ਘਟਨਾ 13 ਜੂਨ 2024 ਦੀ ਹੈ। ਹਾਊਂਸਲੋ ਦੇ ਇੱਕ ਸਕੂਲ 'ਚ ਦੂਜੀ ਜਮਾਤ 'ਚ ਪੜ੍ਹਨ ਵਾਲੇ ਸੱਤ ਸਾਲ ਦੇ ਤਿੰਨ ਲੜਕਿਆਂ ਨੇ ਇੱਕ ਹਿੰਦੂ ਸਹਿਪਾਠੀ ਨੂੰ ਬਾਰ-ਬਾਰ ਦਬਾਅ ਪਾ ਕੇ ਇਸਲਾਮ ਕਬੂਲ ਕਰਾਉਣ ਦੀ ਕੋਸ਼ਿਸ ਕੀਤੀ। ਜਾਂਚ ਤੋਂ ਬਾਅਦ ਪਤਾ ਲੱਗਾ ਕਿ ਉਨ੍ਹਾਂ ਲੜਕਿਆਂ ਨੇ ਹੋਰਨਾਂ ਹਿੰਦੂ ਵਿਦਿਆਰਥੀਆਂ ਨਾਲ ਵੀ ਅਜਿਹਾ ਕੀਤਾ ਸੀ। ਪੀੜਤ ਬੱਚੇ ਦੇ ਪਿਤਾ ਨੇ ਕਿਹਾ, "ਦੂਜੇ ਬੱਚਿਆਂ ਦੇ ਮਾਪੇ ਚੁੱਪ ਰਹੇ, ਪਰ ਮੈਂ ਜਾਗਰੂਕਤਾ ਪੈਦਾ ਕਰਨ ਲਈ ਆਪਣਾ ਅਨੁਭਵ ਸਾਂਝਾ ਕਰਨ ਦਾ ਫ਼ੈਸਲਾ ਕੀਤਾ।"

ਪੀੜਤ ਬੱਚੇ ਦੇ ਪਿਤਾ ਨੇ ਦੱਸਿਆ, "ਮੈਂ ਹਾਊਂਸਲੋ ਦਾ ਰਹਿਣ ਵਾਲਾ ਹਾਂ ਅਤੇ ਮੇਰਾ ਸੱਤ ਸਾਲ ਦਾ ਬੇਟਾ ਹੇਸਟਨ ਦੇ ਸਪ੍ਰਿੰਗਵੇਲ ਜੂਨੀਅਰ ਸਕੂਲ 'ਚ ਪੜ੍ਹਦਾ ਹੈ। ਹਾਲ ਹੀ 'ਚ ਮੇਰੇ ਬੇਟੇ ਨੂੰ ਸਕੂਲ ਤੋਂ ਚੁੱਕਣ ਤੋਂ ਬਾਅਦ, ਉਸ ਨੇ ਮੈਨੂੰ ਕਿਹਾ ਕਿ ਮੈਕਡੌਨਲਡਜ਼ ਹਲਾਲ ਨਹੀਂ, ਅਤੇ ਸਾਨੂੰ ਉੱਥੋਂ ਕੁਝ ਨਹੀਂ ਖਾਣਾ ਚਾਹੀਦਾ। ਇੱਕ ਸ਼ਾਕਾਹਾਰੀ ਹਿੰਦੂ ਪਰਿਵਾਰ ਹੋਣ ਦੇ ਨਾਤੇ, ਮੈਂ ਉਸ ਨੂੰ ਸਮਝਾਇਆ ਕਿ ਅਸੀਂ ਸਿਰਫ਼ ਸ਼ਾਕਾਹਾਰੀ ਭੋਜਨ ਖਾਂਦੇ ਹਾਂ ਅਤੇ ਆਮ ਤੌਰ 'ਤੇ ਸਿਹਤ ਦੇ ਕਾਰਨਾਂ ਕਰ ਕੇ ਫ਼ਾਸਟ ਫ਼ੂਡ ਤੋਂ ਪ੍ਰਹੇਜ਼ ਕਰਦੇ ਹਾਂ। ਬਾਅਦ 'ਚ ਮੇਰੇ ਬੇਟੇ ਨੇ ਮੈਨੂੰ ਦੱਸਿਆ ਕਿ ਉਸ ਦੇ ਦੋਸਤ ਯਾਹੀਆ ਨੇ ਕਿਹਾ ਸੀ ਕਿ ਮਾਸ ਖਾਣ ਨਾਲ ਤੁਸੀਂ ਮਜ਼ਬੂਤ ਬਣਦੇ ਹੋ ਅਤੇ ਹਲਾਲ ਖਾਣ ਨਾਲ ਤੁਸੀਂ ਹੋਰ ਵੀ ਮਜ਼ਬੂਤ ਹੁੰਦੇ ਹੋ। ਚਿੰਤਤ ਹੋ ਕੇ ਮੈਂ ਇਸ ਦੀ ਸੂਚਨਾ ਪ੍ਰਿੰਸੀਪਲ ਨੂੰ ਦਿੱਤੀ। ਉਸ ਤੋਂ ਬਾਅਦ ਉਨ੍ਹਾਂ ਨੇ ਸਾਨੂੰ ਭਰੋਸਾ ਦਵਾਇਆ ਕਿ ਉਹ ਸਥਿਤੀ 'ਤੇ ਨਜ਼ਰ ਰਖਣਗੇ।"

"ਘਰ 'ਚ ਵੀ ਮੇਰੇ ਬੇਟੇ ਨੇ ਮੁਸਲਮਾਨ ਬਣਨ ਦੀ ਇੱਛਾ ਜ਼ਾਹਿਰ ਕੀਤੀ ਤਾਂ ਕਿ ਉਹ ਚਿਕਨ ਖਾ ਸਕੇ। ਉਸੇ ਦਿਨ ਮੇਰੀ ਪਤਨੀ ਨੇ ਮੈਨੂੰ ਇੱਕ ਹੋਰ ਵੀ ਭਿਆਨਕ ਗੱਲ ਦੱਸਣ ਲਈ ਫ਼ੋਨ ਕੀਤਾ। ਮੇਰੇ ਬੇਟੇ ਨੇ ਕਿਹਾ ਕਿ ਯਾਹੀਆ ਨੇ ਉਸ ਨੂੰ ਕਿਹਾ ਕਿ ਉਹ ਉਸ ਨੂੰ ਬਿਸਮਿਲਾਹ ਕਹੇ ਅਤੇ ਆਪਣਾ ਨਾਮ ਬਦਲ ਕੇ ਮੁਹੰਮਦ ਰੱਖੇ, ਨਹੀਂ ਤਾਂ ਯਾਹੀਆ ਹੁਣ ਉਸ ਦਾ ਦੋਸਤ ਨਹੀਂ ਰਹੇਗਾ। ਮੈਂ ਤੁਰੰਤ ਸਕੂਲ ਨਾਲ ਸੰਪਰਕ ਕੀਤਾ ਅਤੇ ਵਾਈਸ ਪ੍ਰਿੰਸੀਪਲ ਨਾਲ ਗੱਲ ਕੀਤੀ।"

"ਅਗਲੇ ਦਿਨ (14 ਜੂਨ 2024), ਹੈੱਡਮਾਸਟਰ ਨੇ ਮੇਰੇ ਬੇਟੇ ਦੀ ਕਲਾਸ ਦੇ ਸਾਰੇ ਬੱਚਿਆਂ ਦੀ ਇੰਟਰਵਿਊ ਲਈ। ਸਾਨੂੰ ਦੁਪਹਿਰ ਨੂੰ ਬੁਲਾਇਆ ਗਿਆ ਅਤੇ ਖ਼ੁਲਾਸੇ ਤੋਂ ਹੈਰਾਨ ਰਹਿ ਗਏ। ਮੇਰੇ ਬੇਟੇ ਨੂੰ ਪੁੱਛਿਆ ਗਿਆ ਕਿ ਕੀ ਉਸ ਨੂੰ ਮੁਹੰਮਦ ਕਹੇ ਜਾਣ ਕਾਰਨ ਉਸ ਨੂੰ ਕੋਈ ਪਰੇਸ਼ਾਨੀ ਤਾਂ ਨਹੀਂ ਅਤੇ ਉਸ ਨੇ ਅੱਗੋਂ ਜਵਾਬ ਦਿੱਤਾ ਕਿ ਉਸ ਨੂੰ ਕੋਈ ਪਰੇਸ਼ਾਨੀ ਨਹੀਂ। ਮੇਰੇ ਬੇਟੇ ਨੂੰ ਇੱਕ ਹੋਰ ਸਹਿਪਾਠੀ ਨੇ ਆਪਣੇ ਧਾਰਮਿਕ ਗੁੱਟ (ਮੌਲੀ) ਨੂੰ ਕੱਟਣ ਲਈ ਮਜਬੂਰ ਕੀਤਾ ਜੋ ਉਹ ਮੰਦਰ ਜਾਣ ਤੋਂ ਬਾਅਦ ਪਹਿਨਦਾ ਸੀ।"

"ਮੇਰੇ ਬੇਟੇ ਨੇ ਮਹਿਸੂਸ ਕੀਤਾ ਕਿ ਉਸ ਦੇ ਦੋਸਤਾਂ ਦੁਆਰਾ ਉਨ੍ਹਾਂ ਦੀਆਂ ਮੰਗਾਂ ਦੀ ਪਾਲਣਾ ਕਰਨ ਲਈ ਦਬਾਅ ਪਾਇਆ ਜਾਂਦਾ ਹੈ ਜਾਂ ਉਸ ਨੂੰ ਆਪਣਾ ਦੋਸਤ ਗੁਆਉਣ ਦਾ ਦਬਾਅ ਬਣਾਇਆ ਜਾਂਦਾ ਹੈ। ਹੈੱਡਮਾਸਟਰ ਨੇ ਤੁਰੰਤ ਕਾਰਵਾਈ ਕਰਦੇ ਹੋਏ ਤਿੰਨ ਵਿਦਿਆਰਥੀਆਂ ਨੂੰ ਮੁਅੱਤਲ ਕਰ ਦਿੱਤਾ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਮੀਟਿੰਗ ਲਈ ਬੁਲਾਇਆ।"

ਪੀੜਤ ਬੱਚੇ ਦੇ ਪਿਤਾ ਨੇ ਕਿਹਾ, "ਇੱਕ ਬਾਪ ਹੋਣ ਦੇ ਨਾਤੇ ਇਸ ਘਟਨਾ ਨੇ ਮੈਨੂੰ ਬਹੁਤ ਤਨਾਅ 'ਚ ਪਾ ਦਿੱਤਾ ਹੈ। ਮੈਂ ਭਰੋਸਾ ਦਿਵਾਉਣਾ ਚਾਹੁੰਦਾ ਹਾਂ ਕਿ ਭਵਿੱਖ 'ਚ ਅਜਿਹੀਆਂ ਘਟਨਾਵਾਂ ਨੂੰ ਰੋਕਿਆ ਜਾਵੇਗਾ, ਅਤੇ ਇਨ੍ਹਾਂ ਸੰਵੇਦਨਸ਼ੀਲ ਮਾਮਲਿਆਂ 'ਤੇ ਨੇੜਿਓਂ ਨਜ਼ਰ ਰੱਖੀ ਜਾਵੇਗੀ। ਮੈਂ ਸਾਰਿਆਂ ਨੂੰ ਜਾਗਰੂਕ ਕਰਨ ਅਤੇ ਇਹ ਯਕੀਨੀ ਬਣਾਉਣ ਲਈ ਇਸ ਨੂੰ ਸਾਂਝਾ ਕਰਨ ਦਾ ਫ਼ੈਸਲਾ ਕੀਤਾ ਹੈ ਕਿ ਸਾਡੇ ਬੱਚੇ ਸੁਰੱਖਿਅਤ ਹਨ ਅਤੇ ਉਨ੍ਹਾਂ ਦੇ ਵਿਸ਼ਵਾਸ਼ਾਂ ਦਾ ਸਨਮਾਨ ਕੀਤਾ ਜਾਂਦਾ ਹੈ।"

# ਇਮਰਾਨ ਖ਼ਾਨ ਦਾ ਸਿਆਸੀ ਸਲਾਹਕਾਰ ਅਗਵਾ



ਸਰੀ: ਪਾਕਿਸਤਾਨ ਦੇ ਜੇਲ੍ਹ 'ਚ ਬੰਦ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੇ ਸਿਆਸੀ ਸਲਾਹਕਾਰ ਨੂੰ ਪੰਜਾਬ ਸੂਬੇ ਦੀ ਰਾਜਧਾਨੀ ਲਾਹੌਰ ਤੋਂ ਕੁਝ ਅਣਪਛਾਤੇ ਲੋਕਾਂ ਨੇ ਅਗਵਾ ਕਰ ਲਿਆ ਹੈ। ਮੀਡੀਆ ਰਿਪੋਰਟਾਂ 'ਚ ਇਹ ਜਾਣਕਾਰੀ ਦਿੱਤੀ ਗਈ। ਦਾ ਐੱਕਸਪ੍ਰੈੱਸ ਟ੍ਰਿਬਿਊਨ ਅਖ਼ਬਾਰ ਨੇ ਖ਼ਬਰ ਦਿੱਤੀ ਹੈ ਕਿ ਪਾਕਿਸਤਾਨ ਤਹਿਰੀਕ-ਏ-ਇਨਸਾਫ (PTI) ਦੇ ਆਗੂ ਸ਼ਾਹਬਾਜ਼ ਗਿੱਲ ਦੇ ਵੱਡੇ ਭਰਾ ਗ਼ੁਲਾਮ ਸਬੀਰ ਨੂੰ ਕੁਝ ਦਿਨ ਪਹਿਲਾਂ ਅਣਪਛਾਤੇ ਵਿਅਕਤੀਆਂ ਨੇ ਉਸ ਵੇਲੇ ਅਗਵਾ ਕਰ ਲਿਆ ਸੀ ਜਦੋਂ ਉਹ ਇਸਲਾਮਾਬਾਦ ਜਾ ਰਿਹਾ ਸੀ।

ਇਸ ਸਬੰਧੀ ਥਾਣਾ ਕਾਨ੍ਹ 'ਚ ਇੱਕ FIR ਦਰਜ ਕੀਤੀ ਗਈ ਹੈ। FIR ਉਸ ਦੇ ਬੇਟੇ ਬਿਲਾਲ ਵਲੋਂ ਦਰਜ ਕਰਵਾਈ ਗਈ ਹੈ ਜਿਸ 'ਚ ਕਿਹਾ ਗਿਆ ਹੈ ਕਿ ਸਬੀਰ ਦੇਰ ਰਾਤ ਲਾਹੌਰ ਦੇ ਖ਼ਯਾਬਾਨ-ਏ-ਅਮੀਨ 'ਚ ਆਪਣਾ ਘਰ ਛੱਡ ਕੇ ਇਸਲਾਮਾਬਾਦ ਵੱਲ ਜਾ ਰਿਹਾ ਸੀ। ਕੋਈ ਹੋਰ ਜਾਣਕਾਰੀ ਉਪਲਬਧ ਨਹੀਂ। PTI ਪਾਰਟੀ ਦੇ ਸੰਸਥਾਪਕ ਖ਼ਾਨ ਕੁਝ ਮਾਮਲਿਆਂ 'ਚ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ ਪਿਛਲੇ ਸਾਲ ਅਗਸਤ ਤੋਂ ਜੇਲ੍ਹ 'ਚ ਹਨ। ਉਸ ਖ਼ਿਲਾਫ਼ 200 ਦੇ ਕਰੀਬ ਕੇਸ ਦਰਜ ਹਨ।

# ਭਾਰਤੀ ਔਰਤਾਂ ਨਾਲ ਬਦਸਲੂਕੀ ਕਰਨ ਵਾਲੀ ਅਮਰੀਕੀ ਮਹਿਲਾ ਨੂੰ ਹੋਈ ਜੇਲ੍ਹ



ਮਿਸੀਸਾਗਾ: ਭਾਰਤੀਆਂ ਨੂੰ ਅਮਰੀਕਾ 'ਚ ਲੰਬੇ ਸਮੇਂ ਤੋਂ ਨਸਲੀ ਸ਼ੋਸ਼ਣ ਦਾ ਸਾਹਮਣਾ ਕਰਨਾ ਪੈ ਰਿਹਾ ਹੈ। 2022 'ਚ ਅਜਿਹੀ ਇੱਕ ਘਟਨਾ ਟੈਕਸਸ 'ਚ ਵਾਪਰੀ ਸੀ। ਅਗਸਤ 2022 'ਚ ਟੈਕਸਸ ਦੇ ਸ਼ਹਿਰ ਪਲੈਨੋ 'ਚ ਇੱਕ ਪਰੇਸ਼ਾਨ ਕਰਨ ਵਾਲੀ ਘਟਨਾ ਸਾਹਮਣੇ ਆਈ ਸੀ ਜਦੋਂ ਐਸਮੇਰਾਲਡਾ ਅਪਟਨ ਨਾਮੀ ਇੱਕ ਅਮਰੀਕਨ ਔਰਤ ਨੇ ਸਿਕਸਟੀ ਵਾਈਨਜ਼ ਨਾਮੀਂ ਰੈਸਟੋਰੈਂਟ ਦੇ ਬਾਹਰ ਚਾਰ ਭਾਰਤੀ-ਅਮਰੀਕੀ ਔਰਤਾਂ ਉੱਤੇ ਜ਼ੁਬਾਨੀ ਹਮਲੇ ਦੇ ਨਾਲ ਹੱਥੀਂ ਹਮਲਾ ਵੀ ਕੀਤਾ ਸੀ।

ਐਸਮੇਰਾਲਡਾ ਅਪਟਨ ਨਾਮੀ ਉਹ ਭਾਰਤੀ-ਅਮਰੀਕਨ ਤਿੰਨ ਔਰਤਾਂ ਦੇ ਕੋਲ ਗਈ ਅਤੇ ਚੀਕ ਕੇ ਕਿਹਾ, "ਮੈਂ ਤੁਹਾਨੂੰ ਇੰਡੀਅਨਜ਼ ਨੂੰ ਨਫ਼ਰਤ ਕਰਦੀ ਹਾਂ। ਅਸੀਂ ਤੁਹਾਨੂੰ ਇੱਥੇ ਨਹੀਂ ਚਾਹੁੰਦੇ।" ਉਸ ਨੇ ਉਨ੍ਹਾਂ ਨੂੰ ਗਧੇ ਅਤੇ ਕੁੱਤੀਆਂ ਵੀ ਕਿਹਾ ਅਤੇ ਉਨ੍ਹਾਂ ਦਾ ਅਪਮਾਨ ਕੀਤਾ। ਅਪਟਨ ਨੇ ਫ਼ਿਰ ਉਨ੍ਹਾਂ ਤਿੰਨ ਔਰਤਾਂ 'ਤੇ ਸ਼ਰੀਰਕ ਹਮਲਾ ਕੀਤਾ, ਅਤੇ ਉਨ੍ਹਾਂ ਨੂੰ ਗੋਲੀ ਮਾਰਨ ਦੀ ਧਮਕੀ ਦਿੱਤੀ ਸੀ। ਭਾਰਤੀ ਔਰਤਾਂ ਦੇ ਉਸ ਨੂੰ ਰੋਕਣ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ, ਐਸਮੇਰਾਲਡਾ ਅਪਟਨ ਨਾਮਕ ਔਰਤ ਚੀਕੀ ਅਤੇ ਕਿਹਾ, "ਭਾਰਤ ਵਾਪਿਸ ਜਾਓ ... ਜੇਕਰ ਤੁਹਾਡੇ ਦੇਸ਼ 'ਚ ਚੀਜ਼ਾਂ ਇੰਨੀਆਂ ਵਧੀਆ ਹਨ, ਤਾਂ ਉੱਥੇ ਹੀ ਰਹੋ! "

ਖ਼ੁਸ਼ਕਿਸਮਤੀ ਨਾਲ ਪੁਲੀਸ ਨੇ ਸਮੇਂ ਸਿਰ ਪਹੁੰਚ ਕੇ ਦਖਲਅੰਦਾਜ਼ੀ ਕਰ ਕੇ ਇਸ ਸਥਿਤੀ ਨੂੰ ਸ਼ਾਂਤ ਕੀਤਾ। ਵੀਡੀਓ 'ਚ ਕੈਦ ਹੋਈ ਇਹ ਘਟਨਾ ਕਾਫ਼ੀ ਵਾਇਰਲ ਹੋ ਗਈ ਅਤੇ ਦੁਨੀਆਂ ਭਰ 'ਚ ਰੋਸ ਫ਼ੈਲ ਗਿਆ ਸੀ। ਹੁਣ ਲਗਭਗ ਦੋ ਸਾਲਾਂ ਬਾਅਦ 59 ਸਾਲ ਦੀ ਉਮਰ ਦੀ ਐਸਮੇਰਾਲਡਾ ਨੂੰ ਕਾਊਂਟੀ ਅਦਾਲਤ ਨੇ 40 ਦਿਨਾਂ ਦੀ ਜੇਲ੍ਹ ਦੀ ਸਜ਼ਾ ਸੁਣਾਈ ਹੈ। ਉਸ ਨੂੰ ਅਦਾਲਤ ਨੇ ਕਈ ਦੋਸ਼ਾਂ ਲਈ ਦੋਸ਼ੀ ਮੰਨਿਆ ਜਿਨ੍ਹਾਂ 'ਚ ਹਮਲਾ ਕਰਨ ਅਤੇ ਨਫ਼ਰਤ-ਅਪਰਾਧ ਨੂੰ ਵਧਾਉਣ ਦੇ ਨਾਲ ਅਤਿਵਾਦੀ ਧਮਕੀਆਂ ਦੇਣਾ ਵੀ ਸ਼ਾਮਿਲ ਹਨ। ਇੱਕ ਅਪੀਲ ਦੇ ਹਿੱਸੇ ਵਜੋਂ, ਐਸਮੇਰਾਲਡਾ ਅਪਟਨ ਨੂੰ 19 ਜੁਲਾਈ ਤੋਂ ਸ਼ੁਰੂ ਹੋਣ ਵਾਲੀ ਆਪਣੀ ਸਜ਼ਾ ਪੂਰੀ ਕਰੇਗੀ।

# ਬਰਸਾਤੀ ਸੀਜ਼ਨ ਦੌਰਾਨ ਜ਼ਿਲ੍ਹੇ ਵਿੱਚ 2.50 ਲੱਖ ਬੂਟੇ ਲਗਾਉਣ ਦਾ ਮਿਥਿਆ ਗਿਆ ਟੀਚਾ: ਡਿਪਟੀ ਕਮਿਸ਼ਨਰ

➢ ਬਰਸਾਤੀ ਪਾਣੀ ਨੂੰ ਜ਼ਮੀਨ ਹੇਠ ਰੀਚਾਰਜ ਕਰਨ ਲਈ ਵੱਧ ਤੋਂ ਵੱਧ ਪ੍ਰੋਜੈਕਟ ਲਗਾਉਣ ਦੇ ਆਦੇਸ਼

➢ ਸਰਕਾਰੀ ਥਾਵਾਂ ਤੇ ਬੂਟੇ ਲਗਾਉਣ ਲਈ ਸਮੂਹ ਵਿਭਾਗਾਂ ਤੋਂ ਸੋਮਵਾਰ ਤੱਕ ਮੰਗੀ ਗਈ ਤਜ਼ਵੀਜ਼

**ਫਤਹਿਗੜ੍ਹ ਸਾਹਿਬ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹੇ ਦੇ ਵਾਤਾਵਰਣ ਨੂੰ ਹਰਿਆ-ਭਰਿਆ ਬਣਾਉਣ ਅਤੇ ਧਰਤੀ ਹੇਠਲੇ ਪਾਣੀ ਦੇ ਡਿੱਗ ਰਹੇ ਪੱਧਰ ਨੂੰ ਠੱਲ ਪਾਉਣ ਦੇ ਮੰਤਵ ਨਾਲ ਆਉਂਦੇ ਬਰਸਾਤੀ ਸੀਜ਼ਨ ਦੌਰਾਨ ਜ਼ਿਲ੍ਹੇ ਭਰ ਵਿੱਚ 2.50 ਲੱਖ ਬੂਟੇ ਲਗਾਉਣ ਦਾ ਟੀਚਾ ਮਿਥਿਆ ਗਿਆ ਹੈ ਇਸ ਲਈ ਸਮੂਹ ਵਿਭਾਗਾਂ ਦੇ ਅਧਿਕਾਰੀ ਸੋਮਵਾਰ ਤੱਕ ਬੂਟੇ ਲਗਾਉਣ ਸਬੰਧੀ ਆਪਣੀ ਤਜਵੀਜ ਬਣਾ ਕੇ ਭੇਜਣ ਨੂੰ ਯਕੀਨੀ ਬਣਾਉਣ। ਇਹ ਪ੍ਰਗਟਾਵਾ ਡਿਪਟੀ ਕਮਿਸ਼ਨਰ ਸ਼੍ਰੀਮਤੀ ਪਰਨੀਤ ਸ਼ੇਰਗਿੱਲ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਜ਼ਿਲ੍ਹੇ ਵਿੱਚ ਬੂਟੇ ਲਗਾਉਣ ਸਬੰਧੀ ਕੀਤੀ ਗਈ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕੀਤਾ। ਉਨ੍ਹਾਂ ਸਮੂਹ ਬਲਾਕ ਵਿਕਾਸ ਤੇ ਪੰਚਾਇਤ ਅਫਸਰਾਂ ਨੂੰ ਹਦਾਇਤ




ਕੀਤੀ ਕਿ ਬਰਸਾਤੀ ਪਾਣੀ ਨੂੰ ਧਰਤੀ ਹੇਠ ਰੀਚਾਰਜ਼ ਕਰਨ ਵਾਸਤੇ ਮਨਰੇਗਾ ਅਧੀਨ ਵੱਧ ਤੋਂ ਵੱਧ ÷ ਰੇਨ ਵਾਟਰ ਹਾਰਵੈਸਟਰ ਸਿਸਟਮ÷ ਲਗਾਏ ਜਾਣ ਤਾਂ ਜੋ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਠੱਲ ਪਾਈ ਜਾ ਸਕੇ।

ਡਿਪਟੀ ਕਮਿਸ਼ਨਰ ਨੇ ਨਹਿਰੀ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਜ਼ਿਲ੍ਹੇ ਅੰਦਰ ਪੈਂਦੀਆਂ ਦੀਆਂ ਨਹਿਰਾਂ ਤੇ ਸੂਇਆਂ ਦੇ ਕੰਢਿਆਂ ਤੇ ਬੂਟੇ ਲਗਾਉਣ ਲਈ ਜਗ੍ਹਾਂ ਦੀ ਸ਼ਨਾਖਤ ਕੀਤੀ ਜਾਵੇ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਅੰਦਰ ਪੈਂਦੀਆਂ ਪ੍ਰਮੁੱਖ ਸੜਕਾਂ ਤੇ ਹੋਰ ਸੰਪਰਕ ਸੜਕਾਂ ਤੇ ਬੂਟੇ ਲਗਾਏ ਜਾਣ ਅਤੇ ਸਿੱਖਿਆ ਵਿਭਾਗ ਰਾਹੀਂ ਸਕੂਲਾਂ ਅੰਦਰ ਵੱਧ ਤੋਂ ਵੱਧ ਬੂਟੇ ਲਗਾਏ ਜਾਣਗੇ ਤਾਂ ਜੋ ਸਕੂਲਾਂ ਅੰਦਰ ਪੜ੍ਹਨ ਆਉਂਦੇ ਬੱਚਿਆਂ ਨੂੰ ਸਵੱਛ ਵਾਤਾਵਰਣ ਮੁਹੱਈਆ ਹੋ ਸਕੇ। ਉਨ੍ਹਾਂ ਇਹ ਵੀ ਦੱਸਿਆ ਕਿ ਪਿੰਡਾਂ ਦੀਆਂ ਖਾਲੀ ਪਈਆਂ ਪੰਚਾਇਤੀ ਜ਼ਮੀਨਾਂ, ਖੇਡ ਮੈਦਾਨਾਂ ਅੰਦਰ ਵੀ ਬੂਟੇ ਲਗਾਏ ਜਾਣਗੇ।

ਸ਼੍ਰੀਮਤੀ ਪਰਨੀਤ ਸ਼ੇਰਗਿੱਲ ਨੇ ਸਮੂਹ ਕਾਰਜ ਸਾਧਕ ਅਫਸਰਾਂ ਨੂੰ ਹਦਾਇਤ ਕੀਤੀ ਕਿ ਬਰਸਾਤੀ ਪਾਣੀ ਦੀ ਨਿਕਾਸੀ ਲਈ ਜ਼ਿਲ੍ਹੇ ਅੰਦਰ ਪੈਂਦੇ ਸਮੂਹ ਨਾਲਿਆਂ ਦੀ ਸਾਫ ਸਫਾਈ ਯਕੀਨੀ ਬਣਾਈ ਜਾਵੇ ਤਾਂ ਜੋ ਬਰਸਾਤੀ ਪਾਣੀ ਦੀ ਨਿਕਾਸੀ ਵਿੱਚ ਕਿਸੇ ਕਿਸਮ ਦਾ ਕੋਈ ਵਿਘਨ ਨਾ ਪਵੇ। ਉਨ੍ਹਾਂ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਛੋਟੇ ਤੇ ਦਰਮਿਆਨੇ ਕਿਸਾਨਾਂ ਨੂੰ ਬੂਟੇ ਲਗਾਉਣ ਲਈ ਜਾਗਰੂਕ ਕੀਤਾ ਜਾਵੇ ਤਾਂ ਜੋ ਜ਼ਿਲ੍ਹੇ ਅੰਦਰ ਵੱਧ ਤੋਂ ਵੱਧ ਬੂਟੇ ਲਗਾਏ ਜਾ ਸਕਣ। ਉਨ੍ਹਾਂ ਇਹ ਵੀ ਕਿਹਾ ਕਿ ਬੂਟੇ ਲਗਾਉਣ ਦੀ ਮੁਹਿੰਮ ਵਿੱਚ ਸਮਾਜ ਸੇਵੀ ਸੰਸਥਾਵਾਂ ਦਾ ਸਹਿਯੋਗ ਵੀ ਲਿਆ ਜਾਵੇ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮਨਰੇਗਾ ਸਕੀਮ ਅਧੀਨ 200 ਬੂਟਿਆਂ ਦੀ ਸਾਂਭ ਸੰਭਾਲ ਲਈ ਇੱਕ ਵਣ ਮਿੱਤਰ ਲਗਾਇਆ ਜਾ ਸਕਦਾ ਹੈ ਜੋ ਕਿ ਬੂਟਿਆਂ ਦੀ ਦੇਖ-ਭਾਲ ਅਤੇ ਪਾਣੀ ਆਦਿ ਦੇਵੇਗਾ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਅੱਜ ਵਾਤਾਵਰਣ ਅੰਦਰ ਵੱਡੀ ਪੱਧਰ ਤੇ ਤਬਦੀਲੀ ਆ ਰਹੀ ਹੈ ਤਾਂ ਸਾਡਾ ਇਹ ਫਰਜ਼ ਬਣਦਾ ਹੈ ਕਿ ਅਸੀਂ ਵੱਧ ਤੋਂ ਵੱਧ ਬੂਟੇ ਲਗਾਕੇ ਵਾਤਾਵਰਣ ਨੂੰ ਹਰਿਆ ਭਰਿਆ ਬਣਾਉਣ ਵਿੱਚ ਆਪਣਾ ਯੋਗਦਾਨ ਪਾਇਏ ਤਾਂ ਜ਼ੋ ਸਾਡਾ ਜ਼ਿਲ੍ਹਾ ਹਰਿਆ-ਭਰਿਆ ਤੇ ਸਵੱਛ ਬਣਿਆ ਰਹੇ।

ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸ਼੍ਰੀ ਸੁਰਿੰਦਰ ਸਿੰਘ ਧਾਲੀਵਾਲ ਤੋਂ ਇਲਾਵਾ ਸਮੂਹ ਬਲਾਕ ਵਿਕਾਸ ਤੇ ਪੰਚਾਇਤ ਅਫਸਰ, ਕਾਰਜ ਸਾਧਕ ਅਫਸਰ ਤੇ ਹੋਰ ਵਿਭਾਗਾਂ ਦੇ ਅਧਿਕਾਰੀ ਹਾਜਰ ਸਨ।

# ਸੈਮਸੰਗ ਨੇ ਭਾਰਤ ਵਿੱਚ 23990 ਰੁਪਏ ਵਿੱਚ ਸ਼ਾਨਦਾਰ ਸੰਗੀਤ ਫਰੇਮ ਲਾਂਚ ਕੀਤਾ

**ਚੰਡੀਗੜ੍ਹ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸੈਮਸੰਗ, ਭਾਰਤ ਦੇ ਸਭ ਤੋਂ ਵੱਡੇ ਖਪਤਕਾਰ ਇਲੈਕਟ੍ਰੋਨਿਕਸ ਬ੍ਰਾਂਡ ਨੇ ਅੱਜ ਭਾਰਤ ਵਿੱਚ ਆਪਣਾ ਸੰਗੀਤ ਫਰੇਮ ਲਾਂਚ ਕੀਤਾ ਹੈ। ਇੱਕ ਵਾਇਰਲੈੱਸ ਸਪੀਕਰ ਜੋ ਕਲਾ ਦੇ ਕੰਮ ਦੀ ਤਰ੍ਹਾਂ ਦਿਖਾਈ ਦਿੰਦਾ ਹੈ, ਸੈਮਸੰਗ ਮਿਊਜ਼ਿਕ ਫਰੇਮ ਡੌਲਬੀ ਐਟਮਸ ਅਤੇ ਵਾਇਰਲੈੱਸ ਮਿਊਜ਼ਿਕ ਸਟ੍ਰੀਮਿੰਗ ਵਰਗੀਆਂ ਨਵੀਆਂ ਵਿਸ਼ੇਸ਼ਤਾਵਾਂ ਦੇ ਨਾਲ ਆਉਂਦਾ ਹੈ, ਜਿਸਦੀ ਕੀਮਤ ਸਿਰਫ 23990 ਰੁਪਏ ਹੈ। ਸਟਾਈਲਿਸ਼ ਵਾਇਰਲੈੱਸ ਸਪੀਕਰ ਇੱਕ ਤਸਵੀਰ ਫ੍ਰੇਮ ਦੇ ਰੂਪ ਵਿੱਚ ਵੀ ਕੰਮ ਕਰਦਾ ਹੈ ਅਤੇ ਲਿਵਿੰਗ ਸਪੇਸ ਵਿੱਚ ਪਹਿਲਾਂ ਤੋਂ ਕੁਝ ਜ਼ਿਆਦਾ ਘੁਲ ਮਿਲ ਜਾਂਦਾ। ਅਸਲ ਫਰੇਮ ਵਾਂਗ, ਸੈਮਸੰਗ ਸੰਗੀਤ ਫਰੇਮ ਉਪਭੋਗਤਾਵਾਂ ਨੂੰ ਨਿੱਜੀ ਫੋਟੋਆਂ ਦਿਖਾਉਣ ਦੀ ਆਗਿਆ ਦਿੰਦਾ ਹੈ। ਕਿਸੇ ਕੀਮਤੀ ਮੈਮੋਰੀ ਜਾਂ ਆਰਟਵਰਕ ਦੀ ਫਰੇਮ ਕੀਤੀ ਫੋਟੋ ਨੂੰ ਦੇਖਦੇ ਹੋਏ ਸੰਗੀਤ ਸੁਣਨਾ ਉਪਭੋਗਤਾ ਅਨੁਭਵ ਨੂੰ ਬਿਹਤਰ ਬਣਾਉਂਦਾ ਹੈ। ਸੈਮਸੰਗ ਸੰਗੀਤ ਫਰੇਮ ਅੱਜ ਤੋਂ Samsung.in ਅਤੇ Amazon.in ਅਤੇ ਚੋਣਵੇਂ ਆਫਲਾਈਨ ਸਟੋਰਾਂ 'ਤੇ ਉਪਲਬਧ ਹੋਵੇਗਾ।

ਆਧੁਨਿਕ ਖਪਤਕਾਰ ਵੱਧ ਤੋਂ ਵੱਧ ਉਤਪਾਦਾਂ ਦੀ ਭਾਲ ਕਰ ਰਹੇ ਹਨ ਜੋ ਨਾ ਸਿਰਫ ਕਾਰਜਸ਼ੀਲਤਾ ਅਤੇ ਸੁਹਜ




ਨੂੰ ਮਿਲਾਉਂਦੇ ਹਨ, ਬਲਕਿ ਵਿਜ਼ੂਅਲ ਅਪੀਲ ਵੀ ਜੋੜਦੇ ਹਨ। ਇਹ ਰੁਝਾਨ ਉਹਨਾਂ ਉਤਪਾਦਾਂ ਦੀ ਇੱਛਾ ਦੁਆਰਾ ਚਲਾਇਆ ਜਾਂਦਾ ਹੈ ਜੋ ਉਹਨਾਂ ਦੀ ਸ਼ਖਸੀਅਤ ਅਤੇ ਸ਼ੈਲੀ ਨੂੰ ਦਰਸਾਉਂਦੇ ਹਨ, ਅਤੇ ਉਹਨਾਂ ਦੇ ਰਹਿਣ ਵਾਲੇ ਸਥਾਨ ਦੇ ਸਮੁੱਚੇ ਮਾਹੌਲ ਨੂੰ ਵਧਾਉਂਦੇ ਹਨ। ਨਵਾਂ ਸੰਗੀਤ ਫਰੇਮ ਸਿਨੇਮੈਟਿਕ ਆਡੀਓ ਅਨੁਭਵ ਪ੍ਰਦਾਨ ਕਰਦੇ ਹੋਏ, ਇਸਦੇ ਵਿਲੱਖਣ, ਸ਼ਾਨਦਾਰ ਡਿਜ਼ਾਈਨ ਦੇ ਨਾਲ ਇੱਕ ਤਸਵੀਰ ਫਰੇਮ ਦੇ ਰੂਪ ਵਿੱਚ ਅਸਾਧਾਰਣ ਤਕਨਾਲੋਜੀ ਦਾ ਪ੍ਰਤੀਕ ਹੈ।

ਮਿਊਜ਼ਿਕ ਫ੍ਰੇਮ ਉਪਭੋਗਤਾਵਾਂ ਨੂੰ ਵਧੀਆ ਆਵਾਜ਼ ਦੀ ਗੁਣਵੱਤਾ ਪ੍ਰਦਾਨ ਕਰਦੇ ਹੋਏ ਤਾਰ-ਮੁਕਤ ਸੁਣਨ ਦੀ ਸਹੂਲਤ ਪ੍ਰਦਾਨ ਕਰਦਾ ਹੈ ਜੋ ਕਿਸੇ ਵੀ ਜਗ੍ਹਾ ਨੂੰ ਅਮੀਰ, ਸਪਸ਼ਟ ਆਡੀਓ ਨਾਲ ਭਰ ਦਿੰਦਾ ਹੈ। ਇਸਦੀ ਵਿਅਕਤੀਗਤ, ਫਰੇਮਡ ਆਰਟਵਰਕ ਘਰੇਲੂ ਸਜਾਵਟ ਨੂੰ ਵਧਾਉਂਦੀ ਹੈ, ਰਹਿਣ ਵਾਲੀਆਂ ਥਾਵਾਂ ਨੂੰ ਉੱਚਾ ਚੁੱਕਣ ਲਈ ਆਧੁਨਿਕ ਤਕਨਾਲੋਜੀ ਦਾ ਲਾਭ ਲੈਣ ਲਈ ਸੈਮਸੰਗ ਦੇ ਜਨੂੰਨ ਨੂੰ ਦਰਸਾਉਂਦੀ ਹੈ।

ਇਹ ਇਸਨੂੰ ਕਿਸੇ ਵੀ ਘਰ ਵਿੱਚ ਇੱਕ ਸ਼ਕਤੀਸ਼ਾਲੀ ਜੋੜ ਬਣਾਉਂਦਾ ਹੈ, ਸ਼ਾਨਦਾਰ ਵਿਜ਼ੂਅਲ ਅਪੀਲ ਅਤੇ ਬੇਮਿਸਾਲ ਆਡੀਓ ਪ੍ਰਦਰਸ਼ਨ ਪ੍ਰਦਾਨ ਕਰਦਾ ਹੈ, ਇਹ ਸਭ ਇੱਕ ਸ਼ਾਨਦਾਰ ਢੰਗ ਨਾਲ ਤਿਆਰ ਕੀਤੀ ਡਿਵਾਈਸ ਵਿੱਚ ਹੈ।

# 28 ਜੂਨ ਨੂੰ ਪਿੰਡ ਖਾਰਾ ਵਿਖੇ ਲੱਗੇਗਾ ਸੁਵਿਧਾ ਕੈਂਪ : ਵਿਨੀਤ ਕੁਮਾਰ

**ਫਰੀਦਕੋਟ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਜਨਤਾ ਦੀਆਂ ਮੁਸ਼ਕਿਲਾਂ ਨੂੰ ਸੁਣਨ ਅਤੇ ਮੌਕੇ ਤੇ ਉਹਨਾਂ ਦਾ ਹੱਲ ਕਰਨ ਲਈ ਮਿਤੀ 28 ਜੂਨ ਨੂੰ ਸਵੇਰੇ 09.30 ਵਜੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਿੰਡ ਖਾਰਾ ਵਿਖੇ ਸੁਵਿਧਾ ਕੈਂਪ ਲਗਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਫਰੀਦਕੋਟ ਸ੍ਰੀ ਵਿਨੀਤ ਕੁਮਾਰ ਨੇ ਦੱਸਿਆ ਕਿ ਇਸ ਸੁਵਿਧਾ ਕੈਂਪ ਵਿੱਚ ਵਿਧਾਇਕ ਫਰੀਦਕੋਟ ਸਪੀਕਰ ਪੰਜਾਬ ਵਿਧਾਨ ਸਭਾ ਸ. ਕੁਲਤਾਰ ਸਿੰਘ ਸੰਧਵਾਂ ਵਿਸ਼ੇਸ਼ ਤੌਰ ਤੇ ਸ਼ਿਰਕਤ ਕਰਨਗੇ।



ਉਨ੍ਹਾਂ ਦੱਸਿਆ ਕਿ ਇਸ ਕੈਂਪ ਵਿੱਚ ਪਿੰਡ ਖਾਰਾ, ਵਾੜਾਦਰਾਕਾ, ਮੌੜ ਅਤੇ ਠਾੜ੍ਹਾ ਦੇ ਵਸਨੀਕਾਂ ਦੀਆਂ ਮੁਸ਼ਕਿਲਾਂ, ਸ਼ਿਕਾਇਤਾਂ ਅਤੇ ਮੰਗਾਂ ਸੁਣੀਆਂ ਜਾਣਗੀਆਂ।

ਉਨ੍ਹਾਂ ਦੱਸਿਆ ਕਿ ਇਸ ਕੈਂਪ ਵਿੱਚ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਖੁਦ ਹਾਜ਼ਰ ਹੋਣਗੇ ਅਤੇ ਮੌਕੇ 'ਤੇ ਹੀ ਯੋਗ ਲਾਭਪਾਤਰੀ ਦੀ ਸ਼ਨਾਖ਼ਤ ਕਰਕੇ ਉਨ੍ਹਾਂ ਨੂੰ ਸਰਕਾਰੀ ਸਕੀਮਾਂ ਦਾ ਲਾਭ ਵੀ ਦਿੱਤਾ ਜਾਵੇਗਾ ਅਤੇ ਸ਼ਿਕਾਇਤਾਂ ਦਾ ਨਿਪਟਾਰਾ ਕੀਤਾ ਜਾਵੇਗਾ। ਡਿਪਟੀ ਕਮਿਸ਼ਨਰ ਨੇ ਲੋਕਾਂ ਨੂੰ ਇਸ ਸੁਵਿਧਾ ਕੈਂਪ ਵਿੱਚ ਆ ਕੇ ਵੱਧ ਤੋਂ ਵੱਧ ਲਾਭ ਉਠਾਉਣ ਦੀ ਅਪੀਲ ਕੀਤੀ।

# ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵਿਖੇ ਪਲੇਸਮੈਂਟ ਕੈਂਪ ਅੱਜ

**ਪਟਿਆਲਾ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਪਟਿਆਲਾ ਵੱਲੋਂ ਏਜੀਆਈਐਲਈ ਕੰਪਨੀ ਦੇ ਪਲੇਸਮੈਂਟ ਕੈਂਪ ਬਾਰੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਪਟਿਆਲਾ ਦੇ ਅਧਿਕਾਰੀ ਨੇ ਦੱਸਿਆ ਕਿ ਮਿਤੀ 27 ਜੂਨ ਦਿਨ ਬੁੱਧਵਾਰ ਨੂੰ ਸਵੇਰੇ 10 ਵਜੇ ਤੋਂ ਦੁਪਹਿਰ 1 ਵਜੇ ਤੱਕ ਏਜੀਆਈਐਲਈ ਕੰਪਨੀ 'ਚ ਵੈੱਲਨੈੱਸ ਐਡਵਾਈਜ਼ਰ ਦੀ ਅਸਾਮੀਆਂ ਦੀ ਇੰਟਰਵਿਊ ਲਈ ਜਾਵੇਗੀ।

ਚਾਹਵਾਨ ਅਤੇ ਯੋਗ ਉਮੀਦਵਾਰ ਜਿਨ੍ਹਾਂ ਦੀ ਵਿੱਦਿਅਕ ਯੋਗਤਾ ਦਸਵੀਂ, ਬਾਰ੍ਹਵੀਂ ਅਤੇ ਗ੍ਰੈਜੂਏਸ਼ਨ ਅਤੇ ਉਮਰ 18-28 ਸਾਲ ਹੋਵੇ, ਉਹ ਇਸ ਇੰਟਰਵਿਊ ਵਿੱਚ ਭਾਗ ਲੈ ਸਕਦੇ ਹਨ।

ਨੌਕਰੀ ਦੇ ਇੱਛੁਕ ਉਮੀਦਵਾਰ ਪਲੇਸਮੈਂਟ ਕੈਂਪ/ ਇੰਟਰਵਿਊ ਵਿੱਚ ਭਾਗ ਲੈਣ ਲਈ ਆਪਣੀ ਯੋਗਤਾ ਦੇ ਸਾਰੇ ਸਰਟੀਫਿਕੇਟ ਦੀਆਂ ਫੋਟੋਕਾਪੀਆਂ, ਅਧਾਰ ਕਾਰਡ, ਪੈਨ ਕਾਰਡ ਅਤੇ ਰਿਜ਼ਊਮੇ ਨਾਲ ਲੈਕੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਮਿੰਨੀ ਸਕੱਤਰੇਤ ਬਲਾਕ ਡੀ ਨੇੜੇ ਸੁਵਿਧਾ ਕੇਂਦਰ, ਪਟਿਆਲਾ ਵਿਖੇ ਪਹੁੰਚ ਕੇ ਇਸ ਇੰਟਰਵਿਊ ਵਿੱਚ ਹਿੱਸਾ ਲੈ ਸਕਦੇ ਹਨ। ਇੰਟਰਵਿਊ ਲਈ ਉਮੀਦਵਾਰ ਦਾ ਫਾਰਮਲ ਡਰੈੱਸ ਵਿਚ ਹੋਣਾ ਲਾਜ਼ਮੀ ਹੈ। ਵਧੇਰੇ ਜਾਣਕਾਰੀ ਲਈ ਉਮੀਦਵਾਰ ਦਫ਼ਤਰ ਦੇ ਹੈਲਪ ਲਾਈਨ ਨੰਬਰ 98776-10877 'ਤੇ ਸੰਪਰਕ ਕਰ ਸਕਦੇ ਹਨ।

# ਥਾਣਾ ਪਾਤੜਾ ਪੁਲਿਸ ਵੱਲੋ 25 ਗ੍ਰਾਮ ਹੈਰੋਇਨ ਸਮੇਤ 02 ਵਿਅਕਤੀ ਕਾਬੂ

**ਪਟਿਆਲਾ, 27 ਜੂਨ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਵਰੁਣ ਸ਼ਰਮਾ ਸੀਨੀਅਰ ਕਪਤਾਨ ਪੁਲਿਸ ਪਟਿਆਲਾ ਜੀ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪਟਿਆਲਾ ਪੁਲਿਸ ਵੱਲੋਂ ਨਸ਼ਾ ਤਸਕਰੀ ਕਰਨ ਵਾਲਿਆ ਦੇ ਖਿਲਾਫ ਚਲਾਈ ਗਈ ਮੁਹਿੰਮ ਤਹਿਤ ਕਾਰਵਾਈ ਕਰਦਿਆ ਸ੍ਰੀ ਯੋਗੇਸ ਸ਼ਰਮਾ ਕਪਤਾਨ ਪੁਲਿਸ ਇੰਨਵੈਸੀਗੇਸਨ ਪਟਿਆਲਾ, ਸ੍ਰੀ ਜਸਬੀਰ ਸਿੰਘ ਕਪਤਾਨ ਪੁਲਿਸ ਪੀ.ਬੀ.ਆਈ ਪਟਿਆਲਾ, ਦਲਜੀਤ ਸਿੰਘ ਵਿਰਕ ਉਪ ਕਪਤਾਨ ਪੁਲਿਸ ਪਾਤੜਾ, ਐਸ.ਆਈ ਯਸ਼ਪਾਲ ਸ਼ਰਮਾ ਮੁੱਖ ਅਫਸਰ ਥਾਣਾ ਪਾਤੜਾ ਦੀ ਟੀਮ ਵੱਲੋ ਕਾਰਵਾਈ ਕਰਦਿਆ 02 ਵਿਅਕਤੀਆ ਨੂੰ ਕਾਬੂ ਕਰਕੇ ਉਹਨਾ ਪਾਸੋ 25 ਗ੍ਰਾਮ ਹੈਰੋਇਨ ਬ੍ਰਾਮਦ ਕੀਤੀ ਗਈ ਹੈ।

ਹੋਰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮਿਤੀ 24.06.2024 ਨੂੰ ਏ.ਐਸ.ਆਈ ਗੁਰਦੇਵ ਸਿੰਘ 1665/ਪਟਿ: ਥਾਣਾ ਪਾਤੜਾ ਸਮੇਤ ਪੁਲਿਸ ਪਾਰਟੀ ਦੇ ਬ੍ਰਾਏ ਕਰਨੇ ਗਸਤ ਵਾ ਸ਼ੱਕੀ ਅਤੇ ਭੈੜੇ ਪੁਰਸ਼ਾ ਦੇ ਸਬੰਧ ਵਿਚ ਸੰਗਰੂਰ



ਪਾਤੜਾ ਹਾਈਵੇ ਟੀ-ਪੁਆਇੰਟ ਨਿਆਲ ਨਿਆਲ ਬਾਈਪਾਸ ਮੌਜੂਦ ਸੀ ਤਾਂ ਮੁਖਬਰ ਖਾਸ ਦੀ ਇਤਲਾਹ ਮਿਲਣ ਪਰ ਪੁਲਿਸ ਪਾਰਟੀ ਵੱਲੋਂ ਨੇੜੇ ਚੋਆ ਪੁੱਲ ਪਿੰਡ ਦੁਗਾਲ ਕਲਾਂ ਸੰਗਰੂਰ ਪਾਤੜਾ ਰੋਡ ਮੇਨ ਹਾਈਵੇ ਪਰ ਬਣ ਰਹੀਆ ਦੁਕਾਨਾ ਦੇ ਪਿਛਲੇ ਪਾਸੇ ਪਏ ਖਾਲੀ ਪਲਾਟਾ ਵਿਚ ਰੇਡ ਕੀਤੀ ਜਿਥੇ ਮੁਖਬਰੀ ਮੁਤਾਬਿਕ ਹੁਲੀਆ ਦੇ 02 ਵਿਅਕਤੀਆ ਪੁਲਿਸ ਪਾਰਟੀ ਨੂੰ ਦੇਖ ਕੇ ਇਕ ਦਬ ਭੱਜਣ ਲੱਗੇ ਤਾ ਪੁਲਿਸ ਪਾਰਟੀ ਵੱਲੋਂ ਉਹਨਾ ਨੂੰ ਕਾਬੂ ਕਰਕੇ ਵਾਰੀ ਵਾਰੀ ਨਾਮ ਪਤਾ ਪੁੱਛਿਆ ਇਕ ਭਾਰੇ ਸਰੀਰ ਵਾਲੇ ਨੌਜਵਾਨ ਨੇ ਆਪਣਾ ਨਾਮ ਹਰਦੀਪ ਸਿੰਘ ਪੁੱਤਰ ਸੁਰਜੀਤ ਸਿੰਘ ਅਤੇ ਅੱਧਖੜ ਉਮਰ ਦੇ ਵਿਅਕਤੀ ਨੇ ਆਪਣਾ ਨਾਮ ਸੁਰਜੀਤ ਸਿੰਘ ਪੁੱਤਰ ਕਰਤਾਰ ਸਿੰਘ ਵਾਸੀਆਨ ਪਿੰਡ ਦੁਗਾਲ ਕਲਾਂ ਦੱਸਿਆ। ਜਿਹਨਾ ਪਾਸੋ 25 ਗ੍ਰਾਮ ਹੈਰੋਇਨ ਬ੍ਰਾਮਦ ਹੋਈ। ਜਿਹਨਾ ਨੂੰ ਮੋਕਾ ਪਰ ਗ੍ਰਿਫਤਾਰ ਕਰਕੇ ਪੁੱਛਗਿੱਛ ਕੀਤੀ ਗਈ । ਜਿਹਨਾ ਨੇ ਦੱਸਿਆ ਕਿ ਉਹ ਇਹ ਹੈਰੋਇਨ ਹਰਿਆਣਾ ਵਿੱਚੋ ਲਿਆ ਕੇ ਅੱਗੇ ਗਾਹਕਾ ਨੂੰ ਵੇਚਦੇ ਹਨ । ਜਿਸ ਪਰ ਮੁਕੱਦਮਾ ਨੰਬਰ 138 ਮਿਤੀ 24.06.2024 ਅ/ਧ 21/61/85 ਐਨ.ਡੀ.ਪੀ.ਐਸ ਥਾਣਾ ਪਾਤੜਾ ਜਿਲਾ ਪਟਿਆਲਾ ਬਰਖਿਲਾਫ ਦੋਸ਼ੀਆਨ 1. ਹਰਦੀਪ ਸਿੰਘ ਪੁੱਤਰ ਸੁਰਜੀਤ ਸਿੰਘ 2. ਸੁਰਜੀਤ ਸਿੰਘ ਪੁੱਤਰ ਕਰਤਾਰ ਸਿੰਘ ਵਾਸੀਆਨ ਪਿੰਡ ਦੁਗਾਲ ਕਲਾਂ ਤਹਿ: ਪਾਤੜਾ ਜਿਲਾ ਪਟਿਆਲਾ ਦੇ ਦਰਜ ਰਜਿਸ਼ਟਰ ਕੀਤਾ ਗਿਆ ਹੈ। ਮੁੱਕਦਮਾ ਹਜਾ ਦੀ ਤਫਤੀਸ ਜਾਰੀ ਹੈ । ਦੋਨਾ ਦੋਸੀਆ ਨੂੰ ਅੱਜ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਰਿਮਾਡ ਹਾਸਲ ਕਰਕੇ ਹੋਰ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ।

# ਜ਼ਿਲ੍ਹਾ ਰੈਸਲਿੰਗ ਐਸੋਸੀਏਸ਼ਨ ਦੇ ਅਸ਼ਰਫ ਅਬਦੁੱਲਾ ਉੱਪ ਪ੍ਰਧਾਨ ਤੇ ਜ਼ਹੂਰ ਅਹਿਮਦ ਚੌਹਾਨ ਫਾਇਨਾਂਸ ਸਕੱਤਰ ਨਿਯੁਕਤ



**ਮਲੇਰਕੋਟਲਾ, 27 ਜੂਨ**
**-ਬਲਜੀਤ ਸਿੰਘ ਹੁਸੈਨਪੁਰਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰੈਸਲਿੰਗ ਐਸੋਸੀਏਸ਼ਨ ਦੇ ਲਾਇਫ ਟਾਈਮ ਪ੍ਰਧਾਨ ਕਰਤਾਰ ਸਿੰਘ (ਆਈ.ਪੀ.ਐਸ) ਓਲੰਪੀਅਨ, ਪਦਮ ਸ਼੍ਰੀ ਅਰਜਨਾ ਐਵਾਰਡੀ ਏਸ਼ੀਅਨ ਗੋਲਡ ਮੈਡਲਿਸਟ ਨੇ ਜਿਲ੍ਹਾ ਰੈਸਲਿੰਗ ਐਸੋਸੀਏਸ਼ਨ ਦੇ ਪ੍ਰਧਾਨ ਸ਼੍ਰੀ ਖਾਲਿਦ ਥਿੰਦ ਦੀ ਸਿਫਾਰਸ਼ ਤੇ ਮੁੰਹਮਦ ਅਸ਼ਰਫ ਅਬਦੁੱਲਾ (ਸਾਬਕਾ ਕੌਂਸਲਰ) ਨੂੰ ਜਿਲ੍ਹਾ ਉੱਪ ਪ੍ਰਧਾਨ ਅਤੇ ਜ਼ਹੂਰ ਅਹਿਮਦ ਚੌਹਾਨ ਨੂੰ ਉਨ੍ਹਾਂ ਦੀ ਸਰਗਰਮੀ ਅਤੇ ਕੁਸ਼ਤੀ ਗਤੀਵਿਧੀਆਂ ਵਿੱਚ ਦਿਲਚਸਪੀ ਨੂੰ ਦੇਖਦੇ ਹੋਏ ਫਾਇਨਾਂਸ ਸਕੱਤਰ ਨਿਯੁਕਤ ਕੀਤਾ ਗਿਆ ਹੈ। ਪੰਜਾਬ ਰੈਸਲਿੰਗ ਐਸੋਸੀਏਸ਼ਨ ਦੇ ਲਾਈਫਟਾਈਮ ਪ੍ਰਧਾਨ ਕਰਤਾਰ ਸਿੰਘ ਦੀ ਕਾਮਨਾ ਹੈ ਕਿ ਮਲੇਰਕੋਟਲਾ, ਸੰਗਰੂਰ ਦੇ ਇਲਾਕੇ ਕੁਸ਼ਤੀ ਦੇ ਖੇਤਰ ਵਿਚ ਆਪਣੇ ਵੱਡੇ ਯੋਗਦਾਨ ਲਈ ਕਾਫੀ ਮਸ਼ਹੂਰ ਰਹੇ ਹਨ ਅਤੇ ਇਸ ਖੇਤਰ ਵਿੱਚ ਕੁਸ਼ਤੀ ਨੂੰ ਹੋਰ ਪ੍ਰਫੁੱਲਤ ਕਰਨ ਲਈ ਇਨ੍ਹਾਂ ਦੋਵਾਂ ਨੌਜਵਾਨਾਂ ਦੀ ਸ਼ਮੂਲੀਅਤ ਅਤੇ ਨਾਮਜ਼ਦਗੀ ਐਸੋਸੀਏਸ਼ਨ ਲਈ ਬਹੁਤ ਲਾਹੇਵੰਦ ਅਤੇ ਕਾਰਗਰ ਸਿੱਧ ਹੋਵੇਗੀ। ਜਿਲ੍ਹਾ ਪ੍ਰਧਾਨ ਖਾਲਿਦ ਥਿੰਦ ਨੇ ਇਸ ਨਾਮਜ਼ਦਗੀ ਲਈ ਐਸੋਸੀਏਸ਼ਨ ਦੇ ਲਾਈਫ ਟਾਈਮ ਪ੍ਰਧਾਨ ਕਰਤਾਰ ਸਿੰਘ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਮਾਲੇਰਕੋਟਲਾ ਦੇ ਯੋਗ ਅਤੇ ਸਰਗਰਮ ਲੋਕਾਂ ਨੂੰ ਐਸੋਸੀਏਸ਼ਨ ਵਿੱਚ ਸ਼ਾਮਲ ਕਰਕੇ ਨਾ ਸਿਰਫ਼ ਮਾਲੇਰਕੋਟਲਾ ਨਾਲ ਆਪਣਾ ਸਬੰਧ ਸਾਬਤ ਕੀਤਾ ਹੈ, ਸਗੋਂ ਸੰਜੀਦਾ ਅਤੇ ਯੋਜਨਾਬੱਧ ਤਰੀਕੇ ਨਾਲ ਕੁਸ਼ਤੀ ਨੂੰ ਪ੍ਰਫੁੱਲਤ ਕਰਨ ਦੇ ਉਪਰਾਲੇ ਕੀਤੇ ਗਏ ਹਨ। ਇਲਾਕੇ ਦੇ ਉੱਘੇ ਖਿਡਾਰੀਆਂ ਨੇ ਅਸ਼ਰਫ ਅਬਦੁੱਲਾ ਅਤੇ ਜ਼ਹੂਰ ਅਹਿਮਦ ਚੌਹਾਨ ਨੂੰ ਵਧਾਈ ਦਿੱਤੀ ਹੈ। ਲਾਈਫ ਟਾਈਮ ਪ੍ਰਧਾਨ ਕਰਤਾਰ ਸਿੰਘ ਨੇ ਵੀ ਆਸ ਪ੍ਰਗਟਾਈ ਕਿ ਐਸੋਸੀਏਸ਼ਨ ਦੇ ਉਕਤ ਦੋਵੇਂ ਨੌਜਵਾਨਾਂ ਦੀ ਜਿੰਮੇਵਾਰੀ ਨੂੰ ਸਵੀਕਾਰ ਕਰਨਾ ਸਾਡੇ ਲਈ ਖੁਸ਼ਕਿਸਮਤੀ ਵਾਲੀ ਗੱਲ ਹੈ, ਇਸ ਨਾਲ ਐਸੋਸੀਏਸ਼ਨ ਨੂੰ ਸਥਿਰਤਾ ਮਿਲੇਗੀ। ਇਸ ਮੌਕੇ ਨਵ ਨਿਯੁਕਤ ਉੱਪ ਪ੍ਰਧਾਨ ਅਸ਼ਰਫ ਅਬਦੁੱਲਾ ਅਤੇ ਫਾਇਨਾਂਸ ਸਕੱਤਰ ਜ਼ਹੂਰ ਅਹਿਮਦ ਚੌਹਾਨ ਨੇ ਵਿਸ਼ਵਾਸ ਦਿਵਾਇਆ ਕਿ ਕੁਸ਼ਤੀ ਖੇਡ ਨੂੰ ਜਿਲ੍ਹੇ ਵਿੱਚ ਹਰਮਨ ਪਿਆਰਾ ਬਣਾਉਣ ਲਈ ਉਚੇਚੇ ਯਤਨ ਕਰਨ ਦੇ ਨਾਲ ਨਾਲ ਖਿਡਾਰੀਆਂ ਦੀ ਆਰਥਿਕ ਮਦਦ ਵੀ ਕਰਨਗੇ।

# ਸ਼ਹਿਰ ਦੇ ਹੋਟਲ ਤੇ ਢਾਬਿਆਂ ਵਾਲਿਆਂ ਨੂੰ ਗਿੱਲੇ ਤੇ ਸੁੱਕੇ ਕੂੜੇ ਬਾਰੇ ਕੀਤਾ ਜਾਗਰੂਕ



**ਪਟਿਆਲਾ, 27 ਜੂਨ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਨਗਰ ਨਿਗਮ ਦੇ ਕਮਿਸ਼ਨਰ ਅਦਿੱਤਿਆ ਡੇਚਲਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਵੱਖ ਵੱਖ ਹੋਟਲ, ਰੈਸਟੋਰੈਂਟਾਂ ਅਤੇ ਢਾਬਿਆਂ ਨੂੰ ਕੂੜੇ ਨੂੰ ਵੱਖ-ਵੱਖ ਕਰਨ ਅਤੇ ਪਲਾਸਟਿਕ ਅਤੇ ਡਿਸਪੋਜ਼ੇਬਲਾਂ ਨੂੰ ਨਾ ਵਰਤਣ ਲਈ ਜਾਗਰੂਕ ਕੀਤਾ ਗਿਆ। ਇਸ ਸਬੰਧ ਵਿੱਚ ਨਗਰ ਨਿਗਮ ਪਟਿਆਲਾ ਦੇ ਚੀਫ਼ ਸੈਨੇਟਰੀ ਸੰਜੀਵ ਕੁਮਾਰ ਅਤੇ ਏਰੀਆ ਇੰਸਪੈਕਟਰ ਰਾਜੇਸ਼ ਕੁਮਾਰ ਟੀਮ ਦਾ ਗਠਨ ਕਰਕੇ ਚੈਕਿੰਗ ਕੀਤੀ ਗਈ। ਇਸ ਦੌਰਾ ਜਿਨ੍ਹਾਂ ਅਦਾਰਿਆਂ ਸੋਲਿਡ ਵੇਸਟ ਨਿਯਮਾਂ ਦੀ ਉਲੰਘਣਾ ਕੀਤੀ ਜਾ ਰਹੀ ਸੀ, ਉਨ੍ਹਾਂ ਦੇ ਚਲਾਨ ਕੱਟੇ ਗਏ।

ਇਸ ਸਬੰਧ ਵਿੱਚ ਏਰੀਆ ਇੰਸਪੈਕਟਰ ਵੱਲੋਂ ਸਖ਼ਤ ਹਦਾਇਤ ਕੀਤੀ ਗਈ ਕਿ ਸਿੰਗਲ ਯੂਜ਼ ਪਲਾਸਟਿਕ ਸਿਹਤ ਅਤੇ ਵਰਤਣ ਲਈ ਬੇਹੱਦ ਘਾਤਕ ਹੈ ਇਸ ਲਈ ਸਰਕਾਰ ਵੱਲੋਂ ਇਸ ਉੱਤੇ ਪੂਰਨ ਪਾਬੰਦੀ ਲਗਾਈ ਗਈ ਹੈ। ਇਸ ਦਾ ਉਤਪਾਦਨ, ਸਟੋਰੇਜ, ਵੇਚਣ ਅਤੇ ਵਰਤੋਂ ਕਰਨ ਵਾਲੇ ਉੱਤੇ ਬਨਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਇਸ ਸਬੰਧ ਵਿੱਚ ਚੀਫ਼ ਸੈਨੇਟਰੀ ਇੰਸਪੈਕਟਰ ਸੰਜੀਵ ਕੁਮਾਰ ਨੇ ਕਿਹਾ ਕੂੜੇ ਦਾ ਖ਼ਾਤਮਾ ਕਰਨਾ ਹੈ ਤਾਂ ਇਸ ਨੂੰ ਦੋ ਡਸਬਿਨ ਵਿੱਚ ਗਿੱਲੇ ਅਤੇ ਸੁੱਕੇ ਰੂਪ ਵਿੱਚ ਵੰਡ ਕਰਕੇ ਰੱਖਿਆ ਜਾਵੇ। ਇਸ ਮੌਕੇ ਆ.ਈ.ਸੀ ਐਕਸਪਰਟ ਅਮਨਦੀਪ ਸੇਖੋਂ ਸਮੇਤ ਟੀਮ ਹਾਜ਼ਰ ਸਨ।

# ਪੰਜਾਬ ਵਿਧਾਨ ਸਭਾ ਸਪੀਕਰ ਨੇ ਸਿੱਖ ਯੋਧੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਉਨ੍ਹਾਂ ਦੇ 308ਵੇਂ ਸ਼ਹੀਦੀ ਦਿਵਸ 'ਤੇ ਭੇਟ ਕੀਤੀ ਸ਼ਰਧਾਂਜਲੀ

**ਚੰਡੀਗੜ੍ਹ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਮਹਾਨ ਸਿੱਖ ਯੋਧੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਉਨ੍ਹਾਂ ਦੇ 308ਵੇਂ ਸ਼ਹੀਦੀ ਦਿਵਸ 'ਤੇ ਸ਼ਰਧਾਂਜਲੀ ਭੇਂਟ ਕੀਤੀ।

ਬਾਬਾ ਬੰਦਾ ਸਿੰਘ ਬਹਾਦਰ ਦੀ ਸਦੀਵੀ ਵਿਰਾਸਤ ਅਤੇ ਯੋਗਦਾਨ ਨੂੰ ਉਜਾਗਰ ਕਰਦੇ ਹੋਏ ਸਪੀਕਰ ਨੇ ਕਿਹਾ ਕਿ ਨਿਆਂ ਅਤੇ ਸਸ਼ਕਤੀਕਰਨ ਪ੍ਰਤੀ ਅਟੁੱਟ ਵਚਨਬੱਧਤਾ ਕਾਰਨ ਬਾਬਾ ਬੰਦਾ ਸਿੰਘ ਬਹਾਦਰ ਦਾ ਸਿੱਖ ਇਤਿਹਾਸ ਵਿੱਚ ਇੱਕ ਸਤਿਕਾਰਤ ਮੁਕਾਮ ਹੈ। ਉਨ੍ਹਾਂ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਆਪਣੇ ਜੀਵਨ ਦੌਰਾਨ ਹਾਸ਼ੀਏ 'ਤੇ ਪਏ ਲੋਕਾਂ ਨੂੰ ਉੱਚਾ ਚੁੱਕਣ ਅਤੇ ਗਰੀਬਾਂ ਦੇ ਸਸ਼ਕਤੀਕਰਨ ਲਈ ਮਿਸਾਲੀ



ਕੁਰਬਾਨੀਆਂ ਅਤੇ ਅਣਥੱਕ ਯਤਨ ਕੀਤੇ। ਸ. ਸੰਧਵਾਂ ਨੇ ਕਿਹਾ ਕਿ ਸਾਢੇ ਤਿੰਨ ਸਦੀਆਂ ਬਾਅਦ ਵੀ ਬਾਬਾ ਬੰਦਾ ਸਿੰਘ ਬਹਾਦਰ ਦੀ ਵਿਰਾਸਤ ਲੱਖਾਂ ਲੋਕਾਂ ਦੇ ਦਿਲਾਂ ਵਿੱਚ ਜਿਉਂਦੀ ਹੈ ਅਤੇ ਉਨ੍ਹਾਂ ਦੀ ਹਿੰਮਤ, ਦਿਲੇਰੀ ਅਤੇ ਸਮਰਪਣ ਪੀੜ੍ਹੀ ਦਰ ਪੀੜ੍ਹੀ ਪ੍ਰੇਰਨਾ ਦਿੰਦਾ ਰਹੇਗਾ।

# ਟ੍ਰੈਫਿਕ ਪੁਲਸ ਨੇ ਨਿਯਮਾਂ ਦੀ ਉਲੰਘਣਾ ਕਰਨ ਵਾਲੇ 15 ਵਹੀਕਲਾਂ ਦੇ ਕੱਟੇ ਚਲਾਨ



**ਧੂਰੀ, 27 ਜੂਨ/ ਅਮਿਤ ਗੁਪਤਾ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਟਰੈਫਿਕ ਪੁਲਸ ਵੱਲੋਂ ਟਰੈਫਿਕ ਇੰਚਾਰਜ਼ ਸੰਜੇ ਕੁਮਾਰ ਦੀ ਅਗਵਾਈ ਹੇਠ ਕੱਕੜਵਾਲ ਚੌਂਕ ਵਿਖੇ ਵਿਸ਼ੇਸ਼ ਨਾਕਾਬੰਦੀ ਕਰਕੇ ਟਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਦੇ ਚਲਾਨ ਕੱਟੇ ਗਏ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਟਰੈਫ਼ਿਕ ਇੰਚਾਰਜ਼ ਸੰਜੇ ਕੁਮਾਰ ਨੇ ਦੱਸਿਆ ਕਿ ਐਸ.ਐਸ.ਪੀ ਸੰਗਰੂਰ ਤੇ ਡੀ.ਐਸ.ਪੀ ਟਰੈਫਿਕ ਸੰਗਰੂਰ ਦੀਆਂ ਹਦਾਇਤਾਂ 'ਤੇ ਅੱਜ ਵਿਸ਼ੇਸ਼ ਨਾਕਾਬੰਦੀ ਕੀਤੀ ਗਈ ਹੈ ਅਤੇ ਟਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲੇ 15 ਵਹੀਕਲਾਂ ਦੇ ਚਲਾਨ ਕੱਟੇ ਗਏ ਹਨ। ਉਨ੍ਹਾਂ ਦੱਸਿਆ ਕਿ ਬਗੈਰ ਲਾਇਸੈਂਸ ਤੋਂ ਵਹੀਕਲ ਚਲਾਉਣ ਵਾਲੇ ਬੱਚਿਆਂ ਦੇ ਮਾਪਿਆਂ ਨੂੰ ਵੀ ਮੌਕੇ 'ਤੇ ਬੁਲਾਇਆ ਗਿਆ ਹੈ ਅਤੇ ਉਨ੍ਹਾਂ ਨੂੰ ਅਪੀਲ ਕੀਤੀ ਗਈ ਹੈ ਕਿ ਬੱਚਿਆਂ ਨੂੰ ਉਦੋਂ ਤੱਕ ਵਹੀਕਲ ਨਾ ਚਲਾਉਣ ਲਈ ਦਿੱਤਾ ਜਾਵੇ ਜਦੋਂ ਤੱਕ ਉਨ੍ਹਾਂ ਦਾ ਡਰਾਇਵਿੰਗ ਲਾਈਸੈਂਸ ਨਹੀਂ ਬਣ ਜਾਂਦਾ। ਇਸ ਮੌਕੇ ਪੀ.ਸੀ.ਆਰ ਇੰਚਾਰਜ਼ ਮਿੱਠੂ ਸਿੰਘ, ਏ.ਐਸ.ਆਈ ਬਲਰਾਜ ਸਿੰਘ, ਹੈਡ ਕਾਂਸਟੇਬਲ ਨਿਰਭੈ ਸਿੰਘ, ਹੈਡ ਕਾਂਸਟੇਬਲ ਪ੍ਰਗਟ ਸਿੰਘ, ਕਾਂਸਟੇਬਲ ਹਰਦੀਪ ਸਿੰਘ ਤੇ ਪੀ.ਐਚ.ਜੀ ਨਸੀਬ ਸਿੰਘ ਵੀ ਹਾਜ਼ਰ ਸਨ।

# ਟਾਟਾ ਮੋਟਰਜ਼ ਨੇ ਬਜਾਜ ਫਾਈਨਾਂਸ ਨਾਲ ਸਾਂਝੇਦਾਰੀ ਕੀਤੀ

**ਲੁਧਿਆਣਾ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਦੀ ਸਭ ਤੋਂ ਵੱਡੀ ਵਪਾਰਕ ਵਾਹਨ ਨਿਰਮਾਤਾ ਕੰਪਨੀ ਟਾਟਾ ਮੋਟਰਜ਼ ਨੇ ਦੇਸ਼ ਦੇ ਸਭ ਤੋਂ ਵੱਡੇ ਵਿੱਤੀ ਸੇਵਾ ਸਮੂਹਾਂ ਵਿੱਚੋਂ ਇੱਕ, ਬਜਾਜ ਫਿਨਸਰਵ ਲਿਮਟਿਡ ਨੂੰ ਹਾਸਲ ਕਰ ਲਿਆ ਹੈ। ਕੰਪਨੀ ਬਜਾਜ ਫਾਈਨੈਂਸ ਲਿਮਿਟੇਡ ਨਾਲ ਇੱਕ ਸਮਝੌਤਾ ਪੱਤਰ (ਐਮ.ਓ.ਯੂ.) 'ਤੇ ਹਸਤਾਖਰ ਕੀਤੇ ਗਏ ਹਨ। ਬਜਾਜ ਫਾਈਨਾਂਸ ਵਪਾਰਕ ਵਾਹਨਾਂ ਦੇ ਪੂਰੇ ਪੋਰਟਫੋਲੀਓ ਵਿੱਚ ਵਿੱਤੀ ਹੱਲ ਪੇਸ਼ ਕਰੇਗਾ। ਗਾਹਕਾਂ ਨੂੰ ਕੰਪਨੀ ਦੀ ਵਿਆਪਕ ਪਹੁੰਚ, ਪ੍ਰਤੀਯੋਗੀ ਵਿਆਜ ਦਰਾਂ, ਫਲੈਕਸੀ ਲੋਨ ਅਤੇ ਡਿਜੀਟਲੀ ਸਮਰਥਿਤ ਲੋਨ ਪ੍ਰੋਸੈਸਿੰਗ ਦਾ ਫਾਇਦਾ ਹੋਵੇਗਾ। ਭਾਈਵਾਲੀ 'ਤੇ ਟਿੱਪਣੀ ਕਰਦੇ ਹੋਏ, ਸ਼੍ਰੀ ਰਾਜੇਸ਼ ਕੌਲ, ਵਾਈਸ ਪ੍ਰੈਜ਼ੀਡੈਂਟ ਅਤੇ ਬਿਜ਼ਨਸ ਹੈੱਡ, ਟਰੱਕਸ, ਟਾਟਾ ਮੋਟਰਜ਼ ਕਮਰਸ਼ੀਅਲ ਵਹੀਕਲਜ਼ ਨੇ ਕਿਹਾ, ਅਸੀਂ ਬਜਾਜ ਫਾਈਨਾਂਸ ਨਾਲ ਸਾਂਝੇਦਾਰੀ ਕਰਕੇ ਬਹੁਤ ਖੁਸ਼ ਹਾਂ। ਇਹ ਕੰਪਨੀ ਗਾਹਕਾਂ ਦੀ ਖੁਸ਼ੀ ਲਈ ਸਭ ਤੋਂ ਵਧੀਆ ਹੱਲ ਪ੍ਰਦਾਨ ਕਰਨ ਦੇ ਸਾਡੇ ਦਰਸ਼ਨ ਨੂੰ ਸਾਂਝਾ ਕਰਦੀ ਹੈ। ਸਾਨੂੰ ਭਰੋਸਾ ਹੈ ਕਿ ਵਪਾਰਕ ਵਾਹਨ ਵਿੱਤ ਵਿੱਚ ਉਹਨਾਂ ਦਾ ਨਵਾਂ ਉੱਦਮ ਉਹਨਾਂ ਨੂੰ ਆਵਾਜਾਈ ਦੇ ਖੇਤਰ ਵਿੱਚ ਮੌਜੂਦ ਵਿਸ਼ਾਲ ਸੰਭਾਵਨਾਵਾਂ ਦਾ ਫਾਇਦਾ ਉਠਾਉਣ ਦੀ ਆਗਿਆ ਦੇਵੇਗਾ। ਇਸ ਸਾਂਝੇਦਾਰੀ ਨਾਲ ਦੇਸ਼ ਭਰ ਦੇ ਉੱਦਮੀਆਂ ਨੂੰ ਫਾਇਦਾ ਹੋਵੇਗਾ। ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿੱਚ ਬਜਾਜ ਫਾਈਨਾਂਸ ਦੇ ਵਿਸ਼ਾਲ ਨੈੱਟਵਰਕ ਦੇ ਨਾਲ, ਗਾਹਕਾਂ ਨੂੰ ਉਹਨਾਂ ਦੀਆਂ ਲੋੜਾਂ ਅਨੁਸਾਰ ਵਿੱਤੀ ਹੱਲਾਂ ਤੱਕ ਆਸਾਨ ਪਹੁੰਚ ਪ੍ਰਾਪਤ ਹੋਵੇਗੀ। ਅਸੀਂ ਆਪਣੇ ਗਾਹਕਾਂ ਨੂੰ ਹੋਰ ਸੁਵਿਧਾਵਾਂ ਪ੍ਰਦਾਨ ਕਰਨ ਲਈ ਪੂਰੀ ਤਰ੍ਹਾਂ ਤਿਆਰ ਹਾਂ।

# ਰੇਹੜੀ ਫੜ੍ਹੀ ਯੂਨੀਅਨ ਨੇ ਚਾਰ ਦਿਨਾਂ ਬੰਦ ਨੂੰ ਦਿੱਤਾ ਭਰਵਾਂ ਸਮਰਥਨ

**ਸ੍ਰੀ ਅਨੰਦਪੁਰ ਸਾਹਿਬ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਅਨੰਦਪੁਰ ਸਾਹਿਬ ਗਰਮੀਆਂ ਦੀਆਂ ਛੁੱਟੀਆਂ ਕਾਰਨ ਵਪਾਰ ਮੰਡਲ ਸ੍ਰੀ ਅਨੰਦਪੁਰ ਸਾਹਿਬ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਚਾਰ ਦਿਨਾਂ ਲਈ ਦੁਕਾਨਾਂ ਬੰਦ ਰੱਖੀਆਂ ਜਾਣ ਦਾ ਫੈਸਲਾ ਕੀਤਾ ਗਿਆ ਹੈ। 27 ਤੋਂ 30 ਜੂਨ ਤੱਕ ਗੁਰੂ ਨਗਰੀ ਦੇ ਸਾਰੇ ਬਾਜ਼ਾਰ ਮੁਕੰਮਲ ਤੌਰ ਤੇ ਬੰਦ ਰਹਿਣਗੇ।ਅੱਜ ਇਸ ਬੰਦ ਨੂੰ ਉਸ ਸਮੇਂ ਹੋਰ ਵੀ ਭਰਵਾਂ ਹੁੰਗਾਰਾ ਮਿਲਿਆ ਜਦੋਂ ਰੇਹੜੀ ਫੜੀ ਯੂਨੀਅਨ ਵੱਲੋਂ ਵੀ ਬੰਦ ਦੇ ਸਮਰਥਨ ਦਾ ਐਲਾਨ ਕਰ ਦਿੱਤਾ ਗਿਆ। ਰੇਹੜੀ ਫੜੀ ਯੂਨੀਅਨ ਦੇ ਪ੍ਰਧਾਨ ਸੁਨੀਲ ਐਡਵਾਲ ਦੀ ਪ੍ਰਧਾਨਗੀ ਹੇਠ ਹੋਈ



ਵਿਸ਼ੇਸ਼ ਮੀਟਿੰਗ ਵਿੱਚ ਸਰਬ ਸੰਮਤੀ ਨਾਲ ਇਹ ਫੈਸਲਾ ਲਿਆ ਗਿਆ ਕਿ 27 ਤੋਂ 30 ਜੂਨ ਤੱਕ ਰੇਹੜੀਆਂ ਤੇ ਫੜੀਆਂ ਵੀ ਮੁਕਮਲ ਤੌਰ ਤੇ ਬੰਦ ਰਹਿਣਗੇ। ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ ਤੇ ਪਹੁੰਚੇ ਵਪਾਰ ਮੰਡਰ ਦੇ ਪ੍ਰਧਾਨ ਇੰਦਰਜੀਤ ਸਿੰਘ ਅਰੋੜਾ ਨੇ ਜਿੱਥੇ ਰੇਹੜੀ ਤੇ ਫੜੀ ਯੂਨੀਅਨ ਦਾ ਧੰਨਵਾਦ ਕੀਤਾ ਉੱਥੇ ਸਮੁੱਚੇ ਵਪਾਰੀ ਵਰਗ ਨੂੰ ਇਹ ਅਪੀਲ ਕੀਤੀ ਕਿ ਆਓ ਰਲ ਮਿਲ ਕੇ ਇਸ ਬੰਦ ਨੂੰ ਸਫਲ ਬਣਾ ਕੇ ਆਪਣੇ ਪਰਿਵਾਰਾਂ ਲਈ ਕੁਝ ਸਮਾਂ ਕੱਢੀਏ ਤਾਂ ਜੋ ਬਿਜਨਸ ਦੀਆਂ ਚਿੰਤਾਵਾਂ ਤੋਂ ਦੂਰ ਹੋ ਕੇ ਆਪਣੇ ਪਰਿਵਾਰ ਦੇ ਨਾਲ ਘੁਲ ਮਿਲ ਕੇ ਗਰਮੀਆਂ ਦੀਆਂ ਛੁੱਟੀਆਂ ਮਨਾਈਏ ਇਸ ਮੌਕੇ ਹੋਰਨਾਂ ਤੋਂ ਇਲਾਵਾ,ਨੀਰਜ ਕੁਮਾਰ,ਵਿਵੇਕ ਸ਼ਰਮਾ, ਗੁਰਮੀਤ ਸਿੰਘ, ਸੰਜੂ, ਰਾਮ ਕੁਮਾਰ, ਨਰਿੰਦਰ ਸਿੰਘ, ਨਿਰਮਲ,ਸਿੰਘ,ਵਿੱਕੀ ਸਿੰਘ, ਰਿੱਕੂ ਕੁਮਾਰ,ਬਬਲੂ ਖਾਨ, ਰਾਕੇਸ਼ ਕੁਮਾਰ,ਆਰਪੀ ਦੀਪਕ,ਸ਼ਿਵ ਪ੍ਰਕਾਸ਼, ਰਾਮੀ, ਸੰਤਨੋਸ਼,ਿ ਵਜੇ,ਇੰਦਰਜੀਤ, ਸ਼ਮੀ ਕੁਮਾਰ, ਬੱਲੀ ਮੁਹੰਮਦ, ਸਾਹਿਲ ਕੁਮਾਰ,ਅਸ਼ੋਕ ਕੁਮਾਰ, ਮਨੋਹਰ, ਇੰਦਰ, ਚੌਹਾਨ ,ਚੰਦਰਪਲ, ਬਲਵੀਰ ਸਿੰਘ ਆਦਿ ਹਾਜ਼ਰ ਸਨ।

# ਵਿਧਾਇਕ ਸੇਖੋਂ ਨੇ ਹਰਦਿਆਲੇਆਣਾ ਵਿਖੇ ਵਿਕਾਸ ਕਾਰਜ ਕਰਵਾਏ ਸ਼ੁਰੂ

**ਫਰੀਦਕੋਟ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਗ੍ਰਾਮ ਪੰਚਾਇਤ ਹਰਦਿਆਲੇਆਣਾ ਵਿਖੇ ਕਾਫੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਪਿੰਡ ਦੇ ਗੰਦੇ ਪਾਣੀ ਦੇ ਨਿਕਾਸੀ ਦੀ ਸਮੱਸਿਆ ਦਾ ਹੱਲ ਸ. ਗੁਰਦਿੱਤ ਸਿੰਘ ਸੇਖੋਂ ਐਮ.ਐਲ.ਏ. ਹਲਕਾ ਫ਼ਰੀਦਕੋਟ ਵੱਲੋਂ ਪਿੰਡ ਤੋਂ ਲੈ ਕੇ ਛੱਪੜ ਤੱਕ ਪੰਚਾਇਤ ਵੱਲੋ ਗੰਦੇ ਪਾਣੀ ਦੀ ਨਿਕਾਸੀ ਲਈ ਜਮੀਨਦੋਜ਼ ਪਾਇਪਾਂ ਪਾਉਣ ਦਾ ਕੰਮ ਸ਼ੁਰੂ ਕਰਵਾ ਕੇ ਕੀਤਾ।

ਗ੍ਰਾਮ ਪੰਚਾਇਤ ਅਤੇ ਸਮੂਹ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਹਲਕਾ ਵਿਧਾਇਕ ਨੇ ਦੱਸਿਆ ਕੇ ਜਿਸ ਤਰਾਂ ਨਾਲ ਅੱਜ ਪਿੰਡ ਹਰਦਿਆਲੇਆਣਾ ਦੀ ਪੁਰਾਣੀਆਂ ਸਰਕਾਰਾਂ ਦੇ ਸਮੇਂ ਤੋਂ ਚਲੀ ਆ ਰਹੀ ਮੁਸ਼ਕਲ ਦਾ ਹੱਲ ਆਮ ਆਦਮੀ ਪਾਰਟੀ ਦੀ ਸਰਕਾਰ ਆਉਣ ਨਾਲ ਨਿਕਲਿਆ ਹੈ ਉਸੇ ਤਰਾਂ ਹਲਕਾ ਫ਼ਰੀਦਕੋਟ ਦੇ ਸਮੂਹ ਪਿੰਡਾਂ ਦੀਆਂ ਮੁਸ਼ਕਲਾਂ ਦਾ ਹੱਲ ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਯੋਗ ਅਗਵਾਈ ਵਿੱਚ ਕੱਢਦੇ ਹੋਏ ਸੂਬੇ ਨੂੰ ਰੰਗਲਾ ਪੰਜਾਬ ਬਣਾਇਆ ਜਾਵੇਗਾ। ਉਨ੍ਹਾਂ ਅੱਗੇ ਬੋਲਦਿਆਂ ਕਿਹਾ ਕਿ ਪਿੰਡਾਂ ਦੇ ਵਿਕਾਸ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ ਅਤੇ ਪਿੰਡਾਂ ਵਿੱਚ ਹੋਣ ਵਾਲੇ ਵਿਕਾਸ ਕਾਰਜ ਪਹਿਲ ਦੇ ਅਧਾਰ ਉਪਰ ਮਿਆਰੀ ਦਰਜੇ ਦੇ ਕਰਵਾਏ ਜਾਣਗੇ। ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਗ੍ਰਾਮ ਪੰਚਾਇਤਾਂ ਦੀਆਂ ਚੋਣਾਂ ਵਿੱਚ ਧੜੇ ਬੰਦੀ ਨੂੰ ਛੱਡ ਕੇ ਪਿੰਡਾਂ ਦੇ ਵਿਕਾਸ ਲਈ ਕਿਸੇ ਇੱਕ ਪਾਰਟੀ ਦੀ ਪੰਚਾਇਤ ਨਾ ਚੁਣ ਕੇ ਪਿੰਡ ਦੀ ਪੰਚਾਇਤ ਦੀ ਚੋਣ ਸਰਬਸੰਮਤੀ ਨਾਲ ਕੀਤੀ ਜਾਵੇ ਤਾਂ ਜੋ ਸੂਬੇ ਦੇ ਪਿੰਡਾਂ ਦਾ ਬਾਕੀ ਰਹਿੰਦਾ ਵਿਕਾਸ ਹੋ ਸਕੇ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਦੀਪਿਕਾ ਬਾਂਸਲ ਪੰਚਾਇਤ ਸਕੱਤਰ, ਅਜੇ ਪਾਲ ਸ਼ਰਮਾ ਪੰਚਾਇਤ ਸਕੱਤਰ, ਬਾਬਾ ਗੁਰਮੀਤ ਸਿੰਘ,ਬਲਜੀਤ ਸਿੰਘ ਰੋਮਾਣਾ, ਸੁਖਦੇਵ ਸਿੰਘ, ਤੀਰਥ ਸਿੰਘ, ਕੁਲਵਿੰਦਰ ਸਿੰਘ (ਤਿੰਨੋ ਸਾਬਕਾ ਪੰਚ), ਸਤਵੰਤ ਸਿੰਘ, ਜਸਕਰਨ ਸਿੰਘ, ਜਗਰੂਪ ਸਿੰਘ, ਲਖਵੰਤ ਸਿੰਘ, ਜਸਵੀਰ ਸਿੰਘ ਕੈਰੋਂ, ਮਹਿੰਦਰ ਸਿੰਘ ਸੰਧੂ, ਗੁਰਵਿੰਦਰ ਸਿੰਘ,ਗੁਰਦਾਸ ਸਿੰਘ, ਕੁਲਵੰਤ ਸਿੰਘ, ਨਿਰਮਲ ਸਿੰਘ, ਜਗਸੀਰ ਸਿੰਘ ਆਦਿ ਪਿੰਡ ਵਾਸੀ ਹਾਜਰ ਸਨ।

# ਸਖੀ ਵਨ ਸਟਾਪ ਸੈਂਟਰ ਵੱਲੋਂ ਡਾਇਟ ਵਿਖੇ ਲਗਾਇਆ ਗਿਆ ਜਾਗਰੂਕਤਾ ਕੈਂਪ

**ਫਤਹਿਗੜ੍ਹ ਸਾਹਿਬ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਸ਼੍ਰੀਮਤੀ ਪਰਨੀਤ ਸ਼ੇਰਗਿੱਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਖੀ ਵਨ ਸਟਾਪ ਸੈਂਟਰ ਵੱਲੋਂ ਜ਼ਿਲ੍ਹਾ ਪ੍ਰੋਗਰਾਮ ਅਫਸਰ ਸ਼੍ਰੀਮਤੀ ਸ਼ਰਨਜੀਤ ਕੌਰਜ ਦੀ ਅਗਵਾਈ ਹੇਠ ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ (ਡਾਇਟ) ਵਿਖੇ ਜਾਗਰੂਕਤਾ ਕੈਂਪ ਲਗਾਏ ਗਏ ਜਿਸ ਵਿੱਚ ਔਰਤਾਂ ਨੂੰ ਸਖੀ ਵਨ ਸਟਾਪ ਸੈਂਟਰ ਵੱਲੋਂ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਬਾਰੇ ਜਾਣਕਾਰੀ ਦਿੱਤੀ ਗਈ।

ਇਸ ਮੌਕੇ ਕੇਸ ਵਰਕਰ ਨਿਰਮਲ ਕੌਰ ਨੇ ਵਿਦਿਆਰਥੀਆਂ ਨੂੰ ਦੱਸਿਆ ਗਿਆ ਕਿ ਭਾਰਤ ਸਰਕਾਰ ਵੱਲੋਂ ਇਸਤਰੀ ਅਤੇ ਬਾਲ ਵਿਕਾਸ ਮੰਤਰਾਲੇ ਅਧੀਨ ਕਿਸੇ ਵੀ ਤਰ੍ਹਾਂ ਦੀ ਹਿੰਸਾ, ਜਿਵੇਂ ਕਿ ਘਰੇਲੂ ਹਿੰਸਾ, ਤੇਜ਼ਾਬੀ ਹਮਲਾ, ਬਲਾਤਕਾਰ, ਗੈਰ-ਮਨੁੱਖੀ ਤਸਕਰੀ, ਦਹੇਜ ਪੀੜਤ ਅਤੇ ਛੇੜਛਾੜ ਤੋਂ ਪੀੜਤ ਮਹਿਲਾਵਾਂ ਨੂੰ ਇੱਕ ਛੱਤ ਹੇਠਾਂ ਸੇਵਾਵਾਂ,



ਜਿਵੇਂ ਕਿ ਪੁਲਿਸ ਸਹਾਇਤਾ, ਡਾਕਟਰੀ ਸਹਾਇਤਾ, ਮਾਨਸਿਕ-ਸਮਾਜਿਕ ਕਾਉਂਸਲਿੰਗ, ਮੁਫਤ ਕਾਨੂੰਨੀ ਸਹਾਇਤਾ/ਕਾਨੂੰਨੀ ਸਲਾਹ ਮਸ਼ਵਰਾ ਅਤੇ ਪੀੜਤ ਮਹਿਲਾ ਨੂੰ ਅਸਥਾਈ ਆਸਰਾ (ਵੱਧ ਤੋਂ ਵੱਧ 5 ਦਿਨਾਂ ਲਈ) ਪ੍ਰਦਾਨ ਕਰਨ ਲਈ ਸਖੀ ਵਨ ਸਟਾਪ ਸੈਂਟਰ ਸਕੀਮ ਜਾਰੀ ਕੀਤੀ ਗਈ ਹੈ। ਕੇਸ ਵਰਕਰ ਵੱਲੋਂ ਦੱਸਿਆ ਗਿਆ ਕਿ ਇਹਨਾਂ ਸੈਮੀਨਾਰਾਂ ਦਾ ਉਦੇਸ਼ ਔਰਤਾਂ ਵਿਰੁੱਧ ਹਿੰਸਾ ਨੂੰ ਰੋਕਣ ਬਾਰੇ ਜਾਗਰੂਕਤਾ ਅਤੇ ਆਦਰ ਤੇ ਸੁਰੱਖਿਆ ਦਾ ਸੱਭਿਆਚਾਰ ਪੈਦਾ ਕਰਨਾ ਹੈ। ਮਹਿਲਾਵਾਂ ਨਾਲ ਹੋ ਰਹੀਆਂ ਘਰੇਲੂ ਹਿੰਸਾਵਾਂ ਨੂੰ ਰੋਕਣ ਲਈ ਇੱਕ ਚੰਗੇ ਗੁਆਢੀ ਵੱਲੋਂ ਨਿਭਾਈ ਜਾਣ ਵਾਲੀ ਭੂਮਿਕਾ ਬਾਰੇ ਵੀ ਚਰਚਾ ਕੀਤੀ ਗਈ।

ਇਸ ਤੋਂ ਇਲਾਵਾ ਕੇਸ ਵਰਕਰ ਵੱਲੋਂ ਦੱਸਿਆ ਗਿਆ ਕਿ ਇਹ ਸੈਂਟਰ ਪੰਜਾਬ ਦੇ ਹਰ ਜ਼ਿਲ੍ਹੇ ਵਿੱਚ ਖੋਲ੍ਹੇ ਗਏ ਹਨ। ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿੱਚ ਇਹ ਸੈਂਟਰ ਸਿਵਲ ਹਸਪਤਾਲ, ਫਤਹਿਗੜ੍ਹ ਸਾਹਿਬ ਵਿਚ ਸਾਹਮਣੇ ਐਮਰਜੈਂਸੀ ਬਿਲਡਿੰਗ ਵਿਖੇ ਖੋਲ੍ਹਿਆ ਗਿਆ ਹੈ ਔਰਤਾਂ ਦੀ ਸਹਾਇਤਾ ਲਈ ਸੈਂਟਰ ਨਾਲ ਸੰਪਰਕ ਕਰਨ ਲਈ ਟੈਲੀਫੋਨ ਨੰ. 01763-233054, 9988100-415, 7710758976 ਵੀ ਮੁਹੱਈਆ ਕਰਵਾਏ ਗਏ। ਇਸ ਦੇ ਨਾਲ ਹੀ ਔਰਤਾਂ ਦੀ ਸੁਰੱਖਿਆ ਲਈ ਬਣੇ ਕਾਨੂੰਨੀ ਅਧਿਕਾਰਾਂ ਪ੍ਰਤੀ ਜਾਗਰੂਕ ਕਰਵਾਇਆ ਗਿਆ ਅਤੇ ਐਮਰਜੈਂਸੀ ਹੈਲਪ ਲਾਇਨ ਨੰ. 181 ਅਤੇ 112 ਬਾਰੇ ਵੀ ਜਾਣਕਾਰੀ ਦਿੱਤੀ ਗਈ ਕਿ ਇਹਨਾਂ ਨੰਬਰਾਂ ਤੇ ਹਿੰਸਾ ਸਬੰਧੀ ਕਿਸੇ ਵੀ ਸਮੇਂ ਸ਼ਿਕਾਇਤ ਦਰਜ ਕਰਵਾਈ ਜਾ ਸਕਦੀ ਹੈ।

# ਨਾਇਬ ਸੈਣੀ ਨੇ ਮੰਤਰੀਆਂ ਸਣੇ ਅਯੁੱਧਿਆ ਵਿੱਚ ਰਾਮ ਮੰਦਰ ਦੇ ਦਰਸ਼ਨ ਕੀਤੇ



**ਚੰਡੀਗੜ੍ਹ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**
ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸੈਣੀ ਨੇ ਅੱਜ ਕੈਬਨਿਟ ਮੰਤਰੀਆਂ ਤੇ ਵਿਧਾਇਕਾਂ ਨਾਲ ਅਯੁੱਧਿਆ ਵਿਖੇ ਸ੍ਰੀ ਰਾਮ ਮੰਦਰ ਵਿੱਚ ਸ੍ਰੀ ਰਾਮਲੱਲਾ ਦੇ ਦਰਸ਼ਨ ਕੀਤੇ। ਇਸ ਮੌਕੇ ਸ੍ਰੀ ਸੈਣੀ ਨੇ ਸੂਬਾ ਵਾਸੀਆਂ ਦੇ ਸੁੱਖ ਤੇ ਖੁਸ਼ਹਾਲੀ ਦੀ ਕਾਮਨਾ ਕੀਤੀ। ਮੁੱਖ ਮੰਤਰੀ ਨੇ ਚੰਡੀਗੜ੍ਹ ਹਵਾਈ ਅੱਡੇ 'ਤੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ੍ਰੀ ਰਾਮਲੱਲਾ ਅਯੁੱਧਿਆ ਵਿਚ ਬਿਰਾਜਮਾਨ ਹੋਏ ਹਨ ਅਤੇ ਸਭ ਨੂੰ ਉਨ੍ਹਾਂ ਦੇ ਦਰਸ਼ਨ ਕਰਨ ਦਾ ਮੌਕਾ ਮਿਲਿਆ ਹੈ।ਉਨ੍ਹਾਂ ਕਿਹਾ ਕਿ ਸ੍ਰੀ ਰਾਮ ਮੰਦਰ ਦੇ ਦਰਸ਼ਨ ਹਰੇਕ ਵਿਅਕਤੀ ਨੂੰ ਕਰਨੇ ਚਾਹੀਦੇ ਹਨ। ਸ੍ਰੀ ਸੈਣੀ ਨੇ ਕਿਹਾ ਕਿ ਹਰਿਆਣਾ ਵਿੱਚ ਤੀਰਥ ਅਸਥਾਨਾਂ ਦੇ ਦਰਸ਼ਨ ਕਰਨ ਦੇ ਚਾਹਵਾਨ ਲੋਕਾਂ ਲਈ ਸੂਬਾ ਸਰਕਾਰ ਨੇ ਮੁੱਖ ਮੰਤਰੀ ਤੀਰਥ ਦਰਸ਼ਨ ਯੋਜਨਾ ਬਣਾਈ ਹੈ, ਜਿਸ ਤਹਿਤ ਲੋਕਾਂ ਨੂੰ ਤੀਰਥ ਅਸਥਾਨਾਂ ਦੇ ਦਰਸ਼ਨ ਕਰਵਾਏ ਜਾ ਰਹੇ ਹਨ।

ਇਸੇ ਲੜੀ ਤਹਿਤ ਸਰਕਾਰ ਨੇ ਕਾਮਿਆਂ ਨੂੰ ਵੀ ਮੁੱਖ ਮੰਤਰੀ ਤੀਰਥ ਦਰਸ਼ਨ ਯੋਜਨਾ ਦਾ ਲਾਭ ਦੇਣ ਦਾ ਫੈਸਲਾ ਕੀਤਾ ਹੈ ਅਤੇ ਵਿਭਾਗ ਦੇ ਅਧਿਕਾਰੀਆਂ ਨੂੰ ਇਸ ਸਬੰਧ ਵਿੱਚ ਯੋਜਨਾ ਬਣਾਉਣ ਦੇ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਕਿਹਾ ਕਿ ਕੁਰੂਕਸ਼ੇਤਰ ਦੇ ਵਿਕਾਸ ਲਈ ਲਗਪਗ 250 ਕਰੋੜ ਰੁਪਏ ਦੀਆਂ ਯੋਜਨਾਵਾਂ ਲਾਗੂ ਕੀਤੀਆਂ ਜਾ ਰਹੀਆਂ ਹਨ। ਹਰਿਆਣਾ ਦੇ ਮੁੱਖ ਮੰਤਰੀ ਨੇ ਕਿਹਾ ਕਿ ਪੰਚਕੂਲਾ ਵਿੱਚ ਮਨਸਾ ਦੇਵੀ ਮੰਦਰ ਤੇ ਗੁਰਦੁਆਰਾ ਸ੍ਰੀ ਨਾਢਾ ਸਾਹਿਬ, ਗੁਰੂਗ੍ਰਾਮ ਵਿੱਚ ਮਾਤਾ ਸ਼ੀਤਲਾ ਮੰਦਰ ਆਦਿ ਦੇ ਨਵੀਨੀਕਰਨ ਦਾ ਕੰਮ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਸੈਰ-ਸਪਾਟਾ ਨੂੰ ਵਧਾਉਣ ਲਈ ਗੁਰੂਗ੍ਰਾਮ ਵਿੱਚ ਜੰਗਲ ਸਫ਼ਾਰੀ ਵਿਕਸਤ ਕੀਤੀ ਜਾ ਰਹੀ ਹੈ।

# ਹਰਿਆਣਾ ਸਰਕਾਰ ਦੀ ਵਾਧੂ ਅੰਕ ਦੇਣ ਦੀ ਨੀਤੀ ਸੁਪਰੀਮ ਕੋਰਟ ਵੱਲੋਂ ਵੀ ਰੱਦ

**ਨਵੀਂ ਦਿੱਲੀ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**
ਸੁਪਰੀਮ ਕੋਰਟ ਨੇ ਅੱਜ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਉਸ ਹੁਕਮ ਨੂੰ ਬਰਕਰਾਰ ਰੱਖਿਆ ਹੈ ਜਿਸ ਵਿੱਚ ਭਰਤੀ ਪ੍ਰੀਖਿਆਵਾਂ 'ਚ ਹਰਿਆਣਾ ਦੇ ਵਸਨੀਕਾਂ ਨੂੰ ਵਾਧੂ ਅੰਕ ਦੇਣ ਦੀ ਸੂਬਾ ਸਰਕਾਰ ਦੀ ਨੀਤੀ ਨੂੰ ਰੱਦ ਕਰ ਦਿੱਤਾ ਗਿਆ ਸੀ। ਹਰਿਆਣਾ ਸਰਕਾਰ ਦੀ ਨੀਤੀ ਨੂੰ 'ਲੋਕ ਲੁਭਾਊ ਢੰਗ' ਕਰਾਰ ਦਿੰਦਿਆਂ ਜਸਟਿਸ ਅਭੈ ਐੱਸ ਓਕਾ ਤੇ ਜਸਟਿਸ ਰਾਜੇਸ਼ ਬਿੰਦਲ ਦੇ ਵੈਕੇਸ਼ਨ ਬੈਂਚ ਨੇ ਹਾਈ ਕੋਰਟ ਦੇ ਹੁਕਮਾਂ 'ਚ ਦਖਲ ਦੇਣ ਤੋਂ ਇਨਕਾਰ ਕਰ ਦਿੱਤਾ। ਹਾਈ



ਕੋਰਟ ਨੇ ਸੂਬਾ ਸਰਕਾਰ ਦੀਆਂ ਨੌਕਰੀਆਂ 'ਚ ਕੁਝ ਵਰਗਾਂ ਦੇ ਉਮੀਦਵਾਰਾਂ ਨੂੰ ਵਾਧੂ ਅੰਕ ਦੇਣ ਲਈ ਹਰਿਆਣਾ ਸਰਕਾਰ ਵੱਲੋਂ ਤੈਅ ਸਮਾਜਿਕ-ਆਰਥਿਕ ਪੈਮਾਨਿਆਂ ਨੂੰ ਗ਼ੈਰ-ਸੰਵਿਧਾਨਕ ਕਰਾਰ ਦਿੱਤਾ ਸੀ।

# ਮਿਉਂਸਿਪਲ ਮੁਲਾਜ਼ਮਾਂ ਵੱਲੋਂ ਨਿਗਮ ਦਫ਼ਤਰ ਅੱਗੇ ਪ੍ਰਦਰਸ਼ਨ

**ਯਮੁਨਾਨਗਰ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**
ਮਿਉਂਸਿਪਲ ਕਰਮਚਾਰੀ ਯੂਨੀਅਨ ਦੇ ਯੂਨਿਟ ਹੈੱਡ ਪਾਪਲਾ ਦੀ ਪ੍ਰਧਾਨਗੀ ਹੇਠ ਮੁਲਾਜ਼ਮਾਂ ਨੇ ਅੱਜ ਨਿਗਮ ਦਫ਼ਤਰ ਅੱਗੇ ਇਕੱਠੇ ਹੋ ਕੇ ਆਪਣੀਆਂ ਲਟਕਦੀਆਂ ਮੰਗਾਂ ਦੇ ਰੋਸ ਵਜੋਂ ਨਿਗਮ ਅਧਿਕਾਰੀਆਂ ਖ਼ਿਲਾਫ਼ ਪ੍ਰਦਰਸ਼ਨ ਕੀਤਾ। ਸੂਬਾ ਜਨਰਲ ਸਕੱਤਰ ਮਾਂਗੇ ਰਾਮ ਤਿਗਰਾ, ਜ਼ਿਲ੍ਹਾ ਪ੍ਰਧਾਨ ਪ੍ਰਵੇਸ਼ ਪਰੋਚਾ ਅਤੇ ਜ਼ਿਲ੍ਹਾ ਸਕੱਤਰ ਗੁਲਸ਼ਨ ਭਾਰਦਵਾਜ਼ ਨੇ ਨਿਗਮ ਕਮਿਸ਼ਨਰ ਨੂੰ ਨੋਟਿਸ ਦਿੰਦਿਆਂ ਚਿਤਾਵਨੀ ਦਿੱਤੀ ਕਿ ਜੇ ਉਨ੍ਹਾਂ ਦੀਆਂ ਮੰਗਾਂ ਜਲਦੀ ਨਾ ਮੰਨੀਆਂ ਗਈਆਂ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਨਗਰ ਨਿਗਮ ਵਿੱਚ ਕੰਮ ਕਰਦੇ ਸਫ਼ਾਈ ਸੇਵਕਾਂ ਦੀਆਂ ਲਟਕਦੀਆਂ ਮੰਗਾਂ ਨੂੰ ਨਿਗਮ ਅਧਿਕਾਰੀਆਂ ਵੱਲੋਂ ਲਗਾਤਾਰ ਅਣਗੌਲਿਆਂ ਕੀਤਾ ਜਾ ਰਿਹਾ ਹੈ ਜਿਸ ਕਾਰਨ ਮੁਲਾਜ਼ਮਾਂ ਵਿੱਚ ਭਾਰੀ ਰੋਸ ਹੈ। ਇਨ੍ਹਾਂ ਮੰਗਾਂ ਨੂੰ ਲੈ ਕੇ ਮੁਲਾਜ਼ਮ ਪਹਿਲਾਂ ਵੀ ਕਈ ਵਾਰ ਰੋਸ ਪ੍ਰਦਰਸ਼ਨ ਕਰ ਚੁੱਕੇ ਹਨ ਪਰ ਅਧਿਕਾਰੀ ਕੋਈ ਧਿਆਨ ਨਹੀਂ ਦੇ ਰਹੇ। ਇਸ ਮੌਕੇ ਉੱਪ ਪ੍ਰਧਾਨ ਬਲਦੀਪ, ਸਕੱਤਰ ਰਮਨ, ਖ਼ਜ਼ਾਨਚੀ ਗੁਲਜ਼ਾਰ ਅਹਿਮਦ, ਜੀਤੋ, ਕਮਲੇਸ਼, ਸ੍ਰੀਚੰਦ, ਪ੍ਰਿੰਸ ਅਤੇ ਮੁਕੇਸ਼ ਆਦਿ ਹਾਜ਼ਰ ਸਨ। ਯੂਨੀਅਨ ਆਗੂਆਂ ਨੇ ਦੱਸਿਆ ਕਿ ਕਰਮਚਾਰੀਆਂ ਦੀਆਂ ਮੰਗਾਂ ਵਿੱਚ ਪੇਅਰੋਲ ਕਰਮਚਾਰੀਆਂ ਨੂੰ ਕਣਕ ਖਰੀਦਣ ਲਈ ਐਡਵਾਂਸ ਦੇਣਾ, ਰੈਗੂਲਰ ਸਫ਼ਾਈ ਕਰਮਚਾਰੀਆਂ ਦੇ ਮੈਡੀਕਲ ਬਿੱਲਾਂ ਦੀ ਅਦਾਇਗੀ, ਕਰਮਚਾਰੀਆਂ ਨੂੰ ਐਲਟੀਸੀ ਸੀਨੀਆਰਤਾ ਦੇ ਆਧਾਰ 'ਤੇ ਸਫ਼ਾਈ ਇੰਸਪੈਕਟਰ ਦੀ ਤਰੱਕੀ ਦੇਣਾ, ਪਿੰਡਾਂ ਦੇ ਚੌਂਕੀਦਾਰਾਂ ਨੂੰ ਪੰਜ ਸਾਲ ਦਾ ਸਾਈਕਲ ਭੱਤਾ, ਬੈਟਰੀਆਂ, ਸੀਟੀਆਂ ਅਤੇ ਵਰਦੀਆਂ ਦੇਣਾ ਆਦਿ ਸ਼ਾਮਲ ਹਨ।



# ਬੈਂਕ ਮੁਲਾਜ਼ਮ ਦੀ ਸੜਕ ਹਾਦਸੇ ਵਿੱਚ ਮੌਤ

**ਟੋਹਾਣਾ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**
ਬੈਂਕ ਦੀਆਂ ਕਿਸ਼ਤਾਂ ਉਗਰਾਹੀ ਲਈ ਜਾ ਰਹੇ ਨਿੱਜੀ ਬੈਂਕ ਦੇ ਅਧਿਕਾਰੀ ਜੋਗਿੰਦਰ ਸਿੰਘ (28) ਦੀ ਸੜਕ ਹਾਦਸੇ ਵਿੱਚ ਮੌਤ ਹੋ ਗਈ। ਪੁਲੀਸ ਮੁਤਾਬਿਕ ਜੋਗਿੰਦਰ ਪਿੰਡ ਜੋਗੇਵਾਲਾ ਜ਼ਿਲ੍ਹਾ ਸਿਰਸਾ ਦਾ ਵਾਸੀ ਸੀ ਤੇ ਉਹ ਫਤਿਹਾਬਾਦ ਦੇ ਬੈਂਕ ਵਿੱਚ ਤਾਇਨਾਤ ਸੀ। ਜਾਣਕਾਰੀ ਅਨੁਸਾਰ ਪਿੱਛੋਂ ਤੇਜ਼ ਰਫ਼ਤਾਰ ਕਾਰ ਵੱਲੋਂ ਉਸ ਦੇ ਮੋਟਰਸਾਈਕਲ ਨਾਲ ਟੱਕਰ ਮਾਰਨ ਕਾਰਨ ਉਹ ਸੜਕ 'ਤੇ ਜਾ ਡਿੱਗਾ। ਸਿਰ ਵਿੱਚ ਸੱਟਾਂ ਲੱਗਣ 'ਤੇ ਉਸ ਨੂੰ ਹਸਪਤਾਲ ਪਹੁੰਚਾਇਆ ਗਿਆ ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨਿਆ।

ਕਾਰ ਆਈ-20 ਦੱਸੀ ਗਈ ਹੈ ਤੇ ਨੰਬਰ ਪਲੇਟ 'ਤੇ ਚੇਅਰਮੈਨ ਦੀ ਪੱਟੀ ਲਗੀ ਹੋਈ ਹੈ। ਹਾਦਸੇ ਤੋਂ ਬਾਅਦ ਕਾਰ ਚਾਲਕ ਫ਼ਰਾਰ ਹੋ ਗਿਆ। ਪੁਲੀਸ ਟੀਮ ਕਾਰ ਤੇ ਮੋਟਰਸਾਈਕਲ ਨੂੰ ਥਾਣੇ ਲੈ ਗਈ। ਪੁਲੀਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਪਾਰਕ 'ਚ ਬੈਠੇ ਜੋੜੇ ਦੀ ਗੋਲੀਆਂ ਮਾਰ ਕੇ ਹੱਤਿਆ

**ਟੋਹਾਣਾ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**
ਸਥਾਨਕ ਲਾਲਾ ਹੁਕਮ ਚੰਦ ਜੈਨ ਪਾਰਕ ਹਾਂਸੀ 'ਚ ਬੈਠੇ ਇੱਕ ਸੱਜ-ਵਿਆਹੇ ਜੋੜੇ ਦੀ ਮੋਟਰਸਾਈਕਲ ਸਵਾਰ ਦੋ ਨੌਜਵਾਨਾਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਹਾਂਸੀ ਥਾਣੇ ਦੇ ਐੱਸਐੱਚਓ ਜਗਜੀਤ ਸਿੰਘ ਨੇ ਦੱਸਿਆ ਕਿ ਇਹ ਘਟਨਾ ਸਵੇਰੇ ਅੱਜ ਸਵੇਰੇ 9.30 ਵਜੇ ਵਾਪਰੀ। ਉਨ੍ਹਾਂ ਦੱਸਿਆ ਕਿ ਵਾਰਦਾਤ ਦੀ ਸੂਚਨਾ ਮਿਲਦੇ ਹੀ ਪੁਲੀਸ ਟੀਮਾਂ ਮੌਕੇ 'ਤੇ ਪੁੱਜੀਆਂ ਤੇ ਜੋੜੇ ਨੂੰ ਹਸਪਤਾਲ ਪਹੁੰਚਾਇਆ ਜਿੱਥੇ ਡਾਕਟਰਾਂ ਨੇ ਦੋਵਾਂ ਨੂੰ ਮ੍ਰਿਤਕ ਐਲਾਨ ਦਿੱਤਾ। ਮ੍ਰਿਤਕਾਂ ਦੀ ਸ਼ਨਾਖ਼ਤ ਤੇਜਵੀਰ (25) ਵਾਸੀ ਪਿੰਡ ਬਡਾਲਾ (ਨਾਰਨੌਂਦ) ਤੇ ਮੀਨਾ (24) ਵਾਸੀ ਪਿੰਡ ਸੁਲਤਾਨਪੁਰ (ਹਾਂਸੀ) ਵਜੋਂ ਹੋਈ ਹੈ। ਜਾਣਕਾਰੀ ਮੁਤਾਬਕ ਤੇਜਵੀਰ ਤੇ ਮੀਨਾ ਨੋਇਡਾ ਦੀ ਇਕ ਕੰਪਨੀ ਵਿੱਚ ਨੌਕਰੀ ਕਰਦੇ ਸਨ। ਦੋਵਾਂ ਨੇ ਆਪਸੀ ਰਜ਼ਾਮੰਦੀ ਨਾਲ ਦੋ ਮਹੀਨੇ ਪਹਿਲਾਂ ਪ੍ਰੇਮ ਵਿਆਹ ਕਰਵਾਇਆ ਸੀ। ਮੌਕੇ 'ਤੇ ਦੇਖਣ ਵਾਲਿਆਂ ਨੇ ਦੱਸਿਆ ਕਿ ਨਵਾਂ ਵਿਆਹਿਆ ਜੋੜਾ ਪਾਰਕ ਵਿੱਚ ਬੈਠਾ ਸੀ।

ਇਸ ਦੌਰਾਨ ਮੋਟਰਸਾਈਕਲ 'ਤੇ ਆਏ ਦੋ ਨੌਜਵਾਨਾਂ ਨੇ ਦੋਵਾਂ 'ਤੇ ਘੱਟੋ-ਘੱਟ 7 ਤੋਂ 10 ਗੋਲੀਆਂ ਚਲਾਈਆਂ ਜੋ ਦੋਵਾਂ ਦੀ ਛਾਤੀ ਵਿੱਚ ਵੱਜੀਆਂ ਅਤੇ ਉਨ੍ਹਾਂ ਨੇ ਮੌਕੇ 'ਤੇ ਹੀ ਦਮ ਤੋੜ ਦਿੱਤਾ। ਪੁਲੀਸ ਨੇ ਦੱਸਿਆ ਕਿ ਉਨ੍ਹਾਂ ਦੇ ਮੌਕੇ 'ਤੇ ਪਹੁੰਚਣ ਤੱਕ ਜੋੜੇ ਦੀ ਮੌਤ ਹੋ ਚੁੱਕੀ ਸੀ। ਉਨ੍ਹਾਂ ਦੱਸਿਆ ਕਿ ਮੁੱਢਲੀ ਜਾਣਕਾਰੀ ਮੁਤਾਬਕ ਤਿੰਨ ਨੌਜਵਾਨ ਮੋਟਰਸਾਈਕਲ 'ਤੇ ਆਏ ਸਨ ਤੇ ਦੋ ਨੌਜਵਾਨਾਂ ਨੇ ਗੋਲੀਆਂ ਚਲਾਈਆਂ। ਪੁਲੀਸ ਨੇ ਲਾਸ਼ਾਂ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤੀਆਂ ਹਨ।

# ਠੇਕੇਦਾਰ 'ਤੇ ਸਾਈਫਨ ਤੋਂ ਕੱਢੀ ਜਾ ਰਹੀ ਮਿੱਟੀ ਵੇਚਣ ਦਾ ਦੋਸ਼

**ਗੂਹਲਾ ਚੀਕਾ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**
ਘੱਗਰ ਦਰਿਆ 'ਤੇ ਬਣੇ ਸਰੌਲਾ ਸਾਈਫਨ ਤੋਂ ਕੱਢੀ ਜਾ ਰਹੀ ਮਿੱਟੀ ਖੁੱਲ੍ਹੇ 'ਚ ਵੇਚੇ ਜਾਣ 'ਤੇ ਕਿਸਾਨਾਂ ਵੱਲੋਂ ਰੋਸ ਜਤਾਇਆ ਜਾ ਰਿਹਾ ਹੈ। ਜਾਣਕਾਰੀ ਅਨੁਸਾਰ ਪਿੰਡ ਸਰੋਲਾ ਦੇ ਕੋਲ ਬਣੇ ਸਾਈਫਨ ਤੋਂ ਮਿੱਟੀ ਕੱਢਣ ਦਾ ਕੰਮ ਕੀਤਾ ਜਾ ਰਿਹਾ ਹੈ। ਇਸ ਲਈ ਸਰਕਾਰ ਨੇ ਟੈਂਡਰ ਲਾਇਆ ਹੋਇਆ ਹੈ। ਟੈਂਡਰ ਦੀਆਂ ਸ਼ਰਤਾਂ ਅਨੁਸਾਰ ਠੇਕੇਦਾਰ ਨੇ ਮਿੱਟੀ ਇੱਕ ਜਗ੍ਹਾ 'ਤੇ ਜਮ੍ਹਾਂ ਕਰਨੀ ਹੈ ਪਰ ਠੇਕੇਦਾਰ ਵੱਲੋਂ ਕੱਢੀ ਗਈ ਮਿੱਟੀ ਦਾ ਬਹੁਤਾ ਹਿੱਸਾ ਲੋਕਾਂ ਨੂੰ ਵੇਚ ਕੇ ਮੋਟਾ ਮੁਨਾਫਾ ਕਮਾਇਆ ਜਾ ਰਿਹਾ ਹੈ। ਕਿਸਾਨ ਆਗੂ ਜਰਨੈਲ ਸਿੰਘ ਜੈਲੀ, ਲਖਵਿੰਦਰ ਸਿੰਘ ਕਿੰਦਰ ਅਤੇ ਕੇਵਲ ਸਦਰੇਹੜੀ ਨੇ ਕਿਹਾ ਕਿ ਕਿ ਠੇਕੇਦਾਰ ਸਥਾਨਕ ਅਧਿਕਾਰੀਆਂ ਨਾਲ ਮਿਲੀ ਕੇ ਮਿੱਟੀ ਘੁਟਾਲੇ ਨੂੰ ਅੰਜਾਮ ਦੇ ਰਿਹਾ ਹੈ। ਇਸ ਸਬੰਧੀ ਐੱਸਡੀਐੱਮ ਗੂਹਲਾ ਕ੍ਰਿਸ਼ਨ ਕੁਮਾਰ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਫੋਨ ਨਹੀਂ ਚੁੱਕਿਆ।

# ਕੁੱਟਮਾਰ ਕਰਨ ਦੇ ਦੋਸ਼ ਹੇਠ ਕੇਸ ਦਰਜ

**ਰਤੀਆ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**
ਰਸਤਾ ਰੋਕ ਕੇ ਕਥਿਤ ਕੁੱਟਮਾਰ ਕਰਨ ਅਤੇ ਜਾਨੋਂ ਮਾਰਨ ਦੀ ਧਮਕੀ ਦੇਣ ਦੇ ਮਾਮਲੇ ਵਿੱਚ ਸ਼ਹਿਰ ਥਾਣਾ ਪੁਲੀਸ ਨੇ ਪਿੰਡ ਨਥਵਾਨ ਦੇ ਸੋਨੂੰ ਦੀ ਸ਼ਿਕਾਇਤ ਦੇ ਆਧਾਰ 'ਤੇ ਰਾਜੂ ਅਤੇ 3 ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਸ਼ਿਕਾਇਤਕਰਤਾ ਨੇ ਪੁਲੀਸ ਨੂੰ ਦੱਸਿਆ ਕਿ ਉਹ ਮਿਹਨਤ-ਮਜ਼ਦੂਰੀ ਦਾ ਕੰਮ ਕਰਦਾ ਹੈ। ਬੀਤੀ ਸ਼ਾਮ ਉਹ, ਬਲਜਿੰਦਰ ਸਿੰਘ ਅਤੇ ਉਸ ਦੀ ਭੂਆ ਦਾ ਲੜਕਾ ਹਰਜਿੰਦਰ ਸਿੰਘ ਮੋਟਰਸਾਈਕਲ 'ਤੇ ਘਰ ਦਾ ਸਾਮਾਨ ਲੈਣ ਲਈ ਟੋਹਾਣਾ ਰੋਡ ਚੂੰਗੀ ਕੋਲ ਚਲੇ ਗਏ। ਉਥੇ ਰਾਜੂ ਅਤੇ 3 ਹੋਰ ਅਣਪਛਾਤੇ ਵਿਅਕਤੀ ਖੜ੍ਹੇ ਸਨ। ਰੰਜਿਸ਼ ਦੇ ਚੱਲਦਿਆਂ ਉਨ੍ਹਾਂ ਨੇ ਹਮਲਾ ਕਰ ਦਿੱਤਾ। ਇਸ ਬਾਰੇ ਪਤਾ ਲੱਗਣ ਮਗਰੋਂ ਉਨ੍ਹਾਂ ਨੂੰ ਇਲਾਜ ਲਈ ਹਸਪਤਾਲ ਦਾਖਲ ਕਰਵਾਇਆ ?ਗਿਆ। ਪੁਲੀਸ ਨੇ ਨਾਮਜ਼ਦ ਅਤੇ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਪਲਾਈਵੁੱਡ ਫੈਕਟਰੀ ਦੇ ਦੋ ਚੌਂਕੀਦਾਰਾਂ ਨੂੰ ਬੰਧਕ ਬਣਾ ਕੇ ਸਾਮਾਨ ਲੁੱਟਿਆ

**ਯਮੁਨਾਨਗਰ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**
ਛਛਰੌਲੀ ਥਾਣਾ ਖੇਤਰ ਦੇ ਪਿੰਡ ਹੰਡੋਲੀ ਵਿੱਚ ਬੀਤੀ ਰਾਤ ਪੰਜ ਵਿਅਕਤੀਆਂ ਨੇ ਇੱਕ ਬੰਦ ਪਈ ਪਲਾਈਵੁੱਡ ਫੈਕਟਰੀ ਦੇ ਦੋ ਚੌਂਕੀਦਾਰਾਂ ਨੂੰ ਬੰਧਕ ਬਣਾ ਲਿਆ ਅਤੇ ਟਰਾਂਸਫਾਰਮਰ ਦੇ ਪੁਰਜੇ ਅਤੇ ਹੋਰ ਸਾਮਾਨ ਚੋਰੀ ਕਰ ਲਿਆ। ਜਾਂਦੇ ਸਮੇਂ ਬਦਮਾਸ਼ ਫੈਕਟਰੀ ਵਿੱਚ ਲੱਗੇ ਸੀਸੀਟੀਵੀ ਕੈਮਰਿਆਂ ਦੀ ਡੀਵੀਆਰ ਵੀ ਆਪਣੇ ਨਾਲ ਲੈ ਗਏ। ਮੌਕੇ 'ਤੇ ਪਹੁੰਚੀ ਪੁਲੀਸ ਨੇ ਮਾਮਲੇ ਦੀ ਜਾਂਚ ਕਰਨ ਤੋਂ ਬਾਅਦ ਅਣਪਛਾਤੇ ਲੁਟੇਰਿਆਂ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ।

ਜਾਣਕਾਰੀ ਅਨੁਸਾਰ ਪਿੰਡ ਹੰਡੋਲੀ ਦੀ ਪਲਾਈਵੁੱਡ ਫੈਕਟਰੀ ਪਿਛਲੇ ਕਈ ਮਹੀਨਿਆਂ ਤੋਂ ਬੰਦ ਪਈ ਹੈ। ਫੈਕਟਰੀ ਵਿੱਚ ਜੈਰਾਮ ਅਤੇ ਰਾਜੇਸ਼ ਪਹਿਰਾ ਦਿੰਦੇ ਹਨ। ਬੀਤੀ ਰਾਤ ਵੀ ਉਹ ਫੈਕਟਰੀ 'ਚ ਮੌਜੂਦ ਸਨ ਕਿ ਫੈਕਟਰੀ ਦੇ ਪਿਛਲੇ ਗੇਟ ਤੋਂ ਪੰਜ ਨਕਾਬਪੋਸ਼ ਲੁਟੇਰੇ ਅੰਦਰ ਆਏ। ਇਸ ਦੌਰਾਨ ਮੁਲਜ਼ਮਾਂ ਨੇ ਦੋਵਾਂ ਵੱਲ ਪਿਸਤੌਲ ਤਾਣ ਲਈ ਅਤੇ ਫੈਕਟਰੀ ਵਿੱਚ ਲੱਗੇ ਟਰਾਂਸਫਾਰਮਰ ਦੇ ਪੁਰਜੇ ਖੋਲ੍ਹਣੇ ਸ਼ੁਰੂ ਕਰ ਦਿੱਤੇ। ਇਸ ਮਗਰੋਂ ਲੁਟੇਰੇ ਟਰਾਂਸਫਾਰਮਰ ਦੇ ਪੁਰਜੇ ਅਤੇ ਹੋਰ ਸਮਾਨ ਲੈ ਕੇ ਫਰਾਰ ਹੋ ਗਏ। ਜਾਂਦੇ ਸਮੇਂ ਮੁਲਜ਼ਮ ਫੈਕਟਰੀ ਵਿੱਚ ਲੱਗੇ ਸੀਸੀਟੀਵੀ ਕੈਮਰਿਆਂ ਦਾ ਡੀਵੀਆਰ ਵੀ ਆਪਣੇ ਨਾਲ ਲੈ ਗਏ। ਮੁਲਜ਼ਮਾਂ ਦੇ ਚਲੇ ਜਾਣ ਤੋਂ ਬਾਅਦ ਦੋਵਾਂ ਨੇ ਫੈਕਟਰੀ ਮਾਲਕ ਨੂੰ ਘਟਨਾ ਦੀ ਸੂਚਨਾ ਦਿੱਤੀ। ਫੈਕਟਰੀ ਮਾਲਕ ਨੇ ਮੌਕੇ 'ਤੇ ਪਹੁੰਚ ਕੇ ਪੁਲੀਸ ਨੂੰ ਸੂਚਿਤ ਕੀਤਾ। ਦੂਜੇ ਪਾਸੇ ਸਬ-ਇੰਸਪੈਕਟਰ ਦੇਵਰਾਜ ਨੇ ਕਿਹਾ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਜਲਦ ਹੀ ਮੁਲਜ਼ਮਾਂ ਦਾ ਪਤਾ ਲਗਾ ਕੇ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

# ਪੁਲੀਸ ਵੱਲੋਂ ਨਸ਼ਿਆਂ ਖ਼ਿਲਾਫ਼ ਤਲਾਸ਼ੀ ਮੁਹਿੰਮ

**ਸ਼ਾਹਬਾਦ ਮਾਰਕੰਡਾ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**
ਜ਼ਿਲ੍ਹਾ ਪੁਲੀਸ ਵੱਲੋਂ ਨਸ਼ਿਆਂ ਖ਼ਿਲਾਫ਼ ਚਲਾਈ ਗਈ ਮੁਹਿੰਮ ਤਹਿਤ ਅੱਜ ਪੁਲੀਸ ਦੀਆਂ 20 ਟੀਮਾਂ ਨੇ ਜ਼ਿਲ੍ਹੇ ਵਿੱਚ ਤਲਾਸ਼ੀ ਮੁਹਿੰਮ ਚਲਾਈ। ਇਸ ਦੌਰਾਨ ਉਨ੍ਹਾਂ 32 ਕੇਸ ਦਰਜ ਕਰ 25 ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਹੈ। ਜ਼ਿਲ੍ਹਾ ਪੁਲੀਸ ਕਪਤਾਨ ਸੁਰਿੰਦਰ ਸਿੰਘ ਭੌਰੀਆ ਨੇ ਕਿਹਾ ਕਿ ਲੋਕਾਂ ਨੂੰ ਨਸ਼ਿਆਂ ਖ਼ਿਲਾਫ਼ ਜਾਗਰੂਕ ਕੀਤਾ ਜਾ ਰਿਹਾ ਹੈ ਅਤੇ ਨਸ਼ਾ ਤਸਕਰਾਂ ਖ਼ਿਲਾਫ਼ ਕਾਨੂੰਨ ਮੁਤਾਬਕ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ 12 ਜੂਨ ਤੋਂ 27 ਜੂਨ ਤਕ ਨਸ਼ਾ ਮੁਕਤ ਪੰਦਰਵਾੜਾ ਮਨਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਨੌਜਵਾਨਾਂ ਦੇ ਸਹਿਯੋਗ ਨਾਲ ਹੀ ਨਸ਼ਿਆਂ ਨੂੰ ਠੱਲ ਪੈ ਸਕਦੀ ਹੈ। ਪੁਲੀਸ ਟੀਮਾਂ ਵੱਖ-ਵੱਖ ਇਲਾਕਿਆਂ 'ਚ ਲੋਕਾਂ ਨੂੰ ਨਸ਼ੇ ਤੋਂ ਦੂਰ ਰਹਿਣ ਤੇ ਖੇਡਾਂ ਨਾਲ ਜੁੜਨ ਲਈ ਪ੍ਰੇਰਿਤ ਕਰ ਰਹੀਆਂ ਹਨ। ਉਨ੍ਹਾਂ ਲੋਕਾਂ ਨੂੰ ਨਸ਼ਾ ਤਸਕਰਾਂ ਦੀ ਪੁਲੀਸ ਨੂੰ ਜਾਣਕਾਰੀ ਦੇਣ ਦੀ ਅਪੀਲ ਕੀਤੀ।

# ਏਲਾਂਤੇ ਹਾਦਸਾ: ਪਰਿਵਾਰ ਨੇ ਖਿਡੌਣਾ ਰੇਲ ਗੱਡੀ 'ਚ ਸੁਰੱਖਿਆ ਪ੍ਰਬੰਧਾਂ 'ਤੇ ਚੁੱਕੇ ਸਵਾਲ

**ਚੰਡੀਗੜ੍ਹ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**
ਇੱਥੋਂ ਦੇ ਨੈਕਸਸ ਏਲਾਂਤੇ ਮਾਲ ਵਿੱਚ ਖਿਡੌਣਾ ਰੇਲ ਗੱਡੀ ਪਲਟਣ ਕਰ ਕੇ 11 ਸਾਲਾ ਸ਼ਹਿਬਾਜ਼ ਦੀ ਮੌਤ ਹੋਣ ਤੋਂ ਬਾਅਦ ਸ਼ਹਿਰ ਵਿੱਚ ਸਹਿਮ ਦਾ ਮਾਹੌਲ ਬਣ ਗਿਆ ਹੈ। ਚੰਡੀਗੜ੍ਹ ਪੁਲੀਸ ਨੇ ਸ਼ਹਿਬਾਜ਼ ਦੀ ਮ੍ਰਿਤਕ ਦੇਹ ਪੋਸਟਮਾਰਟਮ ਤੋਂ ਬਾਅਦ ਪਰਿਵਾਰ ਦੇ ਹਵਾਲੇ ਕਰ ਦਿੱਤੀ ਹੈ ਅਤੇ ਪੀੜਤ ਪਰਿਵਾਰ ਨੇ ਸ਼ਹਿਬਾਜ਼ ਦਾ ਸਸਕਾਰ ਕਰ ਦਿੱਤਾ ਹੈ। ਇਸ ਘਟਨਾ ਤੋਂ ਬਾਅਦ ਪੀੜਤ ਪਰਿਵਾਰ ਵੱਲੋਂ ਏਲਾਂਤੇ ਮਾਲ ਵਿੱਚ ਖਿਡੌਣਾ ਰੇਲ ਗੱਡੀ ਵਿੱਚ ਸੁਰੱਖਿਆ ਦੇ ਪੁਖਤਾ ਪ੍ਰਬੰਧ ਨਾ ਹੋਣ ਬਾਰੇ ਸਵਾਲ ਚੁੱਕੇ ਜਾ ਰਹੇ ਹਨ। ਦੂਜੇ ਪਾਸੇ, ਥਾਣਾ ਸਨਅਤੀ ਏਰੀਆ ਦੀ ਪੁਲੀਸ ਨੇ ਕੇਸ ਦਰਜ ਕਰਨ ਤੋਂ ਬਾਅਦ ਖਿਡੌਣਾ ਰੇਲ ਗੱਡੀ ਨੂੰ ਕਬਜ਼ੇ ਵਿੱਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲੀਸ ਨੇ ਇਹ ਕੇਸ ਮ੍ਰਿਤਕ ਦੇ ਚਾਚਾ ਜਤਿੰਦਰ ਪਾਲ ਸਿੰਘ ਦੀ ਸ਼ਿਕਾਇਤ 'ਤੇ ਦਰਜ ਕੀਤਾ ਹੈ।

ਸ਼ਿਕਾਇਤਕਰਤਾ ਜਤਿੰਦਰਪਾਲ ਸਿੰਘ ਨੇ ਕਿਹਾ ਕਿ



ਖਿਡੌਣਾ ਰੇਲ ਗੱਡੀ ਵਿੱਚ ਬੱਚਿਆਂ ਦੀ ਸੁਰੱਖਿਆ ਲਈ ਕੋਈ ਪ੍ਰਬੰਧ ਨਹੀਂ ਕੀਤੇ ਗਏ ਸਨ। ਉਨ੍ਹਾਂ ਕਿਹਾ ਕਿ ਰੇਲ ਗੱਡੀ ਵਿੱਚ ਨਾ ਤਾਂ ਬੱਚਿਆਂ ਦੀ ਸੁਰੱਖਿਆ ਲਈ ਕੋਈ ਸੀਟ ਬੈਲਟ ਸੀ ਅਤੇ ਨਾ ਹੀ ਨਾਲ ਕੋਈ ਪ੍ਰਬੰਧਕ ਦਿਖਾਈ ਦਿੱਤਾ। ਰੇਲ ਗੱਡੀ 'ਤੇ ਨਿਯਮ ਜਾਂ ਸੁਰੱਖਿਆ ਸਬੰਧੀ ਜਾਣਕਾਰੀ ਵੀ ਸਾਂਝੀ ਨਹੀਂ ਸੀ ਕੀਤੀ ਹੋਈ। ਜਤਿੰਦਰਪਾਲ ਨੇ ਕਿਹਾ ਕਿ ਰੇਲ ਗੱਡੀ ਦਾ ਡੱਬਾ ਪਲਟਣ ਤੋਂ ਬਾਅਦ ਉਹ ਖ਼ੁਦ ਸ਼ਹਿਬਾਜ਼ ਨੂੰ ਚੁੱਕ ਕੇ ਸੈਕਟਰ-32 ਦੇ ਹਸਪਤਾਲ ਵਿੱਚ ਲੈ ਕੇ ਗਏ ਹਨ। ਏਲਾਂਤੇ ਮਾਲ ਵੱਲੋਂ ਉਸ ਸਮੇਂ ਉਨ੍ਹਾਂ ਦੀ ਕੋਈ ਮਦਦ ਨਹੀਂ ਕੀਤੀ ਗਈ ਹੈ।ਥਾਣਾ ਸਨਅਤੀ ਏਰੀਆ ਦੀ ਐੱਸਐੱਚਓ ਊਸ਼ਾ ਨੇ ਕਿਹਾ ਕਿ ਇਸ ਘਟਨਾ ਸਬੰਧੀ ਖਿਡੌਣਾ ਰੇਲ ਗੱਡੀ ਦੇ ਪ੍ਰਬੰਧਕ ਸੌਰਵ ਵਿਰੁੱਧ ਕੇਸ ਦਰਜ ਕਰ ਕੇ ਉਸ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਏਲਾਂਤੇ ਮਾਲ ਨੇ ਰੇਲ ਗੱਡੀ ਚਲਾਉਣ ਲਈ ਅੱਗੇ ਕੰਪਨੀ ਨੂੰ ਠੇਕਾ ਦਿੱਤਾ ਹੋਇਆ ਸੀ। ਇਸ ਲਈ ਕੰਪਨੀ ਦੇ ਸੀਨੀਅਰ ਅਧਿਕਾਰੀਆਂ ਨੂੰ ਬੁਲਾ ਕੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਪੁਲੀਸ ਨੇ ਰੇਲ ਗੱਡੀ ਨੂੰ ਕਬਜ਼ੇ ਵਿੱਚ ਲੈ ਲਿਆ ਹੈ।ਦੱਸਣਯੋਗ ਹੈ ਕਿ ਸ਼ਨਿੱਚਰਵਾਰ ਰਾਤ ਨੂੰ ਏਲਾਂਤੇ ਮਾਲ ਵਿੱਚ ਖਿਡੌਣਾ ਰੇਲ ਗੱਡੀ ਪਲਟਣ ਕਰ ਕੇ 11 ਸਾਲਾ ਸ਼ਹਿਬਾਜ਼ ਦੀ ਮੌਤ ਹੋ ਗਈ ਹੈ। ਥਾਣਾ ਸਨਅਤੀ ਏਰੀਆ ਦੀ ਪੁਲੀਸ ਨੇ ਇਸ ਮਾਮਲੇ ਸਬੰਧੀ ਰੇਲ ਗੱਡੀ ਦੇ ਪ੍ਰਬੰਧਕ ਵਿਰੁੱਧ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲੀਸ ਘਟਨਾ ਵਾਲੀ ਥਾਂ 'ਤੇ ਲੱਗੇ ਸੀਸੀਟੀਵੀ ਫੁਟੇਜ ਦੇ ਆਧਾਰ 'ਤੇ ਮਾਮਲੇ ਦੀ ਜਾਂਚ ਕਰ ਰਹੀ ਹੈ।

# ਖਸਤਾਹਾਲ ਬਿਜਲੀ ਦੇ ਮੀਟਰ ਬਕਸੇ ਬਣੇ ਜਾਨ ਦਾ ਖੌਅ

**ਏਲਨਾਬਾਦ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**
ਬਿਜਲੀ ਵਿਭਾਗ ਹਮੇਸ਼ਾ ਲੋਕਾਂ ਨੂੰ ਬਿਹਤਰ ਸਹੂਲਤਾਂ ਦੇਣ ਦਾ ਦਾਅਵਾ ਕਰਦਾ ਹੈ ਪਰ ਏਲਨਾਬਾਦ ਵਿੱਚ ਬਿਜਲੀ ਦੇ ਖੰਭਿਆਂ ਤੇ ਲਗਾਏ ਗਏ ਮੀਟਰ ਬਕਸੇ ਨੰਗੀਆਂ ਤਾਰਾਂ ਦੇ ਜੋੜਾਂ, ਬਿਨਾਂ ਜਾਂ ਟੁੱਟੇ ਹੋਏ ਢੱਕਣਾਂ ਅਤੇ ਬਿਲਕੁਲ ਨੀਵੇਂ ਹੋ ਚੁੱਕੇ ਇਹ ਬਕਸੇ ਕਿਸੇ ਵੱਡੇ ਹਾਦਸੇ ਦੀ ਉਡੀਕ ਕਰਦੇ ਪ੍ਰਤੀਤ ਹੁੰਦੇ ਹਨ। ਵਿਭਾਗ ਦੇ ਅਧਿਕਾਰੀ ਇਨ੍ਹਾਂ ਖੁੱਲ੍ਹੇ ਬਕਸਿਆਂ ਤੋਂ ਅਣਜਾਣ ਹੋਣ ਦਾ ਬਹਾਨਾ ਬਣਾ ਕੇ ਇਨ੍ਹਾਂ ਨੂੰ ਜਲਦੀ ਠੀਕ ਕਰਵਾਉਣ ਦੀ ਗੱਲ ਕਰ ਰਹੇ ਹਨ ਪਰ ਬਿਜਲੀ ਵਿਭਾਗ ਦੀ ਕਾਰਜਸ਼ੈਲੀ ਤੋਂ ਜਾਪਦਾ ਹੈ ਕਿ ਵਿਭਾਗ ਸਾਲਾਂ ਤੋਂ ਲਾਵਾਰਿਸ ਬਣਿਆ ਹੋਇਆ ਹੈ। ਵਾਰਡ ਨੰਬਰ ਤਿੰਨ ਦੇ ਨਗਰ ਕੌਂਸਲਰ ਸੁਭਾਸ਼ ਚੰਦਰ ਨੇ ਦੱਸਿਆ ਕਿ ਇਸਦੀ ਸੂਚਨਾ ਬਿਜਲੀ ਵਿਭਾਗ ਦੇ ਐੱਸਡੀਓ ਅਤੇ ਜੇਈ ਨੂੰ ਕਈ ਵਾਰ ਦਿੱਤੀ ਜਾ ਚੁੱਕੀ ਹੈ ਪਰ ਸੁਣਵਾਈ ਨਹੀਂ ਹੋ ਰਹੀ ਹੈ। ਉਨ੍ਹਾਂ ਦੱਸਿਆ ਕਿ ਕਈ ਸਾਲ ਪਹਿਲਾਂ ਬਿਜਲੀ ਵਿਭਾਗ ਵੱਲੋਂ ਖਪਤਕਾਰਾਂ ਦੇ ਘਰਾਂ ਵਿੱਚੋਂ ਮੀਟਰ ਉਤਾਰ ਕੇ ਬਿਜਲੀ ਦੇ ਖੰਭਿਆਂ ਤੇ ਲਗਾਏ ਗਏ ਸਨ। ਹੁਣ ਉਕਤ ਮੀਟਰ ਬਕਸਿਆਂ ਦੀ ਹਾਲਤ ਅਜਿਹੀ ਹੈ ਕਿ ਕਈ ਥਾਵਾਂ 'ਤੇ ਇਹ ਮੀਟਰ ਬਕਸੇ ਜ਼ਮੀਨ ਤੋਂ ਥੋੜ੍ਹੀ ਜਿਹੀ ਉਚਾਈ 'ਤੇ ਹੀ ਲੱਗੇ ਹਨ ਅਤੇ ਸ਼ਹਿਰ ਵਿੱਚ ਅਨੇਕ ਮੀਟਰ ਬਕਸਿਆਂ ਦੇ ਢੱਕਣ ਗਾਇਬ ਹਨ। ਮੀਟਰ ਨਾਲ ਲੱਗੀਆਂ ਬਿਜਲੀ ਸਪਲਾਈ ਦੀਆਂ ਤਾਰਾਂ ਬਿਨਾਂ ਟੇਪ ਤੋਂ ਨੰਗੀਆਂ ਦਿਖਾਈ ਦੇ ਰਹੀਆਂ ਹਨ, ਜਿਸ ਕਾਰਨ ਕਿਸੇ ਵੇਲੇ ਵੀ ਵੱਡਾ ਹਾਦਸਾ ਵਾਪਰ ਸਕਦਾ ਹੈ। ਸ਼ਹਿਰ ਵਾਸੀਆਂ ਦਾ ਕਹਿਣਾ ਹੈ ਕਿ ਆਵਾਰਾ ਪਸ਼ੂ ਹਮੇਸ਼ਾ ਹੀ ਸੜਕਾਂ ਅਤੇ ਵਾਰਡਾਂ ਘੁੰਮਦੇ ਰਹਿੰਦੇ ਹਨ ਅਤੇ ਬੱਚੇ ਵੀ ਖੇਡਦੇ ਸਮੇਂ ਦੁਰਘਟਨਾ ਦਾ ਸ਼ਿਕਾਰ ਹੋ ਸਕਦੇ ਹਨ। ਆਗਾਮੀ ਦਿਨਾਂ ਵਿੱਚ ਬਰਸਾਤ ਦਾ ਮੌਸਮ ਸ਼ੁਰੂ ਹੋਣ ਵਾਲਾ ਹੈ। ਪਾਣੀ ਭਰ ਜਾਣ ਕਾਰਨ ਬਿਜਲੀ ਦਾ ਕਰੰਟ ਲੱਗਣ ਨਾਲ ਵੱਡਾ ਹਾਦਸਾ ਵਾਪਰ ਸਕਦਾ ਹੈ। ਸ਼ਹਿਰ ਵਾਸੀਆਂ ਦੀ ਮੰਗ ਹੈ ਕਿ ਇਨ੍ਹਾਂ ਮੀਟਰ ਬਕਸਿਆਂ ਨੂੰ ਜਲਦੀ ਤੋਂ ਜਲਦੀ ਦਰੁਸਤ ਕੀਤੀ ਜਾਵੇ।

# ਕਰੋੜਾਂ ਦੀ ਠੱਗੀ ਦੇ ਮਾਮਲੇ 'ਚ ਛੇ ਕ੍ਰਿਕਟ ਸੱਟੇਬਾਜ਼ ਗ੍ਰਿਫਤਾਰ

**ਸਿਰਸਾ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**
ਇੱਥੇ ਅੱਜ ਪੁਲੀਸ ਟੀਮ ਨੇ ਫਤਿਆਬਾਦ ਤੇ ਸਿਰਸਾ ਦੇ ਛੇ ਕ੍ਰਿਕਟ ਸੱਟੇਬਾਜ਼ਾਂ ਨੂੰ ਗ੍ਰਿਫਤਾਰ ਕੀਤਾ ਹੈ। ਇਨ੍ਹਾਂ 'ਤੇ ਚੌਲ ਮਿੱਲ ਮਸ਼ੀਨਰੀ ਦੇ ਉਪਕਰਨ ਬਣਾਉਣ ਵਾਲੀ ਕੰਪਨੀ ਐੱਸਐੱਫ ਫੂਡ ਪ੍ਰੋਟੈਕ ਲਿਮਟਿਡ ਦੇ ਸੰਚਾਲਕ ਸੰਜੀਵ ਗੁਪਤਾ ਨਾਲ 33 ਕਰੋੜ ਰੁਪਏ ਦੀ ਧੋਖਾਧੜੀ ਮਾਰਨ ਦਾ ਦੋਸ਼ ਹੈ।

ਸਿਰਸਾ ਦੇ ਐੱਸਪੀ ਵਿਕਰਾਂਤ ਭੂਸ਼ਣ ਨੇ ਦੱਸਿਆ ਕਿ ਮੁਲਜ਼ਮਾਂ ਦੀ ਪਛਾਣ ਰਾਹੁਲ, ਸੰਜੈ, ਦਿਨੇਸ਼, ਸ਼ੁਭਮ, ਅਜੈ ਅਤੇ ਹਰਪਾਲ ਵਜੋਂ ਹੋਈ ਹੈ। ਉਨ੍ਹਾਂ ਦੱਸਿਆ ਕਿ ਸਾਰੇ ਛੇ ਮੁਲਜ਼ਮਾਂ ਨੂੰ ਅਦਾਲਤ 'ਚ ਪੇਸ਼ ਕਰ ਕੇ 5 ਦਿਨਾਂ ਦੇ ਪੁਲੀਸ ਰਿਮਾਂਡ 'ਤੇ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਫੜੇ ਗਏ ਸਾਰੇ ਮੁਲਜ਼ਮ ਕ੍ਰਿਕਟ ਸੱਟੇਬਾਜ਼ੀ ਨਾਲ ਜੁੜੇ ਹੋਏ ਹਨ।

# ਮਾਂ-ਪੁੱਤ ਦੇ ਦੋਹਰੇ ਕਤਲ ਮਾਮਲੇ 'ਚ ਲੜਕੀ ਗ੍ਰਿਫ਼ਤਾਰ

**ਯਮੁਨਾਨਗਰ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**
ਆਜ਼ਾਦ ਨਗਰ ਕਾਲੋਨੀ 'ਚ ਮਾਂ-ਪੁੱਤ ਦੇ ਕਤਲ ਦੇ ਮਾਮਲੇ 'ਚ ਪੁਲੀਸ ਨੇ ਇਕਲੌਤੀ ਬੇਟੀ ਕਾਜਲ ਅਤੇ ਉਸ ਦੇ ਚਚੇਰੇ ਭਰਾ ਕ੍ਰਿਸ਼ ਨੂੰ ਗ੍ਰਿਫਤਾਰ ਕਰ ਲਿਆ ਹੈ। ਮੁੱਢਲੀ ਜਾਂਚ ਵਿੱਚ ਜਾਇਦਾਦ ਦੇ ਝਗੜੇ ਨੂੰ ਲੈ ਕੇ ਕਤਲ ਹੋਣ ਦੀ ਗੱਲ ਸਾਹਮਣੇ ਆਈ ਹੈ। ਥਾਣਾ ਸਦਰ ਦੇ ਪ੍ਰਬੰਧਕ ਜਗਦੀਸ਼ ਚੰਦਰ ਨੇ ਦੱਸਿਆ ਕਿ ਮੀਨਾ (45) ਆਜ਼ਾਦਨਗਰ ਕਲੋਨੀ 'ਚ ਆਪਣੇ ਬੇਟੇ ਰਾਹੁਲ (24) ਅਤੇ ਬੇਟੀ ਕਾਜਲ ਨਾਲ ਰਹਿੰਦੀ ਸੀ। ਐਤਵਾਰ ਜਦੋਂ ਕਾਜਲ ਘਰ ਪਹੁੰਚੀ ਤਾਂ ਉਸ ਨੇ ਪਲੰਗ 'ਤੇ ਮਾਂ ਮੀਨਾ ਦੀ ਲਾਸ਼ ਪਈ ਦੇਖੀ ਜਦੋਂ ਕਿ ਉਸ ਦੇ ਭਰਾ ਰਾਹੁਲ ਦੀ ਲਾਸ਼ ਹੇਠਾਂ ਜ਼ਮੀਨ 'ਤੇ ਪਈ ਸੀ। ਪੁਲੀਸ ਨੇ ਗੁਆਂਢੀ ਦੇ ਘਰ ਲੱਗੇ ਸੀਸੀਟੀਵੀ ਦੀ ਜਾਂਚ ਕੀਤੀ ਤਾਂ ਉਸ ਵਿੱਚ ਇੱਕ ਨੌਜਵਾਨ ਘਰ ਆਉਂਦਾ ਦਿਖਾਈ ਦਿੱਤਾ ਜੋ ਕਾਜਲ ਦਾ ਚਚੇਰਾ ਭਰਾ ਦੱਸਿਆ ਜਾ ਰਿਹਾ ਹੈ। ਪੁਲੀਸ ਨੇ ਕਾਜਲ ਤੋਂ ਸਖ਼ਤੀ ਨਾਲ ਪੁੱਛ-ਪੜਤਾਲ ਕੀਤੀ ਤਾਂ ਉਸ ਨੇ ਸਭ ਸੱਚ ਦੱਸ ਦਿੱਤਾ।

# ਟ੍ਰਾਈਸਿਟੀ ਵਿੱਚ ਬੱਦਲਵਾਈ ਤੇ ਕਿਣ-ਮਿਣ ਨਾਲ ਗਰਮੀ ਤੋਂ ਰਾਹਤ



**ਪੰਚਕੂਲਾ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**
ਚੰਡੀਗੜ੍ਹ ਟ੍ਰਾਈਸਿਟੀ ਵਿੱਚ ਕਈ ਦਿਨਾਂ ਤੋਂ ਪੈ ਰਹੀ ਅਤਿ ਦੀ ਗਰਮੀ ਤੋਂ ਬਾਅਦ ਅੱਜ ਬਾਅਦ ਦੁਪਹਿਰ ਹੋਈ ਬੱਦਲਵਾਈ ਦੇ ਨਾਲ ਤੇਜ਼ ਹਵਾਵਾਂ ਚੱਲਣ ਅਤੇ ਕਿਣ-ਮਿਣ ਨੇ ਲੋਕਾਂ ਨੂੰ ਗਰਮੀ ਤੋਂ ਆਰਜ਼ੀ ਤੌਰ 'ਤੇ ਰਾਹਤ ਦਿਵਾ ਦਿੱਤੀ ਹੈ। ਮੌਸਮ ਵਿਭਾਗ ਤੋਂ ਮਿਲੀ ਜਾਣਕਾਰੀ ਅਨੁਸਾਰ ਚੰਡੀਗੜ੍ਹ ਵਿੱਚ ਦੋ ਐੱਮਐੱਮ ਮੀਂਹ ਪਿਆ ਹੈ ਜਦੋਂਕਿ ਪੰਚਕੂਲਾ, ਮੁਹਾਲੀ ਤੇ ਜ਼ੀਰਕਪੁਰ ਵਿੱਚ ਕਈ ਥਾਵਾਂ 'ਤੇ ਕਿਣ-ਮਿਣ ਹੋਈ ਹੈ। ਉੱਧਰ ਮੌਸਮ ਵਿਗਿਆਨੀਆਂ ਨੇ 25, 26 ਤੇ 27 ਜੂਨ ਨੂੰ ਮੁੜ ਤੋਂ ਗਰਮੀ ਪੈਣ ਦੀ ਪੇਸ਼ੀਨਗੋਈ ਕੀਤੀ ਹੈ। ਮੌਸਮ ਵਿਗਿਆਨੀਆਂ ਦਾ ਕਹਿਣਾ ਹੈ ਕਿ ਚੰਡੀਗੜ੍ਹ ਵਿੱਚ 28 ਜੂਨ ਨੂੰ ਮੀਂਹ ਪਵੇਗਾ।ਮੌਸਮ ਵਿਭਾਗ ਤੋਂ ਮਿਲੀ ਜਾਣਕਾਰੀ ਅਨੁਸਾਰ ਅੱਜ ਚੰਡੀਗੜ੍ਹ ਵਿੱਚ ਵੱਧ ਤੋਂ ਵੱਧ ਤਾਪਮਾਨ 39.9 ਡਿਗਰੀ ਸੈਲਸੀਅਸ ਅਤੇ ਘੱਟ ਤੋਂ ਘੱਟ ਤਾਪਮਾਨ 30.6 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਹੈ। ਇਸੇ ਤਰ੍ਹਾਂ ਮੁਹਾਲੀ ਵਿੱਚ ਵੱਧ ਤੋਂ ਵੱਧ ਤਾਪਮਾਨ 39.9 ਅਤੇ ਘੱਟ ਤੋਂ ਘੱਟ 30.4 ਡਿਗਰੀ ਸੈਲਸੀਅਸ ਤਾਪਮਾਨ ਦਰਜ ਕੀਤਾ ਗਿਆ ਹੈ। ਪੰਚਕੂਲਾ ਵਿੱਚ ਵੱਧ ਤੋਂ ਵੱਧ ਤਾਪਮਾਨ 38 ਡਿਗਰੀ ਸੈਲਸੀਅਸ ਅਤੇ ਘੱਟ ਤੋਂ ਘੱਟ ਤਾਪਮਾਨ 29 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਹੈ।

f

# ਸੁਖਨਾ ਝੀਲ ਵਿੱਚ ਡੁੱਬਣ ਕਾਰਨ ਮੁਟਿਆਰ ਦੀ ਮੌਤ

**ਚੰਡੀਗੜ੍ਹ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**
ਇੱਥੋਂ ਦੇ ਸੁਖਨਾ ਝੀਲ ਵਿੱਚ ਮੁਟਿਆਰ ਦੀ ਭੇਤ-ਭਰੇ ਹਾਲਾਤ ਵਿੱਚ ਡੁੱਬਣ ਕਰ ਕੇ ਮੌਤ ਹੋ ਗਈ ਹੈ। ਇਸ ਬਾਰੇ ਜਾਣਕਾਰੀ ਮਿਲਦਿਆਂ ਹੀ ਪੁਲੀਸ ਚੌਂਕੀ ਸੁਖਨਾ ਝੀਲ ਦੀ ਪੁਲੀਸ ਨੇ ਮ੍ਰਿਤਕਾਂ ਦੀ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਸੈਕਟਰ-16 ਹਸਪਤਾਲ ਦੇ ਮ੍ਰਿਤਕ ਘਰ ਵਿੱਚ ਰੱਖ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਮ੍ਰਿਤਕਾ ਫਾਜ਼ਿਲਕਾ ਦੀ ਰਹਿਣ ਵਾਲੀ ਸੀ, ਜੋ ਮੁਹਾਲੀ ਦੇ ਸੈਕਟਰ-61 ਵਿੱਚ ਰਹਿੰਦੀ ਸੀ।

ਪ੍ਰਾਪਤ ਜਾਣਕਾਰੀ ਅਨੁਸਾਰ ਅੱਜ ਸਵੇਰ ਸਮੇਂ ਸੁਖਨਾ ਝੀਲ 'ਤੇ ਸੈਰ ਕਰਨ ਵਾਲਿਆਂ ਨੇ ਝੀਲ ਵਿੱਚ ਲਾਸ਼ ਤੈਰਦੀ ਹੋਣ ਬਾਰੇ ਪੁਲੀਸ ਨੂੰ ਸੂਚਿਤ ਕੀਤਾ ਸੀ। ਪੁਲੀਸ ਨੇ ਘਟਨਾ ਸਥਾਨ 'ਤੇ ਪਹੁੰਚ ਕੇ ਲਾਸ਼ ਨੂੰ ਬਾਹਰ ਕੱਢ ਕੇ ਸੈਕਟਰ-16 ਦੇ ਹਸਪਤਾਲ ਵਿੱਚ ਭਿਜਵਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ ਹੈ। ਪੁਲੀਸ ਮ੍ਰਿਤਕਾ ਦੇ ਪਰਿਵਾਰਕ ਮੈਂਬਰਾਂ ਦੇ ਬਿਆਨਾਂ ਵਿੱਚ ਲੈ ਕੇ ਸੈਕਟਰ-16 ਹਸਪਤਾਲ ਦੇ ਮ੍ਰਿਤਕ ਘਰ ਵਿੱਚ ਰੱਖ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਮ੍ਰਿਤਕਾ ਫਾਜ਼ਿਲਕਾ ਦੀ ਰਹਿਣ ਵਾਲੀ ਸੀ, ਜੋ ਮੁਹਾਲੀ ਦੇ ਸੈਕਟਰ-61 ਵਿੱਚ ਰਹਿੰਦੀ ਸੀ। ਪ੍ਰਾਪਤ ਜਾਣਕਾਰੀ ਅਨੁਸਾਰ ਅੱਜ ਸਵੇਰ ਸਮੇਂ ਸੁਖਨਾ ਝੀਲ 'ਤੇ ਸੈਰ ਕਰਨ ਵਾਲਿਆਂ ਨੇ ਝੀਲ ਵਿੱਚ ਲਾਸ਼ ਤੈਰਦੀ ਹੋਣ ਬਾਰੇ ਪੁਲੀਸ ਨੂੰ ਸੂਚਿਤ ਕੀਤਾ ਸੀ।

ਪੁਲੀਸ ਨੇ ਘਟਨਾ ਸਥਾਨ 'ਤੇ ਪਹੁੰਚ ਦੇ ਆਧਾਰ 'ਤੇ ਕਾਰਵਾਈ ਕਰ ਰਹੀ ਹੈ।

# ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਮੀਂਹ ਦੇ ਪਾਣੀ ਦੀ ਸੰਭਾਲ ਲਈ ਯਤਨ

**ਚੰਡੀਗੜ੍ਹ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**
ਚੰਡੀਗੜ੍ਹ ਪ੍ਰਸ਼ਾਸਨ ਨੇ ਪਾਣੀ ਦੀ ਘਾਟ ਨਾਲ ਨਜਿੱਠਣ ਲਈ 'ਜਲ ਸ਼ਕਤੀ ਅਭਿਆਨ: ਕੈਚ ਦਿ ਰੇਨ- 2024' ਮੁਹਿੰਮ ਤਹਿਤ ਵਿਆਪਕ ਜਲ ਸੰਭਾਲ ਪਹਿਲਕਦਮੀ ਸ਼ੁਰੂ ਕੀਤੀ ਹੈ। ਭਾਰਤ ਸਰਕਾਰ ਦੇ ਜਲ ਸ਼ਕਤੀ ਮੰਤਰਾਲੇ ਵੱਲੋਂ ਸ਼ੁਰੂ ਕੀਤੀ ਇਹ ਮੁਹਿੰਮ 'ਮਹਿਲਾ ਸ਼ਕਤੀ ਤੋਂ ਜਲ ਸ਼ਕਤੀ' ਵਿਸ਼ੇ 'ਤੇ ਕੇਂਦਰਤ ਹੈ।

ਇਸ ਵਿੱਚ ਪਾਣੀ ਦੀ ਸੰਭਾਲ 'ਚ ਔਰਤਾਂ ਦੀ ਮਹੱਤਵਪੂਰਨ ਭੂਮਿਕਾ 'ਤੇ ਜ਼ੋਰ ਦਿੱਤਾ ਗਿਆ ਹੈ।ਚੰਡੀਗੜ੍ਹ ਪ੍ਰਸ਼ਾਸਕ ਦੇ ਸਲਾਹਕਾਰ ਰਾਜੀਵ ਵਰਮਾ ਨੇ ਸੋਮਵਾਰ ਨੂੰ ਨਿਗਮ ਕਮਿਸ਼ਨਰ ਅਨਿੰਦਿਤਾ ਮਿੱਤਰਾ ਅਤੇ ਯੂਟੀ ਪ੍ਰਸ਼ਾਸਨ ਸਣੇ ਨਗਰ ਨਿਗਮ ਦੇ ਹੋਰ ਸੀਨੀਅਰ ਅਧਿਕਾਰੀਆਂ ਨਾਲ ਯੋਜਨਾ ਸਬੰਧੀ ਸਮੀਖਿਆ ਮੀਟਿੰਗ ਕੀਤੀ।

ਸ੍ਰੀ ਵਰਮਾ ਨੇ ਕਿਹਾ ਕਿ ਔਰਤਾਂ ਦੀ ਸ਼ਮੂਲੀਅਤ ਨਾਲ ਅਸੀਂ ਨਾ ਸਿਰਫ਼ ਪਾਣੀ ਦੀ ਘਾਟ ਨੂੰ ਦੂਰ ਕਰ ਰਹੇ ਹਾਂ, ਸਗੋਂ ਸਥਾਨਕ ਭਾਈਚਾਰਿਆਂ ਨੂੰ ਉਨ੍ਹਾਂ ਦੇ ਕੁਦਰਤੀ ਸਰੋਤਾਂ ਦੇ ਸਰਗਰਮ ਮਾਲਕ ਬਣਨ ਲਈ ਵੀ ਸਮਰੱਥ ਬਣਾ ਰਹੇ ਹਾਂ। ਨਿਗਮ ਕਮਿਸ਼ਨਰ ਅਨਿੰਦਿਤਾ ਮਿੱਤਰਾ ਨੇ ਨਿਗਮ ਦੇ ਵੱਖ-ਵੱਖ ਵਿਭਾਗਾਂ ਵੱਲੋਂ ਅਪਣਾਈ ਬਹੁ-ਪੱਖੀ ਪਹੁੰਚ ਬਾਰੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਇਨ੍ਹਾਂ ਵਿੱਚ 116 ਸਕੂਲਾਂ ਅਤੇ 38 ਆਂਗਣਵਾੜੀਆਂ ਅਤੇ ਹੋਰ ਸਰਕਾਰੀ ਇਮਾਰਤਾਂ, ਇੱਕ ਕਨਾਲ ਜਾਂ ਇਸ ਤੋਂ ਵੱਡੇ ਪਲਾਟਾਂ 'ਤੇ ਬਣੇ ਘਰਾਂ ਵਿੱਚ ਬਰਸਾਤੀ ਪਾਣੀ ਦੀ ਸੰਭਾਲ ਦੇ ਢਾਂਚੇ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਨਿਗਮ ਇਮਾਰਤ ਉਪ-ਨਿਯਮਾਂ ਵਿੱਚ ਸੋਧ ਕਰਨ ਦਾ ਵਿਚਾਰ ਕਰ ਰਿਹਾ ਹੈ।

# ਟਰਾਂਸਪੋਰਟ ਮੰਤਰੀ ਵੱਲੋਂ ਨਰਾਇਣਗੜ੍ਹ ਬੱਸ ਅੱਡੇ ਦਾ ਦੌਰਾ

**ਨਰਾਇਣਗੜ੍ਹ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**
ਹਰਿਆਣਾ ਦੇ ਟਰਾਂਸਪੋਰਟ ਅਤੇ ਮਹਿਲਾ ਤੇ ਬਾਲ ਵਿਕਾਸ ਰਾਜ ਮੰਤਰੀ ਅਸੀਮ ਗੋਇਲ ਨੇ ਅੱਜ ਨਰਾਇਣਗੜ੍ਹ ਬੱਸ ਸਟੈਂਡ ਦਾ ਦੌਰਾ ਕੀਤਾ ਅਤੇ ਉੱਥੇ ਦੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਭਾਜਪਾ ਵਰਕਰਾਂ ਅਤੇ ਇਲਾਕੇ ਦੇ ਲੋਕਾਂ ਦੀ ਅਪੀਲ 'ਤੇ ਟਰਾਂਸਪੋਰਟ ਮੰਤਰੀ ਨੇ ਕਿਹਾ ਕਿ ਨਰਾਇਣਗੜ੍ਹ ਦੇ ਬੱਸ ਸਟੈਂਡ ਨੂੰ ਬਿਲਕੁਲ ਆਧੁਨਿਕ ਤਰੀਕੇ ਨਾਲ ਬਣਾਇਆ ਜਾਵੇਗਾ। ਇਸ ਸਬੰਧੀ ਮੰਤਰੀ ਅਸੀਮ ਗੋਇਲ ਨੇ ਮੌਕੇ 'ਤੇ ਮੌਜੂਦ ਟਰਾਂਸਪੋਰਟ ਵਿਭਾਗ ਦੇ ਜੀਐੱਮ ਅਸ਼ਵਨੀ ਡੋਗਰਾ ਅਤੇ ਲੋਕ ਨਿਰਮਾਣ ਵਿਭਾਗ ਦੇ ਐਸਡੀਓ ਦਿਨੇਸ਼ ਕੁਮਾਰ ਨੂੰ ਹਦਾਇਤਾਂ ਦਿੱਤੀਆਂ।

ਉਨ੍ਹਾਂ ਕਿਹਾ ਕਿ ਪੁਰਾਣੇ ਬੱਸ ਸਟੈਂਡ ਨਰਾਇਣਗੜ੍ਹ ਨੂੰ ਢਾਹ ਕੇ ਇੱਥੇ 12 ਬੇਅ/ਕਾਊਂਟਰਾਂ ਦਾ ਨਵਾਂ ਬੱਸ ਸਟੈਂਡ ਉਸਾਰ ਕੇ ਸਾਰੀਆਂ ਲੋੜੀਂਦੀਆਂ ਰਸਮਾਂ/ਪ੍ਰਕਿਰਿਆਵਾਂ



ਅਤੇ ਰਿਪੋਰਟਾਂ ਜਲਦੀ ਤੋਂ ਜਲਦੀ ਤਿਆਰ ਕੀਤੀਆਂ ਜਾਣ। ਇਸ ਦਾ ਨੀਂਹ ਪੱਥਰ ਮੁੱਖ ਮੰਤਰੀ ਨਾਇਬ ਸਿੰਘ ਅਗਸਤ ਮਹੀਨੇ ਵਿੱਚ ਰੱਖਣਗੇ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਬੱਸ ਸਟੈਂਡ ਦੋ ਮੰਜ਼ਿਲਾ ਹੋਣਾ ਚਾਹੀਦਾ ਹੈ ਜਿਸ ਵਿੱਚ ਸਵਾਰੀਆਂ ਲਈ ਲੋੜੀਂਦੀਆਂ ਸਹੂਲਤਾਂ ਦਾ ਧਿਆਨ ਰੱਖਿਆ ਜਾਵੇ। ਨਵੇਂ ਬੱਸ ਸਟੈਂਡ ਵਿੱਚ ਯਾਤਰੀਆਂ ਲਈ ਵੇਟਿੰਗ ਹਾਲ, ਪਖਾਨੇ ਅਤੇ ਵਿਭਾਗ ਦੇ ਅਧਿਕਾਰੀਆਂ/ਕਰਮਚਾਰੀਆਂ ਦੇ ਦਫ਼ਤਰਾਂ ਦਾ ਵੀ ਪ੍ਰਬੰਧ ਰੱਖਿਆ ਜਾਵੇ। ਲੋਕਾਂ ਦੇ ਦੋ ਪਹੀਆ ਅਤੇ ਚਾਰ ਪਹੀਆ ਵਾਹਨਾਂ ਲਈ ਪਾਰਕਿੰਗ ਦਾ ਵੱਖਰਾ ਪ੍ਰਬੰਧ ਹੋਣਾ ਚਾਹੀਦਾ ਹੈ। ਇਸ ਦੇ ਨਾਲ ਹੀ ਬੱਸ ਸਟੈਂਡ ਇਲਾਕੇ ਵਿੱਚ ਫਲਦਾਰ ਅਤੇ ਛਾਂਦਾਰ ਰੁੱਖ ਲਗਾ ਕੇ ਹਰਿਆਲੀ ਦਾ ਵਿਕਾਸ ਵੀ ਕੀਤਾ ਜਾਵੇ। ਉਨ੍ਹਾਂ ਜੀ.ਐਮ ਰੋਡਵੇਜ਼ ਨੂੰ ਹਦਾਇਤ ਕੀਤੀ ਕਿ ਬੱਸ ਸਟੈਂਡ ਦਾ ਵਾਤਾਵਰਨ ਸਾਫ਼ ਸੁਥਰਾ ਹੋਵੇ ਅਤੇ ਸੁੰਦਰੀਕਰਨ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ਤਾਂ ਜੋ ਇੱਥੇ ਆਉਣ ਵਾਲੇ ਲੋਕਾਂ ਨੂੰ ਸਾਫ਼-ਸੁਥਰਾ ਵਾਤਾਵਰਨ ਮਿਲ ਸਕੇ।

ਮੰਤਰੀ ਨੇ ਰਾਜ ਸਰਕਾਰ ਦੀ ਅਭਿਲਾਸ਼ੀ ਯੋਜਨਾ ਹਰਿਆਣਾ ਅੰਤੋਦਿਆ ਪਰਿਵਾਰ ਪਰਿਵਾਹਨ ਯੋਜਨਾ (ਹੈਪੀ) ਤਹਿਤ ਬੱਸ ਸਟੈਂਡ 'ਤੇ ਬਣਾਏ ਗਏ ਹੈਪੀ ਕਾਰਡ ਦੇ ਲਾਭਪਾਤਰੀਆਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਇਸ ਯੋਜਨਾ ਦੀ ਜਾਣਕਾਰੀ ਦਿੱਤੀ। ਉਨ੍ਹਾਂ ਰੋਡਵੇਜ਼ ਦੇ ਜੀਐੱਮ ਤੋਂ ਹੈਪੀ ਕਾਰਡ ਬਣਾਉਣ ਸਬੰਧੀ ਹੋਰ ਜਾਣਕਾਰੀ ਵੀ ਲਈ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰਾਂਸਪੋਰਟ ਮੰਤਰੀ ਅਸੀਮ ਗੋਇਲ ਨੇ ਦੱਸਿਆ ਕਿ ਨਰਾਇਣਗੜ੍ਹ ਬੱਸ ਸਟੈਂਡ ਤੋਂ ਰੋਜ਼ਾਨਾ 50 ਦੇ ਕਰੀਬ ਬੱਸਾਂ ਚੱਲਦੀਆਂ ਹਨ। ਜਦੋਂ ਤੱਕ ਨਵਾਂ ਆਧੁਨਿਕ ਬੱਸ ਅੱਡਾ ਨਹੀਂ ਬਣ ਜਾਂਦਾ, ਉਦੋਂ ਤੱਕ ਸਵਾਰੀਆਂ ਲਈ ਬਦਲਵੇਂ ਪ੍ਰਬੰਧ ਵਜੋਂ ਇੱਕ ਵੱਡਾ ਟੀਨ ਸ਼ੈੱਡ ਤਿਆਰ ਕੀਤਾ ਜਾਵੇਗਾ।

# ਵਿਧਾਇਕ ਨੇ ਰੱਤਾਖੇੜਾ ਲਿੰਕ ਸੜਕ ਦਾ ਨੀਂਹ ਪੱਥਰ ਰੱਖਿਆ

**ਰਤੀਆ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**
ਵਿਧਾਇਕ ਲਕਸ਼ਮਣ ਨਾਪਾ ਨੇ ਰੱਤਾਖੇੜਾ ਡਿਸਟਰੀਬਿਊਟਰੀ (ਨੇੜੇ ਸਰਦੂਲਗੜ੍ਹ ਰੋਡ) ਤੋਂ ਰੱਤਾਖੇੜਾ ਤੱਕ ਬਣਨ ਵਾਲੀ ਲਿੰਕ ਸੜਕ ਦਾ ਨੀਂਹ ਪੱਥਰ ਰੱਖਿਆ। ਇਸ ਪ੍ਰੋਗਰਾਮ ਦੌਰਾਨ ਜਦੋਂ ਵਿਧਾਇਕ ਪੁੱਜੇ ਤਾਂ ਉਨ੍ਹਾਂ ਦਾ ਪਿੰਡ ਵਾਸੀਆਂ ਵੱਲੋਂ ਫੁੱਲਾਂ ਦੇ ਹਾਰ ਪਾ ਕੇ ਨਿੱਘਾ ਸਵਾਗਤ ਕੀਤਾ ਗਿਆ ਅਤੇ ਇਸ ਸੜਕ ਨਿਰਮਾਣ ਕਾਰਜ ਲਈ ਧੰਨਵਾਦ ਕੀਤਾ। ਵਿਧਾਇਕ ਲਕਸ਼ਮਣ ਨਾਪਾ ਨੇ ਦੱਸਿਆ ਕਿ ਹਰਿਆਣਾ ਰਾਜ ਖੇਤੀਬਾੜੀ ਮੰਡੀਕਰਨ ਬੋਰਡ ਯੋਜਨਾ ਤਹਿਤ ਰੱਤਾ ਖੇੜਾ ਡਿਸਟਰੀਬਿਊਟਰੀ (ਨੇੜੇ ਸਰਦੂਲਗੜ੍ਹ ਰੋਡ) ਤੋਂ ਰੱਤਾ ਖੇੜਾ ਤੱਕ 3 ਕਰੋੜ 34 ਲੱਖ 64 ਹਜ਼ਾਰ ਰੁਪਏ ਦੀ ਲਾਗਤ ਨਾਲ ਲਿੰਕ ਸੜਕ ਦਾ ਨਿਰਮਾਣ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਸੜਕ ਦੇ ਬਣਨ ਨਾਲ ਆਸ-ਪਾਸ ਦੇ ਸਾਰੇ ਢਾਣੀ ਵਾਸੀਆਂ ਨੂੰ ਆਪਣੀ ਫਸਲ ਮੰਡੀ ਤੱਕ ਲਿਜਾਣ



ਵਿਚ ਕਾਫੀ ਮਦਦ ਮਿਲੇਗੀ। ਇਸ ਲਈ ਇਸ ਦੀ ਉਸਾਰੀ ਦਾ ਕੰਮ ਬਹੁਤ ਉੱਚ ਗੁਣਵੱਤਾ ਨਾਲ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਸੜਕ ਦੀ ਲੰਬਾਈ 4.40 ਕਿਲੋਮੀਟਰ ਹੋਵੇਗੀ ਅਤੇ ਇਹ ਕੰਮ ਦਸ ਮਹੀਨਿਆਂ ਵਿੱਚ ਮੁਕੰਮਲ ਕਰ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਉਹ ਰਤੀਆ ਵਿਧਾਨ ਸਭਾ ਹਲਕੇ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹਨ। ਉਨ੍ਹਾਂ ਵੱਲੋਂ ਪਿੰਡ ਦੀਆਂ ਸੜਕਾਂ ਨੂੰ ਕੰਕਰੀਟ ਬਣਾਉਣ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਰਤੀਆ ਹਲਕਾ ਵਿਕਾਸ ਪੱਖੋਂ ਕਿਸੇ ਵੀ ਖੇਤਰ ਵਿੱਚ ਪਿੱਛੇ ਨਹੀਂ ਰਹੇਗਾ। ਇਸ ਮੌਕੇ ਸਰਪੰਚ ਐਸੋਸੀਏਸ਼ਨ ਦੇ ਪ੍ਰਧਾਨ ਅਰਵਿੰਦ ਸਿਹਾਗ, ਸਾਬਕਾ ਸਰਪੰਚ ਆਤਮਾ ਰਾਮ ਕੜਵਾਸਰਾ, ਰਾਮਸਵਰੂਪ ਪ੍ਰਧਾਨ, ਰਾਧੇਸ਼ਿਆਮ, ਸੁਭਾਸ਼ ਰਤਾਖੇੜਾ, ਮੈਂਬਰ ਰੋਹਤਾਸ, ਨਿਰਮਲ, ਸੁਖਵਿੰਦਰ, ਵਿਨੋਦ, ਕੈਲਾਸ਼ ਬੈਨੀਵਾਲ, ਆਤਮਾ ਰਾਮ ਰਾਹੜ, ਸਤਪਾਲ ਲੜੀ, ਕਮਲ, ਸੋਨੀ ਨਾਇਕ, ਨੇਕੀ ਰਾਮ, ਵਿਕਾਸ ਸਮੇਤ ਪਿੰਡ ਵਾਸੀ ਹਾਜ਼ਰ ਸਨ।

# ਪਾਵਰਕੌਮ ਦੇ ਠੇਕਾ ਮੁਲਾਜ਼ਮਾਂ ਨੇ ਕੀਤੀ ਹੜਤਾਲ; ਜ਼ਖ਼ਮੀ ਸਾਥੀ ਨੂੰ ਇਨਸਾਫ ਦਿਵਾਉਣ ਅਤੇ ਮੰਗਾਂ ਨਾ ਪੂਰੀ ਹੋਣ ਦੇ ਰੋਸ ਵਜੋਂ ਸ਼ੁਰੂ ਕੀਤਾ ਸੰਘਰਸ਼

**ਡੇਰਾ ਬਸੀ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਪਾਵਰਕੌਮ ਦੇ ਠੇਕਾ ਮੁਲਾਜ਼ਮਾਂ ਵੱਲੋਂ ਆਪਣੀ ਮੰਗਾਂ ਨੂੰ ਲੈ ਕੇ ਅਤੇ ਲੰਘੇ ਦਿਨੀਂ ਜ਼ਖ਼ਮੀ ਹੋਏ ਮੁਲਾਜ਼ਮ ਵਿਜੈ ਕੁਮਾਰ ਨੂੰ ਇਨਸਾਫ ਨਾ ਮਿਲਣ ਦੇ ਰੋਸ ਵਜੋਂ ਅਗਾਊਂ ਦਿੱਤੇ ਅਲਟੀਮੇਟਮ ਤਹਿਤ ਅੱਜ ਹੜਤਾਲ 'ਤੇ ਚਲੇ ਗਏ। ਇਸ ਤਹਿਤ ਅੱਜ ਡੇਰਾਬੱਸੀ ਅਤੇ ਮੁਬਾਰਕਪੁਰ, ਜ਼ੀਰਕਪੁਰ ਖੇਤਰ ਵਿੱਚ ਪੈਂਦੇ ਪਾਵਰਕੌਮ ਦੇ ਦਫਤਰਾਂ ਵਿੱਚ ਠੇਕੇ 'ਤੇ ਕੰਮ ਕਰਦੇ ਸਾਰੇ ਠੇਕਾ ਮੁਲਾਜ਼ਮਾਂ ਨੇ ਆਪਣਾ ਕੰਮ ਬੰਦ ਰੱਖ ਹੜਤਾਲ ਕੀਤੀ।

ਮੁਜ਼ਹਰਾਕਾਰੀਆਂ ਨੇ ਰੋਸ ਪ੍ਰਗਟ ਕਰਦਿਆਂ ਕਿਹਾ ਕਿ ਪਾਵਰਕੌਮ ਐਂਡ ਟ੍ਰਾਂਸਕੋ ਠੇਕਾ ਮੁਲਾਜ਼ਮ ਯੂਨੀਅਨ ਪੰਜਾਬ ਦੇ ਸਮੂਹ ਸੀ.ਐਚ.ਬੀ. 'ਤੇ ਡਬਲਿਊ ਠੇਕਾ ਮੁਲਾਜ਼ਮ ਪੰਜਾਬ ਸਰਕਾਰ ਅਤੇ ਪਾਵਰਕੌਮ ਮੈਨੇਜਮੈਂਟ ਦੇ ਰਵਈਏ ਖ਼ਿਲਾਫ਼ ਆਊਟ ਸੋਰਸਡ ਠੇਕਾ ਮੁਲਾਜ਼ਮਾਂ ਵੱਲੋਂ ਸੰਘਰਸ਼ ਦਾ ਬਿਗੁਲ ਬਜਾਇਆ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਬੜੇ ਦਿਨਾਂ ਤੋਂ ਠੇਕੇ ਮੁਲਾਜ਼ਮ ਆਪਣੀ ਮੰਗਾਂ ਨੂੰ ਪੂਰਾ ਕਰਵਾਉਣ ਲਈ ਸੰਘਰਸ਼ ਕਰ ਰਹੇ ਹਨ ਪਰ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ।

ਲੰਘੇ ਦਿਨੀਂ ਪਾਵਰਕੌਮ ਦੇ ਠੇਕਾ ਮੁਲਾਜ਼ਮ ਵਿਜੈ ਕੁਮਾਰ ਬਿਜਲੀ ਲਾਈਨ 11 ਕੇ.ਵੀ. ਦੀ ਮੁਰੰਮਤ ਦੌਰਾਨ ਬਿਜਲੀ ਦਾ ਝਟਕਾ ਲੱਗਣ ਕਾਰਨ ਜ਼ਖ਼ਮੀ ਹੋ ਗਏ ਸੀ। ਵਿਜੈ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ ਜੋ ਆਪਣੀ ਜ਼ਿੰਦਗੀ ਅਤੇ ਮੌਤ ਦੀ ਲੜਾਈ ਲੜ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਅਜਿਹੇ ਹਾਲਾਤਾਂ ਵਿੱਚ ਪਾਵਰਕੌਮ ਵੱਲੋਂ ਵਿਜੈ ਕੁਮਾਰ ਲਈ ਕੋਈ ਵੀ ਮਦਦ ਨਹੀਂ ਕੀਤੀ ਗਈ। ਉਸ ਨੂੰ ਇਨਸਾਫ ਦਿਵਾਉਣ ਲਈ ਠੇਕੇ 'ਤੇ ਕੰਮ ਕਰਨ ਵਾਲੇ ਮੁਲਾਜ਼ਮ ਵੱਲੋਂ ਪਹਿਲਾਂ ਲਗਾਤਾਰ ਮੁਜ਼ਾਹਰਾ ਕੀਤਾ ਜਾ ਰਿਹਾ ਸੀ ਪਰ ਇਸਦੇ ਬਾਵਜੂਦ ਪਾਵਰਕੌਮ ਦੇ ਉੱਚ ਅਧਿਕਾਰੀਆਂ ਦੇ ਕੰਨਾਂ 'ਤੇ ਜੂੰ ਨਹੀਂ ਸਰਕ ਰਹੀ ਸੀ। ਇਸ ਨੂੰ ਲੈ ਕੇ ਯੂਨੀਅਨ ਵੱਲੋਂ ਸਰਕਾਰ ਅਤੇ ਪਾਵਰਕੌਮ ਨੂੰ 24 ਤਰੀਕ ਤੱਕ ਦਾ ਅਲਟੀਮੇਟਮ ਦਿੱਤਾ ਸੀ ਪਰ ਉਨ੍ਹਾਂ ਦੇ ਇਸ ਅਲਟੀਮੇਟਮ ਨੂੰ ਗੰਭੀਰਤਾਂ ਨਾਲ ਨਹੀਂ ਲਿਆ ਗਿਆ। ਇਸ ਨੂੰ ਦੇਖਦਿਆਂ ਉਨ੍ਹਾਂ ਵੱਲੋਂ ਅੱਜ ਆਪਣਾ ਕੰਮ ਬੰਦ ਕਰ ਹੜਤਾਲ ਰੱਖੀ ਗਈ ਅਤੇ ਪੰਜਾਬ ਸਰਕਾਰ ਅਤੇ ਪਾਵਰਕੌਮ ਦੇ ਅਧਿਕਾਰੀਆਂ ਦਾ ਪਿੱਟ ਸਿਆਪਾ ਕੀਤਾ ਗਿਆ। ਉਨ੍ਹਾਂ ਨੇ ਕਿਹਾ ਕਿ ਜੇਕਰ ਇਸਦੇ ਬਾਵਜੂਦ ਸਰਕਾਰ ਆਪਣੀ ਕੁੰਭਕਰਨੀ ਨੀਂਦ ਤੋਂ ਨਾ ਜਾਗੀ ਤਕ ਉਹ 27 ਜੂਨ ਨੂੰ ਪਟਿਆਲਾ ਹੈੱਡ ਆਫਿਸ ਵੱਲੋਂ ਕੂਚ ਕਰਨਗੇ।

# ਪਾਵਰਕਾਮ ਠੇਕਾ ਕਾਮਿਆਂ ਨੇ ਮੁਕੰਮਲ ਕੰਮ ਜਾਮ ਕਰ ਜਿਤਾਇਆ ਰੋਸ

**ਮਾਛੀਵਾੜਾ ਸਾਹਿਬ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**




ਪਾਵਰ ਕਾਮ ਐਂਡ ਟਰਾਂਸਕੋ ਠੇਕਾ ਮੁਲਾਜ਼ਮ ਯੂਨੀਅਨ ਪੰਜਾਬ ਦੇ ਬੈਨਰ ਹੇਠ ਪੰਜਾਬ ਸਰਕਾਰ ਤੇ ਪਾਵਰਕਾਮ ਮਨੇਜਮੈਂਟ ਦੇ ਖਿਲਾਫ ਅੱਜ ਪੰਜਾਬ ਭਰ ਪਵਰਕਾਮ ਸੀ ਐਚ ਬੀ ਤੇ ਡਬਲਿਊ ਠੇਕਾ ਕਾਮਿਆਂ ਵਲੋਂ ਸਵੇਰੇ 6 ਵਜੇ ਮੁਕੰਮਲ ਕੰਮ ਜਾਮ ਕਰ ਰੋਸ਼ ਰੈਲੀਆਂ ਕੀਤੀਆਂ ਗਈਆਂ। ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਾਵਰ ਕੌਮ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਵਲੋਂ ਨਿੱਜੀਕਰਨ ਦੀ ਨੀਤੀ ਲਗਾਤਾਰ ਲਾਗੂ ਕਰ ਕੇ ਬਿਜਲੀ ਖੇਤਰ ਦਾ ਭੋਗ ਪਾਇਆ ਜਾ ਰਿਹਾ ਹੈ। ਬਿਜਲੀ ਬੋਰਡ ਨੂੰ ਤੋੜ ਕੇ ਦੋ ਭਾਗਾਂ ਵਿੱਚ ਵੰਡ ਕੇ ਨਿੱਜੀਕਰਨ ਦੀ ਨੀਤੀ ਦੇ ਤਹਿਤ ਆਉਟਸੋਰਸਿੰਗ ਤੇ ਭਰਤੀ ਕੀਤੇ ਠੇਕਾ ਕਾਮਿਆਂ ਨਾਲ ਬਿਜਲੀ ਸਪਲਾਈ ਨੂੰ ਬਹਾਲ ਕਰਦਿਆਂ ਕਰਦਿਆਂ ਲਗਾਤਾਰ ਘਾਤਕ ਅਤੇ ਗੈਰ ਘਾਤਕ ਹਾਦਸੇ ਵਾਪਰ ਰਹੇ ਹਨ। ਸੈਂਕੜੇ ਕਾਮੇ ਮੌਤ ਦੇ ਮੂੰਹ ਪੈ ਗਏ ਤੇ ਸੈਂਕੜੇ ਕਾਮੇ ਅਪੰਗ ਹੋ ਗਏ ਪੰਜਾਬ ਸਰਕਾਰ ਅਤੇ ਪਾਵਰ ਕੌਮ ਮੈਨੇਜਮੈਂਟ ਨੂੰ ਜਾਨਾ ਗਵਾ ਰਹੇ ਕਾਮਿਆਂ ਦੀ ਕੋਈ ਪਰਵਾਹ ਨਹੀਂ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਆਊਟਸੋਰਸਿੰਗ ਠੇਕਾ ਕਾਮਿਆਂ ਨੂੰ ਰੈਗੂਲਰ ਕਰਨ ਬਾਰੇ ਤਰ੍ਹਾਂ ਤਰ੍ਹਾਂ ਦੇ ਵਾਅਦੇ ਕੀਤੇ ਪਰ ਇੱਕ ਵੀ ਵਾਅਦਾ ਪੂਰਾ ਨਹੀਂ ਕੀਤਾ ਅੱਜ ਠੇਕਾ ਕਾਮੇ ਬਹੁਤ ਹੀ ਨਿਗੁਣੀਆਂ ਤਨਖਾਹਾਂ ਉੱਤੇ ਆਪਣਾ ਜੀਵਨ ਬਤੀਤ ਕਰ ਰਹੇ ਹਨ।

ਆਗੂਆਂ ਨੇ ਅੱਜ ਰੋਸ ਰੈਲੀ ਕਰਦਿਆਂ ਮੰਗ ਕੀਤੀ ਕਿ ਸਮੂਹ ਆਉਟ ਸੋਰਸਿੰਗ ਠੇਕਾ ਕਾਮਿਆਂ ਨੂੰ ਸਿੱਧਾ ਵਿਭਾਗ ਵਿੱਚ ਸ਼ਾਮਿਲ ਕੀਤਾ ਜਾਵੇ, ਘੱਟੋ ਘੱਟ ਗੁਜ਼ਾਰੇ ਯੋਗ ਤਨਖਾਹ 1948 ਐਕਟ ਮੁਤਾਬਕ ਲਾਗੂ ਕੀਤੀ ਜਾਵੇ ਬਿਜਲੀ ਦਾ ਕਰੰਟ ਲੱਗਣ ਕਾਰਨ ਮੌਤ ਦੇ ਮੂੰਹ ਪਏ ਕਾਮਿਆਂ ਦੇ ਪਰਿਵਾਰ ਨੂੰ ਕਾਨੂੰਨ ਮੁਤਾਬਕ ਮੁਆਵਜ਼ਾ ਤੈਅ ਕੀਤਾ ਜਾਵੇ ਅਤੇ ਪਰਿਵਾਰਿਕ ਮੈਂਬਰ ਨੂੰ ਇੱਕ ਸਰਕਾਰੀ ਪੱਕੀ ਨੌਕਰੀ ਤੇ ਪੱਕੀ ਪੈਨਸ਼ਨ ਦਿੱਤੀ ਜਾਵੇ, ਟੀਟੀਆਈ ਰਾਹੀਂ ਟ੍ਰੇਨਿੰਗ ਦਾ ਪ੍ਰਬੰਧ ਕੀਤਾ ਜਾਵੇ, 50 ਤੋਂ ਲੈ ਕੇ 100 ਕਿਲੋਮੀਟਰ ਦੇ ਘੇਰੇ ਤੋਂ ਦੂਰ ਲਗਾਏ ਕਾਮਿਆਂ ਨੂੰ 15 ਕਿਲੋਮੀਟਰ ਦੇ ਘੇਰੇ ਅੰਦਰ ਅੰਦਰ ਡਿਊਟੀ ਲਗਾਇਆ ਜਾਵੇ ਤੇ ਤਮਾਮ ਮੰਗ ਪੱਤਰ ਵਿੱਚ ਦਰਜ ਮੰਗਾਂ ਦਾ ਨਿਪਟਾਰਾ ਕੀਤਾ ਜਾਵੇ। ਜਦੋਂ ਤੱਕ ਇਹਨਾਂ ਸਾਰੀਆਂ ਮੰਗਾਂ ਦਾ ਹੱਲ ਨਹੀਂ ਹੁੰਦਾ ਉਦੋਂ ਤੱਕ ਸੰਘਰਸ਼ ਜਾਰੀ ਰੱਖਣ ਦਾ ਫੈਸਲਾ ਕੀਤਾ ਮਿਤੀ 27 ਜੂਨ 2024 ਨੂੰ ਮੁਕੰਮਲ ਕੰਮ ਜਾਮ ਕਰਕੇ ਪਰਿਵਾਰਾਂ ਤੇ ਬੱਚਿਆਂ ਸਮੇਤ ਪਾਵਰ ਕੌਮ ਦੇ ਮੁੱਖ ਦਫਤਰ ਲਗਾਤਾਰ ਧਰਨਾ ਕੋਆਰਡੀਨੇਸ਼ਨ ਕਮੇਟੀ ਦੇ ਬੈਨਰ ਹੇਠ ਦਿੱਤਾ ਜਾਵੇਗਾ।

# ਮੁ.ਫਤ ਬਿਜਲੀ: 'ਆਪਣਿਆਂ' ਨੂੰ ਹੀ ਭੰਡਣ ਲੱਗੇ ਅਕਾਲੀ ਆਗੂ



**ਪਟਿਆਲਾ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਸ਼੍ਰੋਮਣੀ ਅਕਾਲੀ ਦਲ ਸਰਕਾਰ ਵਿਚ ਮੰਤਰੀ ਰਹੇ ਜਗਦੀਸ਼ ਸਿੰਘ ਗਰਚਾ ਨੇ ਕਿਹਾ ਹੈ ਕਿ ? ਬਾਦਲ ਦੀ ਅਗਵਾਈ ਵਾਲੀ ਉਸ ਵੇਲੇ ਦੀ ਸਰਕਾਰ ਨੇ ਕਿਸਾਨਾਂ ਨੂੰ ਮੁਫਤ ਬਿਜਲੀ ਦੇ ਕੇ ਪੰਜਾਬ ਨੂੰ ਬੰਜਰ ਬਣਾ ਦਿੱਤਾ ਹੈ, ਹੁਣ ਪੰਜਾਬ ਨੂੰ ਕਿਸੇ ਵੀ ਹਾਲਤ ਵਿਚ ਬਚਾਇਆ ਨਹੀਂ ਜਾ ਸਕਦਾ ਕਿਉਂਕਿ ਕਿਸਾਨਾਂ ਨੇ ਪੰਜਾਬ ਦੇ ਭਲੇ ਬਾਰੇ ਸੋਚਣਾ ਹੀ ਬੰਦ ਕਰ ਗਿਆ ਹੈ।

ਜਦੋਂ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਮੁਫਤ ਬਿਜਲੀ ਦੇਣ ਬਾਰੇ ਫੈਸਲਾ ਲਿਆ ਸੀ ਤਾਂ ਉਨ੍ਹਾਂ (ਗਰਚਾ) ਇਸ ਦਾ ਸਖ਼ਤ ਵਿਰੋਧ ਕਰਦਿਆਂ ਕਿਹਾ ਸੀ ਕਿ ਇਸ ਨਾਲ ਸਿਰਫ਼ ਪੰਜਾਬ ਦੀ ਆਰਥਿਕਤਾ ਨੂੰ ਸੱਟ ਨਹੀਂ ਲੱਗੇਗੀ ਸਗੋਂ ਇਸ ਨਾਲ ਪੰਜਾਬ ਦਾ ਪਾਣੀ ਵੀ ਖ਼ਤਮ ਹੋ ਜਾਵੇਗਾ। ਸ੍ਰੀ ਗਰਚਾ ਨੇ ਪੁਰਾਣਾ ਕਿੱਸਾ ਸਾਂਝਾ ਕਰਦਿਆਂ ਕਿਹਾ ਕਿ ਜਦੋਂ ਪੰਜਾਬ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਬਣ ਗਏ ਸਨ ਤਾਂ ਉਹ ਉਨ੍ਹਾਂ ਨਾਲ ਪਟਿਆਲਾ ਦੇ ਬਿਜਲੀ ਬੋਰਡ (ਹੁਣ ਪੀਐਸਪੀਸੀਐਲ) ਦੇ ਦਫ਼ਤਰ ਪਹੁੰਚੇ ਸਨ, ਉਸ ਵੇਲੇ ਸ੍ਰੀ ਬਾਦਲ ਨੇ ਬਿਜਲੀ ਬੋਰਡ ਦੇ ਇੰਜਨੀਅਰਾਂ ਨੂੰ ਪੁੱਛਿਆ ਸੀ ਕਿ ਜੇ ਕਿਸਾਨਾਂ ਨੂੰ ਮੁਕੰਮਲ ਤੌਰ 'ਤੇ ਬਿਜਲੀ ਮੁਫ਼ਤ ਦਿੱਤੀ ਜਾਵੇ ਤਾਂ ਪੰਜਾਬ ਸਰਕਾਰ 'ਤੇ ਕਿੰਨਾ ਵਿੱਤੀ ਬੋਝ ਪਵੇਗਾ ਤਾਂ ਇੰਜਨੀਅਰਾਂ ਨੇ ਕਿਹਾ ਸੀ ਕਿ 300 ਕਰੋੜ ਦਾ ਨੁਕਸਾਨ ਪੰਜਾਬ ਸਰਕਾਰ ਨੂੰ ਝੱਲਣਾ ਪਵੇਗਾ ਤਾਂ ਬਾਦਲ ਸਾਹਿਬ ਕਹਿਣ ਲੱਗੇ ਕਿ ਫੇਰ ਤਾਂ ਕਿਸਾਨਾਂ ਨੂੰ ਮੁਫ਼ਤ ਬਿਜਲੀ ਦਿੱਤੀ ਜਾ ਸਕਦੀ ਹੈ। ਉਸ ਵੇਲੇ ਉਨ੍ਹਾਂ ਵਿਰੋਧ ਕਰਦਿਆਂ ਕਿਹਾ ਸੀ ਕਿ ਅਜਿਹਾ ਨਾ ਕਰੋ, ਇਸ ਨਾਲ ਪੰਜਾਬ ਦਾ ਸਿਰਫ਼ ਵਿੱਤੀ ਨੁਕਸਾਨ ਹੀ ਨਹੀਂ ਹੋਵੇਗਾ ਸਗੋਂ ਨਹਿਰਾਂ ਦਾ ਪਾਣੀ ਵੀ ਵਰਤਣਾ ਬੰਦ ਹੋ ਜਾਵੇਗਾ। ਕਿਸਾਨਾਂ ਨੇ ਇਕ ਨਹੀਂ ਸਗੋਂ ਚਾਰ-ਚਾਰ ਮੋਟਰਾਂ ਦੇ ਕੁਨੈਕਸ਼ਨ ਲੈ ਕੇ ਸਿਰਫ਼ ਧਰਤੀ ਹੇਠਲਾ ਪਾਣੀ ਹੀ ਕੱਢਣਾ ਹੈ, ਜਿਸ ਨਾਲ ਪੰਜਾਬ ਬੰਜਰ ਹੋ ਜਾਵੇਗਾ ਤਾਂ ਬਾਦਲ ਸਾਹਿਬ ਕਹਿਣ ਲੱਗੇ ਕਿ ਪੰਜਾਬ ਦਾ ਵਿੱਤੀ ਨੁਕਸਾਨ ਭਾਵੇਂ 300 ਦੀ ਥਾਂ 500 ਕਰੋੜ ਹੋ ਜਾਵੇ ਪਰ ਆਪਾਂ ਕਿਸਾਨਾਂ ਨੂੰ ਬਿਜਲੀ ਮੁਫ਼ਤ ਦੇਣੀ ਹੀ ਹੈ।ਹੁਣ ਹਾਲਾਤ ਇਹ ਹਨ ਕਿ ਕਿਸਾਨਾਂ ਨੂੰ ਦਿੱਤੀ ਜਾ ਰਹੀ ਮੁਫ਼ਤ ਬਿਜਲੀ ਨੂੰ ਬੰਦ ਕਰਨ ਦਾ ਜ਼ੇਰਾ ਕਿਸੇ ਸਰਕਾਰ ਕੋਲ ਨਹੀਂ ਹੈ, ਕਿਸਾਨ ਅੰਨ੍ਹੇਵਾਹ ਖੇਤਾਂ ਵਿਚੋਂ ਪਾਣੀ ਕੱਢ ਰਹੇ ਹਨ। ਹੁਣ ਕਿਸਾਨਾਂ ਨੂੰ ਦਿੱਤੀ ਜਾ ਰਹੀ ਮੁਫ਼ਤ ਬਿਜਲੀ ਦਾ ਪੰਜਾਬ ਸਰਕਾਰ ਨੂੰ ਵਿੱਤੀ ਬੋਝ 300 ਕਰੋੜ ਹੀ ਨਹੀਂ ਰਹਿ ਗਿਆ ਸਗੋਂ ਹੁਣ 12000 ਕਰੋੜ ਤੋਂ ਵੀ ਟੱਪਣ ਜਾ ਰਿਹਾ ਹੈ।

# ਜੋਧਪੁਰ ਘਟਨਾ ਦੀ ਜਾਂਚ ਸੇਵਾਮੁਕਤ ਜੱਜਾਂ ਤੋਂ ਕਰਵਾਈ ਜਾਵੇ:ਜਥੇਦਾਰ ਰਘਬੀਰ ਸਿੰਘ

**ਅੰਮ੍ਰਿਤਸਰ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਰਾਜਸਥਾਨ ਦੇ ਜੋਧਪੁਰ ਵਿੱਚ ਜੁਡੀਸ਼ਲ ਪ੍ਰੀਖਿਆ ਸਮੇਂ ਅੰਮ੍ਰਿਤਧਾਰੀ ਵਿਦਿਆਰਥੀਆਂ ਦੇ ਕਕਾਰ ਉਤਰਵਾਉਣ ਦੀ ਵਾਪਰੀ ਘਟਨਾ ਦਾ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸਖ਼ਤ ਨੋਟਿਸ ਲੈਂਦਿਆਂ ਸ਼੍ਰੋਮਣੀ ਕਮੇਟੀ ਨੂੰ ਆਖਿਆ ਕਿ ਉਹ ਸੇਵਾਮੁਕਤ ਸਿੱਖ ਜੱਜਾਂ ਤੇ ਵਕੀਲਾਂ ਦੀ ਜਾਂਚ ਕਮੇਟੀ ਦਾ ਗਠਨ ਕਰਕੇ ਇਸ ਮਾਮਲੇ ਦੀ ਉੱਚ ਪੱਧਰੀ ਜਾਂਚ ਕਰਵਾਉਣ।

ਅ ਇਸ ਮਾਮਲੇ ਵਿੱਚ ਜਾਰੀ ਵੀਡੀਓ ਸੁਨੇਹੇ ਰਾਹੀਂ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਅਜਿਹੀਆਂ ਘਟਨਾਵਾਂ ਸਿੱਖਾਂ ਨੂੰ ਗ਼ੁਲਾਮ ਹੋਣ ਦਾ ਅਹਿਸਾਸ ਕਰਵਾਉਂਦੀਆਂ ਹਨ। ਸਿੱਖਾਂ ਨੇ ਦੇਸ਼ ਦੀ ਆਜ਼ਾਦੀ ਲਈ ਵੱਡੀਆਂ ਕੁਰਬਾਨੀਆਂ ਦਿੱਤੀਆਂ ਹਨ ਅਤੇ ਦੇਸ਼ ਦੀ ਤਰੱਕੀ ਵਿੱਚ ਅਹਿਮ ਯੋਗਦਾਨ ਪਾਇਆ ਹੈ। ਇਸ ਦੇ ਬਾਵਜੂਦ ਅਜਿਹੀਆਂ ਘਟਨਾਵਾਂ ਸਿੱਖਾਂ ਨੂੰ ਅਪਮਾਨਿਤ ਕਰਨ ਵਾਲੀਆਂ ਅਤੇ ਠੇਸ ਪਹੁੰਚਾਉਣ ਵਾਲੀਆਂ ਹਨ। ਉਨ੍ਹਾਂ ਕਿਹਾ ਕਿ ਰਾਜਸਥਾਨ ਵਿਖੇ ਜੁਡੀਸ਼ਲ ਪ੍ਰੀਖਿਆ ਵਿੱਚ ਅੰਮ੍ਰਿਤਧਾਰੀ ਵਿਦਿਆਰਥੀਆਂ ਦੇ ਕਕਾਰ ਉਤਰਵਾਉਣੇ ਮੰਦਭਾਗੀ ਘਟਨਾ ਹੈ। ਉਨ੍ਹਾਂ ਕਿਹਾ ਕਿ ਪਤਾ ਲੱਗਿਆ ਹੈ ਕਿ ਪ੍ਰੀਖਿਆ ਦੇਣ ਆਏ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਕੱਪੜੇ ਉਤਾਰ ਕੇ ਕਿਰਪਾਨਾਂ ਉਤਾਰਨ ਲਈ ਕਿਹਾ ਗਿਆ। ਇਸ ਦਾ ਇੱਕ ਅੰਮ੍ਰਿਤਧਾਰੀ ਕੁੜੀ ਨੇ ਵਿਰੋਧ ਵੀ ਕੀਤਾ ਤੇ ਉਸ ਨੂੰ ਪ੍ਰੀਖਿਆ ਨਹੀਂ ਦੇਣ ਦਿੱਤੀ ਗਈ। ਕੁਝ ਵਿਦਿਆਰਥੀਆਂ ਨੇ ਆਪਣੇ ਕਕਾਰ ਉਤਾਰ ਕੇ ਨੇੜੇ ਰੱਖ ਦਿੱਤੇ ਪਰ ਉਨ੍ਹਾਂ ਨੂੰ ਕਕਾਰ ਹੇਠਾਂ ਰੱਖਣ ਲਈ ਆਖਿਆ ਗਿਆ, ਜਿਸ ਦਾ ਅੰਮ੍ਰਿਤਧਾਰੀ ਵਿਦਿਆਰਥੀਆਂ ਨੇ ਵਿਰੋਧ ਕੀਤਾ। ਜਥੇਦਾਰ ਨੇ ਆਖਿਆ ਕਿ ਇਹ ਕਕਾਰਾਂ ਦੀ ਬੇਅਦਬੀ ਦੇ ਬਰਾਬਰ ਹੈ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੇ ਪ੍ਰੀਖਿਆ ਦੀ ਤਿਆਰੀ ਲਈ ਲੰਬਾ ਸਮਾਂ ਮਿਹਨਤ ਕੀਤੀ ਸੀ ਅਤੇ ਵੱਡੀ ਰਕਮ ਵੀ ਖਰਚੀ ਸੀ, ਜੋ ਅਜਾਈਂ ਗਈ। ਉਨ੍ਹਾਂ ਇਸ ਮਾਮਲੇ ਵਿੱਚ ਸ਼੍ਰੋਮਣੀ ਕਮੇਟੀ ਨੂੰ ਆਖਿਆ ਕਿ ਉਹ ਸੇਵਾਮੁਕਤ ਜੱਜਾਂ ਅਤੇ ਵਕੀਲਾਂ ਦੀ ਉੱਚ ਪੱਧਰੀ ਕਮੇਟੀ ਬਣਾਉਣ ਜੋ ਇਸ ਮਾਮਲੇ ਦੀ ਆਪਣੇ ਪੱਧਰ 'ਤੇ ਜਾਂਚ ਕਰੇ ਅਤੇ ਬਾਅਦ ਵਿੱਚ ਸਿੱਖ ਵਿਦਿਆਰਥੀਆਂ ਨਾਲ ਅਜਿਹਾ ਸਲੂਕ ਕਰਨ ਵਾਲੇ ਕਰਮਚਾਰੀਆਂ ਦੇ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇ। ਬੀਤੇ ਕੱਲ੍ਹ ਇਸ ਮਾਮਲੇ ਵਿੱਚ ਸ਼੍ਰੋਮਣੀ ਕਮੇਟੀ ਨੇ ਵੀ ਵਾਪਰੀ ਘਟਨਾ ਦਾ ਸਖ਼ਤ ਵਿਰੋਧ ਕੀਤਾ ਸੀ।

# ਤੱਥ ਖੋਜ ਕਮੇਟੀ ਵੱਲੋਂ ਮੁਕੰਮਲ ਜਾਂਚ ਰਿਪੋਰਟ ਜਾਰੀ

**ਸੰਗਰੂਰ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਦਲਿਤ ਨੌਜਵਾਨਾਂ ਦੀ ਬੇਰਹਿਮੀ ਨਾਲ ਕੁੱਟਮਾਰ ਕਰਨ ਦੀ ਵਾਪਰੀ ਘਟਨਾ ਦੀ ਪੜਤਾਲ ਕਰਨ ਲਈ ਐੱਸਸੀ ਵਰਗ ਨਾਲ ਸਬੰਧਤ ਵੱਖ-ਵੱਖ ਜਥੇਬੰਦੀਆਂ 'ਤੇ ਆਧਾਰਿਤ ਬਣੀ 'ਤੱਥ ਖੋਜ ਕਮੇਟੀ' ਵੱਲੋਂ ਮੁਕੰਮਲ ਜਾਂਚ ਰਿਪੋਰਟ ਜਾਰੀ ਕਰ ਦਿੱਤੀ ਗਈ ਹੈ। ਸਥਾਨਕ ਗ਼ਦਰ ਮੈਮੋਰੀਅਲ ਭਵਨ ਵਿੱਚ ਪ੍ਰੈੱਸ ਕਾਨਫਰੰਸ ਦੌਰਾਨ 'ਤੱਥ ਖੋਜ ਕਮੇਟੀ' ਵਿੱਚ ਸ਼ਾਮਲ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪ੍ਰਧਾਨ ਮੁਕੇਸ਼ ਮਲੌਦ, ਧਰਮਵੀਰ ਹਰੀਗੜ੍ਹ , ਆਈਡੀਪੀ ਦੇ ਪ੍ਰਧਾਨ ਕਰਨੈਲ ਸਿੰਘ ਜਖੇਪਲ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਲਖਵੀਰ ਸਿੰਘ ਲੌਂਗੋਵਾਲ ,ਪੈਪਸੀਕੋ ਵਰਕਰ ਯੂਨੀਅਨ ਦੇ ਕ੍ਰਿਸ਼ਨ ਸਿੰਘ ਭੜੋ, ਨਰੇਗਾ ਰੁਜ਼ਗਾਰ ਪ੍ਰਾਪਤੀ ਮਜ਼ਦੂਰ ਯੂਨੀਅਨ ਦੇ ਕਸ਼ਮੀਰ ਸਿੰਘ ਗਦਾਈਆ ਨੇ ਦੱਸਿਆ ਕਿ ਜਾਂਚ ਮਗਰੋਂ ਇਸ ਸਿੱਟੇ 'ਤੇ ਪੁੱਜੇ ਹਾਂ ਕਿ ਕਿਸਾਨ ਆਗੂ ਵੱਲੋਂ ਦੋਵੇਂ ਨੌਜਵਾਨਾਂ ਦੀ ਕੁੱਟਮਾਰ ਅਣਮਨੁੱਖੀ ਤਸ਼ੱਦਦ ਹੈ। ਉਨ੍ਹਾਂ ਕਿਹਾ ਕਿ ਇਹ ਘਟਨਾ ਕਿਸੇ ਲੁੱਟ-ਖੋਹ ਦੇ ਇਰਾਦੇ ਨਾਲ ਨਹੀਂ ਵਾਪਰੀ ਅਤੇ ਨਾ ਹੀ ਕਿਸੇ ਜਾਤ-ਪਾਤ ਦੀ ਰੰਜਿਸ਼ ਕਾਰਨ ਵਾਪਰੀ ਹੈ ਸਗੋਂ ਇਹ ਕਥਿਤ ਤੌਰ 'ਤੇ 'ਨਸ਼ੇ' ਦੇ ਲੈਣ-ਦੇਣ ਕਾਰਨ ਹੋਈ ਤਕਰਾਰ ਕਾਰਨ ਵਾਪਰੀ ਹੈ। ਕਿਸਾਨ ਆਗੂ ਜਗਤਾਰ ਸਿੰਘ ਲੱਡੀ ਨੂੰ ਕੇਸ ਵਿਚ ਨਾਮਜ਼ਦ ਕਰਨਾ ਪੁਲੀਸ ਦੀ ਕਾਰਗੁਜ਼ਾਰੀ 'ਤੇ ਸਵਾਲ ਖੜ੍ਹੇ ਕਰਦਾ ਹੈ। ਜਾਂਚ ਰਿਪੋਰਟ 'ਚ ਕਿਹਾ ਗਿਆ ਕਿ ਦੋਵੇਂ ਧਿਰਾਂ ਵੱਲੋਂ ਆਪਣਾ ਕਾਨੂੰਨੀ ਪੱਖ ਮਜ਼ਬੂਤ ਕਰਨ ਲਈ ਝੂਠ ਦੀ ਵਰਤੋਂ ਕਰਨਾ ਦਰੁਸਤ ਨਹੀਂ ਹੈ ਜੋ ਕਿ ਸਮਾਜ ਵਿੱਚ ਵੰਡੀਆਂ ਪਾਉਣ ਦਾ ਕਾਰਨ ਬਣਦਾ ਹੈ। ਭਾਵੇਂ ਤੱਥ ਖੋਜ ਕਮੇਟੀ ਵੱਲੋਂ ਜਾਂਚ ਰਿਪੋਰਟ ਜਾਰੀ ਕਰ ਦਿੱਤੀ ਹੈ ਪਰ ਦੂਜੇ ਪਾਸੇ ਐੱਸਸੀ ਜਥੇਬੰਦੀਆਂ ਪਹਿਲਾਂ ਹੀ ਤੱਥ ਖੋਜ ਕਮੇਟੀ ਨੂੰ ਰੱਦ ਕਰ ਚੁੱਕੀਆਂ ਹਨ। ਉਨ੍ਹਾਂ ਪੁਲੀਸ ਪ੍ਰਸ਼ਾਸਨ ਨੂੰ 27 ਜੂਨ ਤੱਕ ਦਾ ਅਲਟੀਮੇਟਮ ਦਿੱਤਾ ਹੋਇਆ ਹੈ। ਉਧਰ, ਭਾਕਿਯੂ ਏਕਤਾ ਉਗਰਾਹਾਂ ਰਿਪੋਰਟ ਦੀ ਉਡੀਕ ਵਿੱਚ ਸੀ ਜੋ ਕਿ ਪਹਿਲਾਂ ਹੀ ਮਨਜੀਤ ਸਿੰਘ ਘਰਾਚੋਂ ਤੇ ਹੋਰਾਂ ਖ਼ਿਲਾਫ਼ ਦਰਜ ਕੇਸ ਵਿੱਚੋਂ ਐੱਸਸੀ, ਐਸਟੀ ਰੱਦ ਕਰਨ ਦੀ ਮੰਗ ਕਰ ਚੁੱਕੀ ਹੈ।

# ਹੁੱਲੜਬਾਜ਼ਾਂ ਖ਼ਿਲਾ.ਫ ਕਾਰਵਾਈ ਲਈ ਐੱਸਐੱਸਪੀ ਨੂੰ ਮਿਲੇ ਕਿਸਾਨ

**ਪਟਿਆਲਾ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**




ਸ਼ੰਭੂ ਬਾਰਡਰ 'ਤੇ ਲੱਗੇ ਕਿਸਾਨੀ ਮੋਰਚੇ ਵਿਚ ਹੁੱਲੜਬਾਜ਼ੀ ਕਰਨ ਵਾਲਿਆਂ ਖ਼ਿਲਾਫ਼ ਕਾਰਵਾਈ ਕਰਾਉਣ ਲਈ ਅੱਜ ਕਿਸਾਨੀ ਵਫ਼ਦ ਪਟਿਆਲਾ ਦੇ ਐੱਸਐੱਸਪੀ ਵਰੁਣ ਸ਼ਰਮਾ ਨੂੰ ਮਿਲਿਆ। ਐੱਸਐੱਸਪੀ ਨੇ ਜਾਂਚ ਕਰਕੇ ਮੁਲਜ਼ਮਾਂ ਖ਼ਿਲਾਫ਼ ਕਾਰਵਾਈ ਕਰਨ ਦਾ ਭਰੋਸਾ ਦਿੱਤਾ ਹੈ। ਅੱਜ ਕਿਸਾਨਾਂ ਦਾ ਵਫ਼ਦ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੇ ਜਨਰਲ ਸਕੱਤਰ ਕਾਕਾ ਸਿੰਘ ਕੋਟੜਾ, ਮਨਜੀਤ ਸਿੰਘ ਰਾਏ, ਜਸਬੀਰ ਸਿੰਘ ਸਿੱਧੂਪੁਰ, ਬਲਵੰਤ ਸਿੰਘ ਬ੍ਰਹਮਕੇ ਦੀ ਅਗਵਾਈ ਹੇਠ ਪਟਿਆਲਾ ਦੇ ਐੱਸਐੱਸਪੀ ਨੂੰ ?ਮਿਲਿਆ।

ਮਗਰੋਂ ਕਿਸਾਨ ਆਗੂਆਂ ਨੇ ਦੱਸਿਆ ਕਿ ਕੱਲ੍ਹ ਭਾਰਤੀ ਜਨਤਾ ਪਾਰਟੀ ਤੇ ਆਮ ਆਦਮੀ ਪਾਰਟੀ ਦੇ ਕਾਰਕੁਨਾਂ ਨੇ ਸ਼ੰਭੂ ਬਾਰਡਰ 'ਤੇ ਚੱਲ ਰਹੇ ਕਿਸਾਨੀ ਸੰਘਰਸ਼ ਵਿਚ ਹੁੱਲੜਬਾਜ਼ੀ ਕੀਤੀ ਤੇ ਧਮਕੀਆਂ ਦਿੱਤੀਆਂ। ਇਹ ਘਟਨਾ ਉਂਜ ਹੀ ਅਚਾਨਕ ਨਹੀਂ ਵਾਪਰੀ ਸਗੋਂ ਇਹ ਘਟਨਾ ਇਕ ਸੋਚੀ ਸਮਝੀ ਸਾਜ਼ਿਸ਼ ਤਹਿਤ ਵਾਪਰੀ ਹੈ। ਉਹ ਲੋਕ ਜ਼ਬਰਦਸਤੀ ਹੁੱਲੜਬਾਜ਼ੀ ਕਰਕੇ ਕਿਸਾਨੀ ਸੰਘਰਸ਼ ਨੂੰ ਤਾਰਪੀਡੋ ਕਰਨ ਦੇ ਇਰਾਦੇ ਨਾਲ ਆਏ ਸਨ ਪਰ ਕਿਸਾਨਾਂ ਨੇ ਸੰਜਮ ਵਰਤਦਿਆਂ ?ਆਂ ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਵਾਪਰਨ ਹੀ ਨਹੀਂ ਦਿੱਤਾ। ਜਿਵੇਂ ਉਨ੍ਹਾਂ ਦੇ ਇਰਾਦੇ ਸਨ ਉਵੇਂ ਲੱਗਦਾ ਹੈ ਕਿ ਉਹ ਮੁੜ ਫੇਰ ਆਪਣੀ ਤਿਆਰੀ ਕਰਕੇ ਆਉਣਗੇ। ਇਸ ਕਰਕੇ ਅਸੀਂ ਅੱਜ ਐੱਸਐੱਸਪੀ ਨੂੰ ਮਿਲ ਕੇ ਮੰਗ ਪੱਤਰ ਦੇ ਕੇ ਆਏ ਹਾਂ। ਉਨ੍ਹਾਂ ਕਿਹਾ ਕਿ ਮੁਲਜ਼ਮਾਂ ਦੀ ਪਛਾਣ ਕਰਕੇ ਉਨ੍ਹਾਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇ। ਜਸਬੀਰ ਸਿੰਘ ਸਿੱਧੂਪੁਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਅੰਦਰਗਤੀ ਭਾਜਪਾ ਨਾਲ ਮਿਲ ਕੇ ਕਿਸਾਨਾਂ ਨਾਲ ਦੁਸ਼ਮਣੀ ਵਾਲਾ ਰਵੱਈਆ ਰੱਖ ਰਹੀ ਹੈ। ਜ਼ਿਕਰਯੋਗ ਹੈ ਕਿ ਕੱਲ੍ਹ ਸ਼ੰਭੂ ਬਾਰਡਰ 'ਤੇ ਲੱਗੇ ਕਿਸਾਨ ਮੋਰਚੇ ਵਿੱਚ ਕੁਝ ਲੋਕਾਂ ਨੇ ਆ ਕੇ ਕਥਿਤ ਹੁੱਲੜਬਾਜ਼ੀ ਕੀਤੀ ਸੀ।

# ਵੜਿੰਗ ਤੇ ਆਸ਼ੂ ਦਰਮਿਆਨ ਦੂਰੀਆਂ ਵਧੀਆਂ

**ਲੁਧਿਆਣਾ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਕਾਂਗਰਸ ਦੇ ਪ੍ਰਧਾਨ ਤੇ ਲੋਕ ਸਭਾ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਕਾਰਜਕਾਰੀ ਪ੍ਰਧਾਨ ਭਾਰਤ ਭੂਸ਼ਨ ਆਸ਼ੂ ਦਰਮਿਆਨ ਦੂਰੀਆਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ। ਰਾਜਾ ਵੜਿੰਗ ਦੇ ਚੋਣ ਜਿੱਤਣ ਤੋਂ ਬਾਅਦ ਹੁਣ ਤੱਕ ਆਸ਼ੂ ਤੇ ਵੜਿੰਗ ਇੱਕ ਵਾਰ ਵੀ ਆਹਮੋ-ਸਾਹਮਣੇ ਨਹੀਂ ਹੋਏ। ਇੱਥੋਂ ਤੱਕ ਕਿ ਆਸ਼ੂ ਨੇ ਫਤਿਹਗੜ੍ਹ ਸਾਹਿਬ ਦੇ ਲੋਕ ਸਭਾ ਮੈਂਬਰ ਡਾ. ਅਮਰ ਸਿੰਘ ਦੇ ਜਿੱਤਣ 'ਤੇ ਤਾਂ ਉਨ੍ਹਾਂ ਨਾਲ ਫੋਟੋ ਖਿਚਵਾ ਕੇ ਫੇਸਬੁੱਕ 'ਤੇ ਪਾਈ ਹੈ ਪਰ ਰਾਜਾ ਵੜਿੰਗ ਬਾਰੇ ਅਜਿਹੀ ਕੋਈ ਪੋਸਟ ਸਾਂਝੀ ਨਹੀਂ ਕੀਤੀ ਹੈ।

ਰਾਜਾ ਵੜਿੰਗ ਵੱਲੋਂ ਅੱਜ ਸਰਕਟ ਹਾਊਸ 'ਚ ਕਾਂਗਰਸੀ ਵਰਕਰਾਂ ਤੇ ਅਹੁਦੇਦਾਰਾਂ ਨਾਲ ਮੀਟਿੰਗ ਕੀਤੀ ਗਈ ਪਰ ਸੂਬਾ ਕਾਂਗਰਸ ਦੇ ਕਾਰਜਕਾਰੀ ਪ੍ਰਧਾਨ ਤੇ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਇਸ ਮੀਟਿੰਗ 'ਚ ਨਹੀਂ ਪੁੱਜੇ। ਪੱਤਰਕਾਰਾਂ ਨੇ ਜਦੋਂ ਵੜਿੰਗ ਤੋਂ ਪੁੱਛਿਆ ਕਿ ਆਸ਼ੂ ਨਹੀਂ ਆਏ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਸਭ ਨੂੰ ਸੁਨੇਹਾ ਭੇਜਿਆ ਸੀ, ਕੁਝ ਆਏ ਤੇ ਕੁਝ ਨਹੀਂ ਆਏ। ਹੋ ਸਕਦਾ ਹੈ ਕਿਸੇ ਨੂੰ ਕੋਈ ਜ਼ਰੂਰੀ ਕੰਮ ਹੋਵੇ। ਵੜਿੰਗ ਨੇ ਕਿਹਾ ਕਿ ਸਾਰਿਆਂ ਨੂੰ ਇੱਕਜੁਟ ਹੋਣ ਦੀ ਲੋੜ ਹੈ। ਜੇ ਸਾਰੇ ਆਗੂ ਵੱਖ-ਵੱਖ ਸੁਰ 'ਚ ਬਿਆਨ ਦੇਣਗੇ ਤਾਂ 2027 ਜਿੱਤਣੀ ਮੁਸ਼ਕਿਲ ਹੈ। ਇਸ ਕਰ ਕੇ ਸਾਰੇ ਕਾਂਗਰਸੀਆਂ ਨੂੰ ਇਕੱਠੇ ਹੋ ਕੇ ਕੰਮ ਕਰਨ ਦੀ ਲੋੜ ਹੈ।

ਵੜਿੰਗ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਇਹ ਬਿਆਨ ਦਿੱਤਾ ਸੀ ਕਿ ਪੰਜਾਬ ਪੁਲੀਸ ਵੀ ਨਸ਼ਾ ਸਪਲਾਈ 'ਚ ਸ਼ਾਮਲ ਹੈ। ਇਸ ਤਰ੍ਹਾਂ ਪੁਲੀਸ ਬਾਰੇ ਬਿਆਨ ਦੇਣਾ ਸਹੀ ਨਹੀਂ ਹੈ। ਪੁਲੀਸ 'ਚ ਹੋ ਸਕਦਾ ਹੈ ਕੁਝ ਲੋਕ ਗਲਤ ਹੋਣ ਪਰ ਪੂਰੀ ਪੁਲੀਸ ਨੂੰ ਗਲਤ ਦੱਸਣਾ ਸਹੀ ਨਹੀਂ ਹੈ। ਅੱਜ ਹਾਲਾਤ ਇਹ ਹਨ ਕਿ ਵੱਡੀ ਗਿਣਤੀ ਪੁਲੀਸ ਮੁਲਾਜ਼ਮ ਜਬਰੀ ਸੇਵਾਮੁਕਤੀ ਲੈਣ ਦੀ ਤਿਆਰੀ 'ਚ ਹਨ। ਇਸ ਕਰ ਕੇ ਪੰਜਾਬ ਸਰਕਾਰ ਨੂੰ ਪੁਲੀਸ ਕਰਮੀਆਂ ਨੂੰ ਗਲੇ ਲਾਉਣ ਦੀ ਲੋੜ ਹੈ। ਜੇ ਪੁਲੀਸ ਦਾ ਮਨੋਬਲ ਡਿੱਗ ਗਿਆ ਤਾਂ ਸੂਬਾ ਸੰਭਾਲਣਾ ਮੁਸ਼ਕਿਲ ਹੋ ਜਾਵੇਗਾ। ਵੜਿੰਗ ਨੇ ਕਿਹਾ ਕਿ ਲੋਕ ਸਭਾ 'ਚ ਮਿਲੀ ਕਰਾਰੀ ਹਾਰ ਤੋਂ ਬਾਅਦ ਆਮ ਆਦਮੀ ਪਾਰਟੀ ਲੋਕਾਂ 'ਤੇ ਗੁੱਸਾ ਕੱਢ ਰਹੀ ਹੈ। ਆਏ ਦਿਨ ਬਿਜਲੀ ਦੇ ਕੱਟ ਲਾਏ ਜਾ ਰਹੇ ਹਨ। ਲੋਕਾਂ ਨੂੰ ਪੀਣ ਵਾਲਾ ਪਾਣੀ ਤੱਕ ਨਹੀਂ ਮਿਲ ਰਿਹਾ।

# ਵਜ਼ੀਰੀਆਂ ਲੈਣ ਵਾਲੇ ਹੀ ਸੁਖਬੀਰ ਨੂੰ ਅੱਖਾਂ ਦਿਖਾ ਰਹੇ ਨੇ: ਬੌਬੀ ਗਰਚਾ




**ਲੁਧਿਆਣਾ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ ਦਾ ਸੰਕਟ ਡੂੰਘਾ ਹੋ ਰਿਹਾ ਹੈ ਅਤੇ ਪਾਰਟੀ ਵਿੱਚ ਬਗਾਵਤੀ ਸੁਰਾਂ ਵਧਦੀਆਂ ਜਾ ਰਹੀਆਂ ਹਨ। ਇਸ ਦੌਰਾਨ ਪਾਰਟੀ ਦੀ ਕਾਰਗੁਜ਼ਾਰੀ ਨੂੰ ਲੈ ਕੇ ਆਲੋਚਨਾ ਕਰਨ ਵਾਲਿਆਂ ਨੂੰ ਪਾਰਟੀ ਦੇ ਬੁਲਾਰੇ ਹਰਜਿੰਦਰ ਸਿੰਘ ਬੌਬੀ ਗਰਚਾ ਨੇ ਸਵਾਲ ਕਰਦਿਆਂ ਕਿਹਾ ਹੈ ਕਿ ਪਾਰਟੀ ਵਿੱਚ ਬਗਾਵਤਾਂ ਤਾਂ ਪਹਿਲਾਂ ਵੀ ਹੁੰਦੀਆਂ ਰਹੀਆਂ ਹਨ ਪਰ ਪਾਰਟੀ ਵਿੱਚ ਰਹਿ ਕੇ ਹੀ ਪਾਰਟੀ ਨੂੰ ਢਾਹ ਲਾਉਣ ਵਾਲੀਆਂ ਕਾਰਵਾਈਆਂ ਨਿੰਦਣਯੋਗ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿਰੋਧੀ ਪਾਰਟੀਆਂ ਦੀਆਂ ਚਾਲਾਂ ਵਿੱਚ ਫਸ ਕੇ ਅਕਾਲੀ ਦਲ ਦੇ ਆਗੂ ਹੀ ਸੁਖਬੀਰ ਬਾਦਲ ਦੀ ਪ੍ਰਧਾਨਗੀ 'ਤੇ ਸਵਾਲ ਚੁੱਕ ਰਹੇ ਹਨ। ਬਾਦਲ ਪਰਿਵਾਰ ਨੇ ਤਾਂ ਆਪਣੇ ਹਲਕੇ ਵਿੱਚੋਂ ਜਿੱਤ ਵੀ ਕਾਇਮ ਰੱਖੀ ਹੈ ਤੇ ਇੱਕ ਪਰਿਵਾਰ ਇੱਕ ਸੀਟ ਦੇ ਸਿਧਾਂਤ 'ਤੇ ਕੰਮ ਕਰਦੇ ਹੋਏ ਆਪਣੀ ਸੀਟ ਵੀ ਛੱਡੀ ਹੈ। ਬਾਦਲ ਪਰਿਵਾਰ ਤੋਂ ਹੀ ਟਿਕਟਾਂ ਅਤੇ ਵਜ਼ੀਰੀਆਂ ਲੈਣ ਵਾਲੇ ਮਨਪ੍ਰੀਤ ਸਿੰਘ ਇਯਾਲੀ, ਚਰਨਜੀਤ ਬਰਾੜ ਅਤੇ ਢੀਂਡਸਾ ਪਰਿਵਾਰ ਪਾਰਟੀ ਨਾਲ ਖੜ੍ਹਨ ਦੀ ਬਜਾਏ ਹੁਣ ਅੱਖਾਂ ਦਿਖਾ ਰਹੇ ਹਨ। ਉਨ੍ਹਾਂ ਕਿਹਾ ਕਿ ਝੂੰਦਾਂ ਕਮੇਟੀ ਦੀਆਂ ਰਿਪੋਰਟਾਂ ਜਨਤਕ ਕਰਨ ਦੀ ਗੱਲ ਕਰਨ ਵਾਲੇ ਇਯਾਲੀ ਦੱਸਣ ਕਿ ਉਸ ਰਿਪੋਰਟ ਵਿੱਚ ਜਿਹੜੇ ਲੀਡਰਾਂ ਨੂੰ ਪਾਰਟੀ ਤੋਂ ਬਾਹਰ ਕਰਨ ਦੀ ਗੱਲ ਕੀਤੀ ਗਈ ਹੈ ਅੱਜ ਉਹ ਉਨ੍ਹਾਂ ਨਾਲ਼ ਹੀ ਮੀਟਿੰਗਾਂ ਕਰਦੇ ਹੋਏ ਕਿਉਂ ਬਗਾਵਤੀ ਰੁਖ਼ ਅਖਤਿਆਰ ਕਰ ਰਹੇ ਹਨ।

# ਨਸ਼ਿਆਂ ਵਿਰੁੱਧ ਪਬਲਿਕ ਲਾਮਬੰਦ ਹੋ ਕੇ ਪੁਲਿਸ ਪ੍ਰਸ਼ਾਸਨ ਨੂੰ ਸਹਿਯੋਗ ਕਰਨ ਲਈ ਅੱਗੇ ਆਏ, ਐਸ ਆਈ ਲਾਡੀ ਪਹੇੜੀ




**ਪਟਿਆਲਾ, 27 ਜੂਨ**
**--ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਜ਼ਿਲ੍ਹੇ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ , ਪਾਵਰ ਹਾਊਸ ਯੂਥ ਕਲੱਬ, ਯੂਵਕ ਸੇਵਾਵਾਂ ਕਲੱਬ ਦੀਪ ਨਗਰ,ਯੂਵਕ ਸੇਵਾਵਾਂ ਪਾਵਰ ਹਾਊਸ ਯੂਥ ਕਲੱਬ ਰਣਜੀਤ ਨਗਰ ਜ਼ੋ ਕਿ ਲੰਮੇ ਸਮੇਂ ਤੋਂ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕਰ ਰਹੀਆਂ ਹਨ ਵਲੋ ਸਿਟੀ 2 ਟ੍ਰੈਫਿਕ,ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਦੇ ਸਹਿਯੋਗ ਨਾਲ ਮਾਨਯੋਗ ਡੀ ਆਈ ਜੀ ਪਟਿਆਲਾ ਰੇਂਜ ਹਰਚਰਨ ਸਿੰਘ ਭੁੱਲਰ ਆਈ ਪੀ ਐਸ,ਐਸ ਐਸ ਪੀ ਪਟਿਆਲਾ ਵਰੁੱਣ ਸ਼ਰਮਾ ਆਈ ਪੀ ਐਸ , ਐਸ ਪੀ ਸਿਟੀ ਮਹੁੰਮਦ ਸਰਫ਼ਰਾਜ਼ ਆਲਮ ਆਈ ਪੀ ਐਸ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅੰਤਰਰਾਸ਼ਟਰੀ ਨਸਾ ਵਿਰੋਧੀ ਦਿਵਸ ਦੇ ਸਬੰਧ ਵਿੱਚ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਅਤੇ ਰੈਲੀ ਦਾ ਆਯੋਜਨ ਦਾ ਭਾਦਸੋਂ ਰੋਡ ਵਿਖੇ ਕੀਤਾ ਗਿਆਂ, ਜਿਸ ਵਿਚ ਮੁੱਖ ਮਹਿਮਾਨ ਐਸ ਆਈ ਭਗਵਾਨ ਸਿੰਘ ਲਾਡੀ ਪਹੇੜੀ ਇੰਚਾਰਜ ਸਿਟੀ ਟ੍ਰੈਫਿਕ ਪਟਿਆਲਾ ਅਤੇ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੂਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਪੁਲਿਸ ਸਾਂਝ ਕਮੇਟੀ, ਮੈਂਬਰ ਜ਼ਿਲ੍ਹਾ ਯੁਵਾ ਸਾਂਝ ਪੁਲਿਸ ਕਮੇਟੀ ਨੇ ਸ਼ਿਰਕਤ ਕੀਤੀ , ਪ੍ਰੋਗਰਾਮ ਦੀ ਪ੍ਰਧਾਨਗੀ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਬਰ ਨਸਾ ਮੁਕਤ ਭਾਰਤ ਅਭਿਆਨ ਨੇ ਕੀਤੀ , ਵਿਸ਼ੇਸ਼ ਤੌਰ ਵਿਨੇ ਸ਼ਰਮਾ ਪ੍ਰਧਾਨ ਸਤਿਆਵਤੀ ਹਿਮਾਂਸ਼ੂ ਸ਼ਰਮਾ ਮੈਮੋਰੀਅਲ ਫਾਊਂਡੇਸ਼ਨ, ਸਟੇਟ ਐਵਾਰਡੀ ਰੁਪਿੰਦਰ ਕੌਰ ਕਲੱਬ ਪ੍ਰਧਾਨ ਯੂਵਕ ਸੇਵਾਵਾਂ ਪਾਵਰ ਹਾਊਸ ਯੂਥ ਕਲੱਬ ਰਣਜੀਤ ਨਗਰ,ਰੁਦਰਪ੍ਰਤਾਪ ਸਿੰਘ ਕਲੱਬ ਪ੍ਰਧਾਨ ਯੂਵਕ ਸੇਵਾਵਾਂ ਕਲੱਬ ਦੀਪ ਨਗਰ, ਉਪਕਾਰ ਸਿੰਘ ਪ੍ਰਧਾਨ ਗਿਆਨ ਜੋਤੀ ਐਜੂਕੇਸ਼ਨ ਸੁਸਾਇਟੀ,ਯੂਥ ਆਗੂ ਪ੍ਰਭਜੋਤ ਸਿੰਘ ਗਿੱਲ ਜੋਤ ਪਹੇੜੀ,ਲੱਕੀ ਹਰਦਾਸਪੁਰ,ਸਾਹਿਬਜੀਤ ਸਿੰਘ,ਗੁਰਮਨਜੋਤ ਕੋਰ, ਗੁਰਕੀਰਤ ਸਿੰਘ, ਨੇ ਸ਼ਿਰਕਤ ਕੀਤੀ।

# ਲੱਖਾ ਸਿਧਾਣਾ ਖ਼ਿਲਾ.ਫ ਸੜਕਾਂ 'ਤੇ ਉਤਰੀਆਂ ਜਥੇਬੰਦੀਆਂ



**ਜੈਤੋ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਕ ਨਿੱਜੀ ਟੀਵੀ ਚੈਨਲ ਦੇ ਸੰਚਾਲਕ ਨੂੰ ਲੱਖਾ ਸਿਧਾਣਾ ਵੱਲੋਂ ਕਥਿਤ ਫ਼ੋਨ ਜ਼ਰੀਏ ਧਮਕਾਉਣ ਖ਼ਿਲਾਫ਼ ਕਈ ਜਥੇਬੰਦੀਆਂ ਵੱਲੋਂ ਅੱਜ ਇੱਥੇ ਰੋਸ ਪ੍ਰਦਰਸ਼ਨ ਕੀਤਾ ਗਿਆ। ਵਿਖਾਵਾਕਾਰੀਆਂ ਨੇ ਰੋਸ ਮਾਰਚ ਕੀਤਾ ਅਤੇ ਲੱਖਾ ਸਿਧਾਣਾ ਦਾ ਪੁਤਲਾ ਸਾੜਿਆ। ਪ੍ਰਦਰਸ਼ਨ ਵਿੱਚ ਸ਼ਾਮਲ ਜਥੇਬੰਦੀਆਂ ਦੇ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਜੈਤੋ ਵਾਸੀ ਮਨਿੰਦਰਜੀਤ ਸਿੱਧੂ 'ਲੋਕ ਆਵਾਜ਼' ਟੀਵੀ ਚੈਨਲ ਚਲਾਉਂਦਾ ਹੈ। ਉਨ੍ਹਾਂ ਕਿਹਾ ਕਿ ਚੈਨਲ ਦੇ ਇੱਕ ਪੱਤਰਕਾਰ ਨੇ ਪਿਛਲੇ ਦਿਨੀਂ ਜੇਲ੍ਹ ਤੋਂ ਬਾਹਰ ਆਏ ਵਿਸ਼ਵਦੀਪ ਫ਼ਾਜ਼ਿਲਕਾ ਦੀ ਕਥਿਤ ਇੰਟਰਵਿਊ ਕੀਤੀ ਸੀ, ਜਿਸ ਵਿੱਚ ਵਿਸ਼ਵਦੀਪ ਨੇ ਗਿਲਾ ਕੀਤਾ ਸੀ ਕਿ 'ਜੇ ਲੱਖਾ ਸਿਧਾਣਾ ਸੱਚੇ ਮਨੋਂ ਉਸ ਦੀ ਮਦਦ ਕਰਦਾ ਤਾਂ, ਉਸ ਦਾ ਬਚਾਅ ਹੋ ਸਕਦਾ ਸੀ।' ਬੁਲਾਰਿਆਂ ਨੇ ਕਿਹਾ ਕਿ ਇਸ ਇੰਟਰਵਿਊ ਵਿਚਲੇ ਕੁੱਝ ਪੱਖਾਂ ਨੂੰ ਲੈ ਕੇ ਲੱਖਾ ਸਿਧਾਣਾ ਚੈਨਲ ਸੰਚਾਲਕ 'ਤੇ ਖ਼ਫ਼ਾ ਹੋ ਗਿਆ ਅਤੇ ਉਸ ਨੇ 'ਆਰ ਐਮ ਬੀ' ਟੈਲੀਵਿਜ਼ਨ ਚੈਨਲ ਦੇ ਸੰਚਾਲਕ ਜੱਸ ਗਰੇਵਾਲ ਰਾਹੀਂ ਫ਼ੋਨ 'ਤੇ ਕਥਿਤ ਧਮਕੀ ਦਿੱਤੀ ਕਿ ਮਨਿੰਦਰਜੀਤ ਸਿੱਧੂ ਨਾਲ ਉਹ ਰਤਨ ਧਾਲੀਵਾਲ ਤੋਂ ਵੀ ਮਾੜੀ ਕਰੇਗਾ। ਆਗੂਆਂ ਨੇ ਕਿਹਾ ਕਿ ਇਸ ਤੋਂ ਪਹਿਲਾਂ ਵੀ ਚੈਨਲ ਦੇ ਇੱਕ ਪੱਤਰਕਾਰ ਰਤਨ ਧਾਲੀਵਾਲ ਨਾਲ ਵੀ ਲੱਖਾ ਸਿਧਾਣਾ ਦਾ ਵਿਵਾਦ ਸਾਹਮਣੇ ਆ ਚੁੱਕਿਆ ਹੈ।

ਬੁਲਾਰਿਆਂ ਨੇ ਸਰਕਾਰ ਤੋਂ ਲੱਖਾ ਸਿਧਾਣਾ ਖ਼ਿਲਾਫ਼ ਬਣਦੀ ਕਾਨੂੰਨੀ ਕਾਰਵਾਈ ਕੀਤੇ ਜਾਣ ਦੀ ਮੰਗ ਕੀਤੀ। ਉਨ੍ਹਾਂ ਚਿਤਾਵਨੀ ਦਿੱਤੀ ਜੇ ਕਾਰਵਾਈ ਅਮਲ ਵਿੱਚ ਨਾ ਲਿਆਂਦੀ ਗਈ ਤਾਂ ਉਹ ਸੰਘਰਸ਼ ਤੇਜ਼ ਕਰਨਗੇ।

ਇਸ ਮੌਕੇ ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਬਿੱਟੂ ਮੱਲਣ, ਲੋਕ ਸੰਘਰਸ਼ ਹਜੂਮ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਗੁਰਜੀਤ ਸਿੰਘ ਅਜਿੱਤਗਿੱਲ, ਸੂਬਾਈ ਆਗੂ ਸਰਬਜੀਤ ਸਿੰਘ ਅਜਿੱਤਗਿੱਲ, ਪੇਂਡੂ ਕਿਸਾਨ-ਮਜ਼ਦੂਰ ਯੂਨੀਅਨ (ਯੂਥ ਵਿੰਗ) ਦੇ ਸੂਬਾ ਪ੍ਰਧਾਨ ਅੰਗਰੇਜ਼ ਸਿੰਘ (ਗੋਰਾ ਮੱਤਾ), ਆਮ ਆਦਮੀ ਪਾਰਟੀ ਦੇ ਆਗੂ ਰੌਸ਼ਨ ਲਾਲ ਸ਼ਰਮਾ, ਦੇ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਜੈਤੋ ਵਾਸੀ ਮਨਿੰਦਰਜੀਤ ਸਿੱਧੂ 'ਲੋਕ ਆਵਾਜ਼' ਟੀਵੀ ਚੈਨਲ ਚਲਾਉਂਦਾ ਹੈ। ਉਨ੍ਹਾਂ ਕਿਹਾ ਕਿ ਚੈਨਲ ਦੇ ਇੱਕ ਪੱਤਰਕਾਰ ਨੇ ਪਿਛਲੇ ਦਿਨੀਂ ਜੇਲ੍ਹ ਤੋਂ ਬਾਹਰ ਆਏ ਵਿਸ਼ਵਦੀਪ ਫ਼ਾਜ਼ਿਲਕਾ ਦੀ ਕਥਿਤ ਇੰਟਰਵਿਊ ਕੀਤੀ ਸੀ, ਜਿਸ ਵਿੱਚ ਵਿਸ਼ਵਦੀਪ ਨੇ ਗਿਲਾ ਕੀਤਾ ਸੀ ਕਿ 'ਜੇ ਲੱਖਾ ਸਿਧਾਣਾ ਸੱਚੇ ਮਨੋਂ ਉਸ ਦੀ ਮਦਦ ਕਰਦਾ ਤਾਂ, ਉਸ ਦਾ ਬਚਾਅ ਹੋ ਸਕਦਾ ਸੀ।' ਬੁਲਾਰਿਆਂ ਨੇ ਕਿਹਾ ਕਿ ਇਸ ਇੰਟਰਵਿਊ ਵਿਚਲੇ ਕੁੱਝ ਪੱਖਾਂ ਨੂੰ ਲੈ ਕੇ ਲੱਖਾ ਸਿਧਾਣਾ ਬੀਕੇਯੂ (ਡਕੌਂਦਾ) ਦੇ ਜ਼ਿਲ੍ਹਾ ਖ਼ਜ਼ਾਨਚੀ ਸੁਖਦੇਵ ਸਿੰਘ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਪਰਮਜੀਤ ਸਿੰਘ ਮੌਜੂਦ ਸਨ।

# ਬੀਬੀ ਜਗੀਰ ਕੌਰ ਵੱਲੋਂ ਪਾਰਟੀ ਉਮੀਦਵਾਰ ਦੇ ਹੱਕ ਵਿੱਚ ਪ੍ਰਚਾਰ



**ਜਲੰਧਰ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਦੀ ਉਪ ਚੋਣ ਲਈ ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਬੀਬੀ ਸੁਰਜੀਤ ਕੌਰ ਦੇ ਹੱਕ ਵਿੱਚ ਚੋਣ ਪ੍ਰਚਾਰ ਕਰਦਿਆਂ ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਿਹਾ ਕਿ ਪਾਰਟੀ ਨਸ਼ਿਆਂ ਦੇ ਇੱਕੋ ਇੱਕ ਏਜੰਡੇ ਨੂੰ ਮੁੱਖ ਰੱਖ ਕੇ ਚੋਣ ਲੜੇਗੀ। ਅਬਾਦਪੁਰ, ਭਾਰਗੋਂ ਕੈਂਪ ਤੇ ਹੋਰ ਨਾਲ ਲੱਗਦੇ ਖੇਤਰਾਂ ਵਿੱਚ ਮੁਹੱਲਾ ਮੀਟਿੰਗਾਂ ਕਰਨ ਤੋਂ ਬਾਅਦ ਲੋਕਾਂ ਨੂੰ ਮੁਖਾਤਿਬ ਹੁੰਦਿਆਂ ਕਿਹਾ ਕਿ ਨਸ਼ਾ ਇਸ ਹਲਕੇ ਦੇ ਲੋਕਾਂ ਨੂੰ ਮਾਨਸਿਕ ਤੌਰ 'ਤੇ ਗੁਲਾਮ ਬਣਾ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਜਲੰਧਰ ਪੱਛਮੀ ਹਲਕੇ ਵਿੱਚ ਕੁਝ ਲੋਕਾਂ ਨੇ ਦੱਸਿਆ ਕਿ 10 ਤੋਂ 12 ਸਾਲ ਦੇ ਬੱਚੇ ਵੀ ਨਸ਼ਿਆਂ ਦੇ ਆਦੀ ਹੋ ਰਹੇ ਹਨ ਤੇ ਇਹ ਵਰਤਾਰਾ ਤੇਜ਼ੀ ਨਾਲ ਫੈਲ ਰਿਹਾ ਹੈ। ਬੀਬੀ ਜਗੀਰ ਕੌਰ ਨੇ ਕਿਹਾ ਕਿ ਪੰਜਾਬ ਵਿੱਚ ਨਸ਼ਿਆਂ ਦੀ ਗੱਲ ਹੁੰਦੀ ਰਹਿੰਦੀ ਹੈ ਪਰ ਜੋ ਹਾਲਾਤ ਉਨ੍ਹਾਂ ਨੇ ਜਲੰਧਰ ਪੱਛਮੀ ਹਲਕੇ ਵਿੱਚ ਆ ਕੇ ਦੇਖੇ ਹਨ ਉਨ੍ਹਾਂ ਦੀ ਰੂਹ ਕੰਬ ਗਈ ਹੈ। ਉਨ੍ਹਾਂ ਸਵਾਲ ਕੀਤਾ ਕਿ ਇਸ ਹਲਕੇ ਵਿੱਚ ਨਸ਼ਾ ਰਾਜਨੀਤਿਕ ਲੀਡਰਾਂ ਦੀ ਸਰਪ੍ਰਸਤੀ ਅਤੇ ਪੁਲੀਸ ਦੀ ਸ਼ਹਿ ਤੋਂ ਬਗੈਰ ਵਿਕ ਹੀ ਨਹੀਂ ਸਕਦਾ। ਬੀਬੀ ਜਗੀਰ ਕੌਰ ਨੇ ਨੁਕੜ ਚੋਣ ਮੀਟਿੰਗ ਵਿੱਚ ਹਾਜ਼ਰ ਲੋਕਾਂ ਨੂੰ ਪ੍ਰਣ ਦੁਆਇਆ ਕਿ ਉਹ ਚੋਣਾਂ ਤੋਂ ਬਾਅਦ ਵੀ ਨਸ਼ਿਆਂ ਵਿਰੁੱਧ ਜੰਗ ਜਾਰੀ ਰੱਖਣਗੇ। ਬੀਬੀ ਜਗੀਰ ਕੌਰ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸਵਾਲ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਹੁੰਦਿਆਂ ਕਿਹਾ ਕਿ ਨਸ਼ਾ ਇਸ ਹਲਕੇ ਦੇ ਲੋਕਾਂ ਨੂੰ ਮਾਨਸਿਕ ਤੌਰ 'ਤੇ ਗੁਲਾਮ ਬਣਾ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਜਲੰਧਰ ਪੱਛਮੀ ਹਲਕੇ ਵਿੱਚ ਕੁਝ ਲੋਕਾਂ ਨੇ ਦੱਸਿਆ ਕਿ 10 ਤੋਂ 12 ਸਾਲ ਦੇ ਬੱਚੇ ਵੀ ਨਸ਼ਿਆਂ ਦੇ ਆਦੀ ਹੋ ਰਹੇ ਹਨ ਤੇ ਇਹ ਵਰਤਾਰਾ ਤੇਜ਼ੀ ਚੋਣ ਪ੍ਰਚਾਰ ਦੌਰਾਨ ਜਲੰਧਰ ਰਹਿਣਾ ਹੈ ਕੀ ਉਹ ਏਨਾ ਜਿਗਰਾ ਰੱਖਦੇ ਹਨ ਕਿ ਜਲੰਧਰ ਪੱਛਮੀ ਹਲਕੇ ਵਿੱਚ ਨਸ਼ਾ ਵਿਕਾਉਣ ਵਾਲੇ ਆਗੂਆਂ ਦਾ ਨਾਂਅ ਜਨਤਕ ਕਰ ਸਕਣ।

# ਤੁਹਾਡੀ ਰਸੋਈ



## ਹਰੀ ਮਿਰਚ ਦਾ ਮਾਰਵਾੜੀ ਅਚਾਰ

ਜ਼ਿਆਦਾਤਰ ਲੋਕਾਂ ਨੂੰ ਭੋਜਨ ਨਾਲ ਅਚਾਰ ਖਾਣਾ ਕਾਫ਼ੀ ਪਸੰਦ ਹੁੰਦਾ ਹੈ। ਇਸ ਨਾਲ ਭੋਜਨ ਦਾ ਸੁਆਦ ਹੋਰ ਵੀ ਵੱਧ ਜਾਂਦਾ ਹੈ ਜੇ ਤੁਸੀਂ ਵੀ ਅਚਾਰ ਦੇ ਸ਼ੌਕੀਨ ਹੋ ਤਾਂ ਅੱਜ ਅਸੀ ਤੁਹਾਨੂੰ ਘਰ 'ਚ ਹੀ ਹਰੀ ਮਿਰਚ ਦਾ ਮਾਰਵਾੜੀ ਅਚਾਰ ਬਣਾਉਣ ਬਾਰੇ ਦੱਸਣ ਜਾ ਰਹੇ ਹਾਂ। ਇਸ ਨੂੰ ਬਣਾਉਣਾ ਬਹੁਤ ਹੀ ਆਸਾਨ ਹੈ। ਰਾਜਸਥਾਨ ਦਾ ਦਾਲ ਬਾਟੀ ਚੂਰਮਾ ਤਾਂ ਤੁਸੀਂ ਖੂਬ ਖਾਂਦੇ ਹੋਵੋਗੇ, ਮੂੰਗ ਦਾਲ ਦਾ ਪਰੌਂਠਾ ਵੀ ਜ਼ਰੂਰ ਪਸੰਦ ਹੋਵੇਗਾ ਫ਼ਿਰ ਇਸ ਦੇ ਨਾਲ ਇਹ ਮਾਰਵਾੜੀ ਅਚਾਰ ਇਸ ਦਾ ਸੁਆਦ ਹੋਰ ਵੀ ਦੁਗਣਾ ਕਰ ਦੇਵੇਗਾ। ਆਓ ਦੇਖਦੇ ਹਾਂ ਇਸ ਨੂੰ ਬਣਾਉਣ ਦੀ ਵਿਧੀ ਬਾਰੇ

ਸਮੱਗਰੀ
- 250 ਗ੍ਰਾਮ ਹਰੀ ਮਿਰਚ
- ਅੱਧਾ ਛੋਟਾ ਚਮਚ ਹਲਦੀ ਪਾਊਡਰ
- 2 ਛੋਟੇ ਚਮਚ ਧਨਿਆ ਪਾਊਡਰ
- 2 ਛੋਟੇ ਚਮਚ ਸੌਂਫ਼ ਪਾਊਡਰ
- 2 ਚੁਟਕੀ ਹਿੰਗ
- ਅੱਧਾ ਛੋਟਾ ਚਮਚ ਜੀਰਾ
- ਅੱਧਾ ਛੋਟਾ ਚਮਚ ਰਾਈ
- ਅੱਧਾ ਛੋਟਾ ਚਮਚ ਅੰਬਚੂਰ ਪਾਊਡਰ
- 4 ਵੱਡੇ ਚਮਚ ਸਰੋਂ ਦਾ ਤੇਲ
- ਨਮਕ ਸੁਆਦ ਮੁਤਾਬਕ
- ਕਾਲਾ ਨਮਕ ਸੁਆਦ ਮੁਤਾਬਕ

ਬਣਾਉਣ ਦੀ ਵਿਧੀ ਬਾਰੇ
- ਸਭ ਤੋਂ ਪਹਿਲਾਂ ਹਰੀ ਮਿਰਚ ਨੂੰ ਧੋ ਕੇ ਸਾਫ਼ ਕਰ ਲਓ।
- ਫ਼ਿਰ ਇਸ 'ਚ ਚੀਰਾ ਲਗਾ ਲਓ।
- ਫ਼ਿਰ ਘੱਟ ਗੈਸ 'ਤੇ ਇੱਕ ਕੜਾਈ 'ਚ ਤੇਲ ਗਰਮ ਕਰੋ। ਜਦੋਂ ਤੇਲ ਗਰਮ ਹੋ ਜਾਵੇ ਤਾਂ ਇਸ 'ਚ ਜੀਰਾ ਅਤੇ ਰਾਈ ਪਾਓ। ਇਸ ਨੂੰ 2 ਮਿੰਟ ਤੱਕ ਭੁਣੋਂ।
- ਫ਼ਿਰ ਇਸ 'ਚ ਸੌਂਫ਼ ਅੰਬਚੂਰ ,ਧਨਿਆ,ਕਾਲਾ ਨਮਕ ਅਤੇ ਸਾਦਾ ਨਮਕ ਪਾ ਕੇ ਸਾਰੇ ਮਸਾਲੇ ਚੰਗੀ ਤਰ੍ਹਾਂ ਮਿਕਸ ਕਰ ਲਓ।
- ਇਨ੍ਹਾਂ ਮਸਾਲਿਆਂ ਨੂੰ 3 ਮਿੰਟ ਤੱਕ ਪਕਾਓ। ਫ਼ਿਰ ਇਸ 'ਚ ਮਿਰਚ ਪਰਾ ਕੇ ਚੰਗੀ ਤਰ੍ਹਾਂ ਮਿਕਸ ਕਰ ਲਓ।
- ਹੁਣ ਕੜਾਈ ਨੂੰ ਢੱਕ ਕੇ ਘੱਟ ਗੈਸ 'ਤੇ ਮਿਰਚ ਨੂੰ ਪਕਾਓ।
- ਫ਼ਿਰ ਢੱਕਣ ਖੋਲ ਕੇ ਤੇਜ ਗੈਸ 'ਚ ਮਿਰਚ ਦਾ ਪਾਣੀ ਸੁੱਕਣ ਤੱਕ ਪਕਾਓ।



- ਜਦੋਂ ਪਾਣੀ ਸੁੱਕ ਜਾਵੇ ਤਾਂ ਠੰਡਾ ਹੋਣ ਤੇ ਅਚਾਰ ਨੂੰ ਕਿਸੇ ਬਰਨੀ ਜਾਂ ਕੱਚ ਦੇ ਬਰਤਨ 'ਚ ਭਰ ਕੇ ਰੱਖੋ।
- ਰੋਟੀ ਜਾਂ ਪਰੌਂਠੇ ਦੇ ਨਾਲ ਜਦੋਂ ਦਿਲ ਕਰੇ ਅਚਾਰ ਦਾ ਸੁਆਦ ਲਓ।

## ਕਾਜੂ-ਪਿਸਤਾ ਰੋਲ

ਮਿਠਾਈਆਂ ਖਾਣਾ ਕਾਫ਼ੀ ਲੋਕਾਂ ਨੂੰ ਪਸੰਦ ਹੁੰਦਾ ਹੈ। ਅਤੇ ਇਸ ਲਈ ਲੋਕ ਨਵੇਂ-ਨਵੇਂ ਤਰੀਕੇ ਦੀਆਂ ਮਿਠਾਈਆਂ ਬਣਾਉਣੀਆਂ ਸਿਖਦੇ ਹੀ ਰਹਿੰਦੇ ਹਨ। ਜੇ ਤੁਸੀਂ ਵੀ



ਮਿਠਾਈ ਖਾਣ ਦੇ ਸ਼ੋਕੀਨ ਹੋ ਤਾਂ ਜ਼ਰੂਰ ਬਣਾਓ ਇਹ ਸਪੈਸ਼ਲ ਕਾਜੂ ਪਿਸਤਾ ਰੋਲ। ਆਓ ਦੇਖਦੇ ਹਾਂ ਇਸ ਨੂੰ ਬਣਾਉਣ ਦੀ ਵਿਧੀ ਬਾਰੇ

ਸਮੱਗਰੀ
- 1 ਕੱਪ ਕਾਜੂ
- ਇੱਕ ਤਿਆਈ ਕੱਪ ਚੀਨੀ
- 3 ਛੋਟੇ ਚਮਚ ਘਿਓ
- ਪਾਣੀ ਜ਼ਰੂਰਤ ਮੁਤਾਬਕ
- 1 ਛੋਟਾ ਕੱਪ ਪਿਸਤਾ
- 1 ਛੋਟਾ ਕੱਪ ਬਾਦਾਮ
- 2 ਵੱਡੇ ਚਮਚ ਚੀਨੀ
- 2 ਵੱਡੇ ਚਮਚ ਦੁੱਧ
- ਇੱਕ ਛੋਟਾ ਚਮਚ ਅਲੀਇਚੀ ਪਾਊਡਰ
- ਇੱਕ ਚੁਟਕੀ ਫ਼ੂਡ ਕਲਰ(ਹਰਾ)

ਬਣਾਉਣ ਦੀ ਵਿਧੀ
- ਸਭ ਤੋਂ ਪਹਿਲਾਂ ਮਿਕਸਰ ਜਾਰ 'ਚ ਕਾਜੂ ਨੂੰ ਸੁੱਕਾ ਪੀਸ ਲਓ।
- ਕਾਜੂ ਪੀਸਨ ਤੋਂ ਬਾਅਦ ਮਿਕਸਰ ਜਾਰ 'ਚ ਪਿਸਤੇ ਅਤੇ ਬਾਦਾਮ ਨੂੰ ਵੀ ਪੀਸ ਲਓ ਅਤੇ ਪਾਊਡਰ ਤਿਆਰ ਕਰ ਲਓ।
- ਹੁਣ ਪਿਸਤਾ ਬਾਦਾਮ ਪਾਊਡਰ 'ਚ ਕੱਟੇ ਹੋਏ ਪਿਸਤੇ, ਚੀਨੀ,ਅਲਾਇਚੀ ਪਾਊਡਰ,ਦੁੱਧ ਅਤੇ ਫ਼ੂਡ ਕਲਰ ਪਾ ਕੇ ਚੰਗੀ ਤਰ੍ਹਾਂ ਮਿਕਸ ਕਰ ਕੇ ਸਟਫ਼ਿੰਗ ਤਿਆਰ ਕਰ ਲਓ।
- ਰੋਲਸ ਬਣਾਉਣ ਲਈ ਸਭ ਤੋਂ ਪਹਿਲਾਂ ਘੱਟ ਗੈਸ 'ਤੇ ਇੱਕ ਕੜਾਈ 'ਚ ਪਾਣੀ ਅਤੇ ਚੀਨੀ ਮਿਲਾਓ।
- ਜਿਵੇਂ ਹੀ ਪਾਣੀ 'ਚ ਚੀਨੀ ਘੁੱਲ ਜਾਵੇ ਤਾਂ ਗੈਸ ਘੱਟ ਕਰ ਦਿਓ ਅਤੇ ਕਾਜੂ ਪਾਊਡਰ ਅਤੇ ਘਿਓ ਮਿਲਾਕੇ ਚੰਗੀ ਤਰ੍ਹਾਂ ਗਾੜਾ ਹੋਣ ਤੱਕ ਪਕਾਓ।
- ਕਾਜੂ ਦੇ ਮਿਸ਼ਰਣ ਨੂੰ ਠੰਡਾ ਹੋਣ ਲਈ ਕਿਸੇ ਬਰਤਨ 'ਚ ਰੱਖੋ। ਇਸ ਗੱਲ ਦਾ ਧਿਆਨ ਰੱਖਣਾ ਹੈ ਕਿ ਮਿਸ਼ਰਣ ਇਨ੍ਹਾਂ ਗਾੜਾ ਹੋ ਜਾਵੇ ਕਿ ਇਸ ਨੂੰ ਵੇਲਿਆ ਜਾ ਸਕੇ।
- ਹੁਣ ਕਾਜੂ ਮਿਸ਼ਰਣ ਦੇ ਪੇੜੇ ਕਰ ਲਓ ਅਤੇ ਘਿਓ ਲਾ ਕੇ ਚਕਲੇ 'ਤੇ ਫ਼ੈਲਾ ਦਿਓ।
- ਹੁਣ ਪੇੜੇ ਨੂੰ ਹਲਕੇ ਹੱਥ ਨਾਲ ਫ਼ੈਲਾ ਕੇ ਗੋਲ ਅਕਾਰ ਦਿਓ। ਫ਼ਿਰ ਵੇਲਣ ਨਾਲ ਵੇਲ ਕੇ ਚਾਰੇ ਪਾਸੇ ਤੋਂ ਬਰਾਬਰ ਕਰ ਲਓ।
- ਹੁਣ ਇਸ 'ਤੇ ਸਟਫ਼ਿੰਗ ਰੱਖ ਕੇ ਰੋਲ ਕਰ ਦਿਓ।
- ਤਿਆਰ ਰੋਲ ਨੂੰ ਫ਼ਰਿੱਜ 'ਚ ਰੱਖੋ।
- ਜਦੋਂ ਇਹ ਪੂਰੀ ਤਰ੍ਹਾਂ ਤਿਆਰ ਹੋ ਜਾਵੇ ਤਾਂ ਇਸ ਨੂੰ ਛੋਟੇ-ਛੋਟੇ ਟੁੱਕੜਿਆਂ 'ਚ ਕੱਟ ਲਓ।

## ਮਿਲਕ ਕੇਕ

ਸਮੱਗਰੀ
- 3 ਲੀਟਰ ਦੁੱਧ
- ਦੋ ਚਮਚ ਨਿੰਬੂ ਦਾ ਰਸ
- ਇੱਕ ਚਮਚ ਹਰੀ ਇਲਾਇਚੀ
- ਇੱਕ ਚਮਚ ਦੇਸੀ ਘਿਓ
- 250 ਗ੍ਰਾਮ ਚੀਨੀ
- ਤੇਲ
- ਬਾਦਾਮ (ਕੱਟੇ ਹੋਏ)

ਵਿਧੀ
1. ਗੈਸ 'ਤੇ ਇੱਕ ਭਾਰੀ ਕੜਾਹੀ 'ਚ ਦੁੱਧ ਨੂੰ ਉਬਾਲੋ। ਫ਼ਿਰ ਇਸ 'ਚ ਦੋ ਚਮਚ ਨਿੰਬੂ ਦਾ ਰਸ ਪਾਓ ਅਤੇ ਉਦੋਂ ਤੱਕ ਹਿਲਾਓ ਜਦੋਂ ਤੱਕ ਦੁੱਧ ਫ਼ੱਟਣਾ ਨਾ ਸ਼ੁਰੂ ਹੋ ਜਾਵੇ।
2. ਫ਼ਿਰ ਇਸ 'ਚ ਇੱਕ ਚਮਚ ਹਰੀ ਇਲਾਇਚੀ, ਇੱਕ ਚਮਚ ਦੇਸੀ ਘਿਓ ਅਤੇ 250 ਗ੍ਰਾਮ ਚੀਨੀ ਪਾ ਕੇ ਚੰਗੀ ਤਰ੍ਹਾਂ ਮਿਕਸ ਕਰ ਕੇ ਪਕਾਓ। ਇਸ ਮਿਸ਼ਰਣ ਨੂੰ ਉਦੋਂ ਤੱਕ ਪਕਾਓ ਜਦੋਂ ਤੱਕ ਇਹ ਕੜਾਹੀ ਦੇ ਕਿਨਾਰਿਆਂ ਨੂੰ ਛੱਡਣ ਨਾ ਲੱਗੇ।
3. ਹੁਣ ਇਸ ਸਾਰੇ ਮਿਸ਼ਰਣ ਨੂੰ ਤੇਲ ਲਗਾਈ ਟ੍ਰੇ 'ਚ ਕੱਢ ਲਓ ਅਤੇ ਬਾਦਾਮ ਨਾਲ ਇਸ ਨਾਲ ਸਜਾਓ।
4. ਪੂਰੀ ਰਾਤ ਇਸ ਨੂੰ ਢੱਕ ਕੇ ਰੱਖੋ।
5. ਸਵੇਰੇ ਇਸ ਨੂੰ ਮਨ ਪਸੰਦ ਆਕਾਰ 'ਚ ਕੱਟ ਕੇ ਸਰਵ ਕਰੋ।

## ਆਤਮ ਹੱਤਿਆ

ਹਰ-ਰੋਜ਼ ਦੀ ਤਰਾਂ ਹੀ ਆਮ ਰਾਤ ਸੀ ਪਰ ਮੱਘਰ ਸਿੰਘ ਫਿਕਰਾਂ ਚ ਗੁਆਚਾ ਹੋਇਆ ਸੀ ਉਸੀ ਦੀ ਪਤਨੀ ਜੀਤੋ ਘੂਕ ਸੁੱਤੀ ਸੀ,16 ਕੁ ਸਾਲ ਦੀ ਧੀ ਗੀਤ ਅਤੇ 13 ਕੁ ਸਾਲ ਦਾ ਉਸਦਾ ਪੁੱਤ ਸਿੰਦਾ ਵੀ ਨਾਲ ਦੇ ਕਮਰੇ 'ਚ ਸੁੱਤੇ ਪਏ ਸੀ ,ਮੱਘਰ ਨੇ ਸੋਚਦੇ -ਸੋਚਦੇ ਨੇ ਮਨ ਹੀ ਮਨ ਆਪਣੇ ਆਪ ਨੂੰ ਮਾਰਨ ਲਈ ਪੱਕਾ ਕਰ ਲਿਆ , ਉੱਠ ਕੇ ਤੂੜੀ ਵਾਲੀ ਸਬਾਤ ਵੱਲ ਨੂੰ ਤੁਰ ਪਿਆ । ਜਿੱਥੇ ਜਾਕੇ ਉਹ ਅਲਮਾਰੀ ਦੇ ਰੱਸੀਆਂ ਨਾਲ ਬੰਨੇ ਟੁੱਟੇ ਕੁੰਡੇ ਨੂੰ ਦਾਤੀ ਨਾਲ ਵੱਢਕੇ ਕਾਲੇ ਲਿਫ਼ਾਫ਼ੇ ਚ ਰੱਖੀ ਸੁਲਫਾਸ਼ ਚੁੱਕ ਕੇ ਖਾ ਗਿਆ ।

ਉਸੇ ਰਾਤ ਦੇ ਪਹਿਲੇ ਦਿਨ ਭਾਰੀ ਮੀਂਹ ਤੇ ਗੜਿਆਂ ਨਾਲ ਨੁਕਸਾਨੀ ਫਸਲ ਤੋਂ ਦੁਖੀ ਘਰ ਆਇਆ ਸੀ। ਉੱਤੋਂ ਬੈਂਕ ਵਾਲੇ ਘਰ ਆਕੇ ਕੇ ਬਹੁਤ ਬੁਰਾ ਭਲਾ ਬੋਲਕੇ ਗਏ ਸੀ । ਜ਼ਮੀਨ ਦੀ ਕੁਰਕੀ ਦਾ ਨੋਟਿਸ ਵੀ ਦੇ ਗਏ ਸੀ । ਬੈਂਕ ਵਾਲਿਆਂ ਤੋ ਬਾਅਦ ਮੱਘਰ ਦਾ ਦੋਸਤ ਭੋਲਾ ਆਇਆ ਸੀ ਘਰ ਦੀ ਕੱਢੀ ਬੋਤਲ ਪੀਕੇ ਦੋਵੇਂ ਨਸ਼ੇ ਵਿੱਚ ਚੰਗੇ ਟੁਨ ਹੋ ਗਏ ਸੀ ।

ਮੱਘਰ ਦੇ ਜ਼ਹਿਰ ਖਾਕੇ ਮਰਨ ਬਾਅਦ ਉਸਦਾ ਪਰਿਵਾਰ ਪੁਰੀ ਤਰਾ ਟੁੱਟ ਗਿਆ। ਬੈਂਕ ਨੇ ਫਿਰ ਵੀ ਕੁਰਕੀ ਕਰਕੇ ਆਪਣੀ ਰਕਮ ਦੀ ਵਸੂਲੀ ਕਰ ਲਈ। ਉਸ ਦਾ ਦੋਸਤ ਭੋਲਾ ਉਸ ਦੀ ਬਚੀ ਖੁਚੀ ਜ਼ਮੀਨ ਤੋਂ ਅੱਗੇ ਜੀਤੋ ਉੱਪਰ ਵੀ ਬੁਰੀ ਨਜ਼ਰ ਰੱਖਣ ਲੱਗ ਗਿਆ । ਸਿੰਦੇ ਨੂੰ ਵੀ ਗੁਆਂਢੀ ਨੌਕਰਾਂ ਵਾਗੂੰ ਵਰਤਣ ਲੱਗ ਪਏ ਤੇ ਜਵਾਨ ਧੀ ਗੀਤ ਨਾਲ ਵੀ ਪਿੰਡ ਦੇ ਮਸ਼ਟੰਡੇ ਛੇੜਖਾਨੀ ਕਰਨ ਲੱਗੇ। ਗੀਤ ਦੇ ਵਿਰੋਧ ਕਰਨ ਤੇ ਇੱਕ ਮੁਸਟੰਡੇ ਨੇ ਗੀਤ ਉੱਤੇ ਤੇਜ਼ਾ...। ਇਸੇ ਝਟਕੇ ਨਾਲ ਮੱਘਰ ਦੀ ਅੱਖ ਖੁੱਲ ਗਈ। ਵਾਹਿਗੁਰੂ ਵਾਹਿਗੁਰੂ ਕਰਦਾ ਉੱਠਿਆ ਅਗਲੇ ਹੀ ਦਿਨ ਮੱਘਰ ਨੇ ਆਪਣੀ 5 ਕਿਲ੍ਹੇ ਜ਼ਮੀਨ ਚੋਂ ਅੱਧਾ ਕਿਲ੍ਹਾ ਜ਼ਮੀਨ ਅਤੇ ਕਾਰ ਵੇਚ ਕੇ ਸਾਰਾ ਕਰਜ਼ਾ ਲਾਅ ਦਿੱਤਾ ਤੇ ਸਾਦਾ ਜੀਵਨ ਜਿਉਣਾ ਸ਼ੁਰੂ ਕਰ ਦਿੱਤਾ ॥

**ਖੁਸ਼ ਚਹਿਲ**

# ਬਗ਼ਾਵਤ

**ਪ੍ਰੀਤਮਾ ਦੋਮੇਲ**

ਅਲੀਲਾ ਨੂੰ ਪਤਾ ਨਹੀਂ ਕੁਝ ਦਿਨਾਂ ਤੋਂ ਕੀ ਹੋ ਗਿਆ ਸੀ। ਗਿਆਰਵੀਂ ਜਮਾਤ ਵਿੱਚ ਪੜ੍ਹਨ ਵਾਲੀ ਮਾਸੂਮ ਤੇ ਆਪਣੇ ਵਿੱਚ ਮਸਤ ਰਹਿਣ ਵਾਲੀ ਭੋਲੀ-ਭਾਲੀ ਅਲੀਲਾ ਨੂੰ ਜਿਵੇਂ ਦੁਨੀਆਂ ਦੀ ਹੋਸ਼ ਹੀ ਨਹੀਂ ਸੀ। ਹਰ ਵੇਲੇ ਉਸ ਦਾ ਧਿਆਨ ਕਿਸੇ ਅਣਜਾਣ ਇਨਸਾਨ ਵੱਲ ਲੱਗਿਆ ਰਹਿੰਦਾ। ਉਸ ਦਾ ਕੀ ਨਾਂ ਸੀ, ਉਹ ਕੌਣ ਸੀ, ਕਿੱਥੇ ਰਹਿੰਦਾ ਸੀ, ਉਸ ਨੂੰ ਕੋਈ ਪਤਾ ਨਹੀਂ ਸੀ। ਬਸ ਉਸ ਨੂੰ ਸਿਰਫ਼ ਇੰਨਾ ਪਤਾ ਸੀ ਕਿ ਜਦ ਉਹ ਸਕੂਲੋਂ ਪੜ੍ਹ ਕੇ ਆਉਂਦੀ ਸੀ ਤਾਂ ਮੁੰਡਿਆਂ ਦੀ ਇੱਕ ਟੋਲੀ ਜਿਹੜੀ ਕਦੇ ਉਨ੍ਹਾਂ ਤੋਂ ਅੱਗੇ, ਕਦੇ ਪਿੱਛੇ ਤੁਰਦੀ ਸੀ, ਉਹ ਉਸ ਟੋਲੀ ਵਿੱਚ ਹੁੰਦਾ ਸੀ। ਸਭ ਤੋਂ ਅਲੱਗ, ਸਭ ਤੋਂ ਸੋਹਣਾ ਤੇ ਗੋਰਾ, ਉੱਚਾ ਲੰਬਾ ਪਰ ਉਸ ਨੇ ਤਾਂ ਕਦੇ ਇਸ ਵੱਲ ਮੁੜ ਕੇ ਦੇਖਿਆ ਵੀ ਨਹੀਂ ਸੀ। ਪਰ ਪਤਾ ਨਹੀਂ ਕਿਵੇਂ ਉਹ ਉਸ ਦੇ ਸੁਫ਼ਨਿਆਂ ਦਾ ਸ਼ਹਿਜ਼ਾਦਾ ਬਣ ਗਿਆ ਸੀ।

ਫ਼ਿਰ ਇੱਕ ਦਿਨ ਅਲੀਲਾ ਨੂੰ ਉਸ ਦਾ ਨਾਂ ਪਤਾ ਲੱਗ ਗਿਆ। ਉਹ ਰੋਜ਼ ਦੀ ਤਰ੍ਹਾਂ ਸਕੂਲੋਂ ਪੜ੍ਹ ਕੇ ਆ ਰਹੀ ਸੀ ਤੇ ਅੱਗੇ ਅੱਗੇ ਜਾਣ ਵਾਲੀ ਟੋਲੀ ਵਿੱਚ ਉਹ ਤੁਰਿਆ ਜਾ ਰਿਹਾ ਸੀ। ਫ਼ਿਰ ਕਿਸੇ ਨੇ ਤੇਮਸੂ ਕਹਿ ਕੇ ਪਿੱਛੋਂ ਆਵਾਜ਼ ਮਾਰੀ। ਉਸ ਨੇ ਪਿੱਛੇ ਮੁੜ ਕੇ ਦੇਖਿਆ ਤੇ ਜਵਾਬ ਦਿੱਤਾ। ਇਸ ਤਰ੍ਹਾਂ ਇੱਕ ਅਣਜਾਣ ਲੜਕਾ ਆਪਣੇ ਪੂਰੇ ਵਜੂਦ ਨਾਲ ਉਸ ਦੇ ਸਾਹਮਣੇ ਸਾਕਾਰ ਹੋਇਆ। ਅਲੀਲਾ ਗਿਆਰਵੀਂ ਪਾਸ ਕਰ ਕੇ ਅਗਲੀ ਜਮਾਤ ਵਿੱਚ ਚਲੀ ਗਈ, ਪਰ ਤੇਮਸੂ ਲਈ ਉਸ ਦੀ ਚਾਹਤ ਵਿੱਚ ਕੋਈ ਫ਼ਰਕ ਨਾ ਪਿਆ। ਉਹ ਮਨ ਹੀ ਮਨ ਬਿਨਾਂ ਉਸ ਨਾਲ ਬੋਲਿਆਂ ਉਸ ਨੂੰ ਪਿਆਰ ਕਰਦੀ ਰਹੀ। ਫ਼ਿਰ ਇੱਕ ਦਿਨ ਉਨ੍ਹਾਂ ਦਾ ਅਚਾਨਕ ਹੀ ਮੇਲ ਹੋ ਗਿਆ। ਉਸ ਦਿਨ ਉਹ ਦੋਵੇਂ ਇੱਕਲੇ-ਇੱਕਲੇ ਹੀ ਘਰ ਨੂੰ ਜਾ ਰਹੇ ਸਨ। ਜਦ ਉਹ ਉਸ ਦੇ ਕੋਲੋਂ ਦੀ ਲੰਘਿਆ ਤਾਂ ਅਲੀਲਾ ਨੇ ਬਹੁਤ ਹੀ ਹੌਲੀ ਜਿਹੀ ਉਸ ਦਾ ਨਾਂ ਲਿਆ। ਉਹ ਰੁਕ ਗਿਆ ਤੇ ਬੋਲਿਆ, "ਤੂੰ ਮੈਨੂੰ ਕਿਉਂ ਬੁਲਾਇਆ ? ਕੋਈ ਕੰਮ ਹੈ ਤੈਨੂੰ ਮੇਰੇ ਨਾਲ ?"

"ਹਾਂ ਨਹੀਂ" ਉਹ ਕੰਨਾਂ ਤੱਕ ਲਾਲ ਹੋ ਗਈ। ਉਹ ਕੁਝ ਵੀ ਬੋਲ ਨਾ ਸਕੀ। ਤੇਮਸੂ ਕੁਝ ਪਲ ਚੁੱਪ-ਚਾਪ ਉਸ ਦੇ ਮੂੰਹ ਵੱਲ ਦੇਖਦਾ ਰਿਹਾ। ਫ਼ਿਰ ਉਸ ਨੇ ਹਲਕੇ ਜਿਹੇ ਉਸ ਦਾ ਹੱਥ ਆਪਣੇ ਹੱਥ ਵਿੱਚ ਲੈ ਲਿਆ ਤੇ ਉਹ ਦੋਵੇਂ ਚੁੱਪ-ਚਾਪ ਚਲਦੇ ਰਹੇ ਤੇ ਜਦੋਂ ਰਾਹਾਂ ਫ਼ੁੱਟੀਆਂ ਤਾਂ ਉਹ ਆਪੋ-ਆਪਣੇ ਘਰਾਂ ਨੂੰ ਮੁੜ ਗਏ।

ਇੱਥੋਂ ਉਨ੍ਹਾਂ ਦੀ ਪ੍ਰੇਮ ਕਹਾਣੀ ਸ਼ੁਰੂ ਹੋ ਗਈ। ਬੀਤਣ ਵਾਲਾ ਹਰ ਦਿਨ ਉਨ੍ਹਾਂ ਨੂੰ ਇੱਕ ਦੂਜੇ ਦੇ ਨੇੜੇ ਲਿਆ ਰਿਹਾ ਸੀ। ਜਦ ਤੇਮਸੂ ਆਪਣਾ ਬੀ.ਏ. ਦਾ ਇਮਤਿਹਾਨ ਦੇ ਕੇ ਵਿਹਲਾ ਹੋਇਆ ਤਦ ਤੱਕ ਅਲੀਲਾ ਵੀ ਬਾਰ੍ਹਵੀਂ ਦੀ ਪ੍ਰੀਖਿਆ ਦੇ ਚੁੱਕੀ ਸੀ। ਹੁਣ ਉਹ ਸਕੂਲ ਕਾਲਜ ਨਹੀਂ ਸੀ ਜਾਂਦੇ, ਘਰ ਹੀ ਰਹਿੰਦੇ ਸਨ, ਪਰ ਇੱਕ-ਦੂਜੇ ਨੂੰ ਮਿਲੇ ਜਾਂ ਦੇਖੇ ਬਿਨਾਂ ਉਨ੍ਹਾਂ ਨੂੰ ਚੈਨ ਨਹੀਂ ਸੀ ਆਉਂਦਾ। ਉਨ੍ਹਾਂ ਦੀ ਭੁੱਖ ਮਰ ਗਈ ਸੀ। ਰਾਤ ਨੂੰ ਨੀਂਦ ਨਹੀਂ ਸੀ ਆਉਂਦੀ ਤੇ ਕਿਸੇ ਕੰਮ ਵਿੱਚ ਜੀਅ ਨਹੀਂ ਸੀ ਲੱਗਦਾ। ਅੱਗੋਂ ਅਲੀਲਾ ਨੇ ਬੀ ਏ ਕਰਨੀ ਸੀ ਤੇ ਤੇਮਸੂ ਨੇ ਐੱਮਬੀਏ ਵਿੱਚ ਦਾਖ਼ਲਾ ਲੈਣਾ ਸੀ, ਪਰ ਉਨ੍ਹਾਂ ਲਈ ਤਾਂ ਜਿਵੇਂ ਸਭ ਕੁਝ ਖ਼ਤਮ ਹੋ ਗਿਆ ਸੀ। ਬਸ ਉਨ੍ਹਾਂ ਨੂੰ ਤਾਂ ਸਿਰਫ਼ ਇੱਕ ਦੂਜੇ ਦਾ ਸਾਥ ਚਾਹੀਦਾ ਸੀ। ਇੱਕ ਦਿਨ ਪਤਾ ਨਹੀਂ ਘਰੋਂ ਕੀ ਕੀ ਬਹਾਨੇ ਬਣਾ ਕੇ ਉਹ ਨਿਕਲੇ ਤੇ ਕਿਸੇ ਪਹਾੜ ਦੀ ਨਿਵੇਕਲੀ ਗੁੱਠੇ ਇੱਕ-ਦੂਜੇ ਨੂੰ ਮਿਲੇ ਤੇ ਆਪਣੀ-ਆਪਣੀ ਹਾਲਤ ਬਿਆਨ ਕੀਤੀ। ਆਖ਼ਰ ਤੇਮਸੂ ਨੇ ਕਿਹਾ, "ਅਲੀ ਹੁਣ ਦੱਸ ਕੀ ਕਰਨਾ ਹੈ ?" "ਜਿਵੇਂ ਤੁਸੀਂ ਕਹੋ।" ਉਹ ਹਰ ਤਰ੍ਹਾਂ ਉਸ ਦੇ ਨਾਲ ਸੀ। "ਦੇਖ ਅਲੀ, ਤੂੰ ਕਬੀਲੇ ਦੇ ਕਾਨੂੰਨ ਤੋਂ ਤਾਂ ਚੰਗੀ ਤਰ੍ਹਾਂ ਵਾਕਫ਼ ਹੈਂ। ਅਗਰ ਅਸੀਂ ਇੱਕ ਦੂਜੇ ਦੇ ਨਾਲ ਰਹਿਣਾ ਹੈ ਤਾਂ ਆਪਣੇ ਮਾਂ- ਬਾਪ, ਘਰ, ਭੈਣ, ਭਾਈ, ਪਿੰਡ ਸਭ ਕੁਝ ਛੱਡਣਾ ਪਵੇਗਾ, ਹਮੇਸ਼ਾ ਲਈ। ਅਗਰ ਇਹ ਮਨਜ਼ੂਰ ਹੈ ਤਾਂ ਠੀਕ ਹਫ਼ਤੇ ਬਾਅਦ ਇਸੇ ਦਿਨ ਇਸੇ ਟਾਈਮ ਇੱਥੇ ਹੀ ਆਪਾਂ ਮਿਲਾਂਗੇ ਤੇ ਆਪਣੇ ਇਸ ਸੰਸਾਰ ਨੂੰ ਅਲਵਿਦਾ ਕਹਿ ਦਿਆਂਗੇ। ਜਿਸ ਨੂੰ ਇਹ ਫ਼ੈਸਲਾ ਠੀਕ ਨਾ ਲੱਗੇ, ਉਹ ਇੱਥੇ ਨਾ ਆਏ, ਦੂਜਾ ਆਪਣੇ ਆਪ ਸਮਝ ਜਾਏਗਾ। ਸੋਚਣ ਲਈ ਆਪਣੇ ਪਾਸ ਇੱਕ ਹਫ਼ਤਾ ਹੈ।" ਇਸ ਤੋਂ ਬਾਅਦ ਉਹ ਆਪੋ ਆਪਣੇ ਘਰ ਚਲੇ ਗਏ।

ਉਸ ਇੱਕ ਹਫ਼ਤੇ ਵਿੱਚ ਦੋਵਾਂ ਦੇ ਮਨਾਂ ਵਿੱਚ ਬੜੇ ਉਤਰਾਅ ਚੜ੍ਹਾਅ ਆਏ। ਕਦੇ ਮਾਂ-ਬਾਪ ਦਾ ਮੋਹ ਹਾਵੀ ਹੋ ਜਾਂਦਾ, ਕਦੇ ਆਪਣਾ ਘਰ, ਜ਼ਮੀਨ, ਕਦੇ ਹੋਰ ਰਿਸ਼ਤੇਦਾਰ ਤੇ ਭੈਣ-ਭਾਈ ਸਾਹਮਣੇ ਆ ਕੇ ਖੜ੍ਹੇ ਹੋ ਜਾਂਦੇ ਤੇ ਉਹ ਕਮਜ਼ੋਰ ਪੈ ਜਾਂਦੇ, ਪਰ ਆਖ਼ਰ ਵਿੱਚ ਉਨ੍ਹਾਂ ਦਾ ਇੱਕ-ਦੂਜੇ ਲਈ ਪਿਆਰ ਜਿੱਤ ਗਿਆ ਤੇ ਉਹ ਮਿੱਥੇ ਦਿਨ ਮਿੱਥੇ ਥਾਂ 'ਤੇ ਪੁੱਜ ਗਏ ਤੇ ਮੋਕੋਕਚੁੰਗ (ਜ਼ਿਲ੍ਹਾ) ਜਾ ਕੇ ਉਨ੍ਹਾਂ ਨੇ ਚਰਚ ਵਿੱਚ ਪਾਦਰੀ ਦੀ ਹਾਜ਼ਰੀ ਵਿੱਚ ਸ਼ਾਦੀ ਕਰ ਲਈ ਤੇ ਕਬੀਲੇ ਦੇ ਉਸ ਚੰਦਰੇ ਕਾਨੂੰਨ ਦੇ ਮੂੰਹ 'ਤੇ ਚਪੇੜ ਮਾਰ ਦਿੱਤੀ ਅਤੇ ਹਮੇਸ਼ਾ ਲਈ ਇੱਕ-ਦੂਜੇ ਦੇ ਹੋ ਗਏ।

ਫ਼ਿਰ ਉਹ ਦੀਮਾਪੁਰ ਆ ਗਏ। ਇੱਕ ਛੋਟਾ ਜਿਹਾ ਘਰ ਕਿਰਾਏ 'ਤੇ ਲੈ ਕੇ ਰਹਿਣ ਲੱਗ ਪਏ। ਥੋੜ੍ਹੇ ਦਿਨਾਂ ਬਾਅਦ ਤੇਮਸੂ ਨੂੰ ਦੀਮਾਪੁਰ ਸ਼ੂਗਰ ਮਿੱਲ ਵਿੱਚ ਨੌਕਰੀ ਮਿਲ ਗਈ ਤੇ ਉਹ ਬਹੁਤ ਹੀ ਸੁਖੀ ਜ਼ਿੰਦਗੀ ਬਤੀਤ ਕਰਨ ਲੱਗੇ। ਅਗਲੇ ਸਾਲ ਉਨ੍ਹਾਂ ਦਾ ਬੇਟਾ ਸਮੋਇਆ ਜੰਮ ਪਿਆ। ਉਨ੍ਹਾਂ ਦੀ ਖ਼ੁਸ਼ੀ ਦਾ ਤਾਂ ਅੰਤ ਹੀ ਨਹੀਂ ਰਿਹਾ। ਜ਼ਿੰਦਗੀ ਏਨੀ ਭਰਪੂਰ ਸੀ ਕਿ ਉਨ੍ਹਾਂ ਨੂੰ ਪਿੱਛੇ ਰਹਿ ਗਏ ਆਪਣਿਆਂ ਦੀ ਕਦੇ ਯਾਦ ਵੀ ਨਾ ਆਉਂਦੀ। ਹੱਸਦੇ ਖੇਡਦੇ ਪੰਜ ਸਾਲ ਬੀਤ ਗਏ। ਬੱਚਾ ਸਕੂਲ ਜਾਣ ਲੱਗ ਪਿਆ। ਉਨ੍ਹਾਂ ਨੂੰ ਲੱਗਦਾ ਸੀ ਕਿ ਜ਼ਿੰਦਗੀ ਵਿੱਚ ਕੋਈ ਕਮੀ ਨਹੀਂ ਹੈ। ਹੋਰ ਬੰਦੇ ਨੂੰ ਕੀ ਚਾਹੀਦਾ ਹੈ। ਮਨਭਾਉਂਦਾ ਪਿਆਰ ਕਰਨ ਵਾਲਾ ਜੀਵਨ ਸਾਥੀ, ਪਿਆਰਾ ਜਿਹਾ ਬੱਚਾ, ਚੰਗੀ ਨੌਕਰੀ ਤੇ ਹੋਰ ਦੋ ਸਾਲਾਂ ਬਾਅਦ ਉਨ੍ਹਾਂ ਨੇ ਪੈਸੇ ਜੋੜ ਕੇ ਇੱਕ ਪਿਆਰਾ ਜਿਹਾ ਘਰ ਵੀ ਖ਼ਰੀਦ ਲਿਆ।

ਤ੍ਰਪਰ ਪਤਾ ਹੀ ਨਾ ਲੱਗਿਆ ਜ਼ਿੰਦਗੀ ਕਦੋਂ ਪਲਟਾ ਖਾ ਗਈ। ਸ਼ੂਗਰ ਮਿੱਲ ਬੰਦ ਹੋ ਗਈ ਤੇ ਤੇਮਸੂ ਬੇਕਾਰ ਹੋ ਗਿਆ। ਹੋਰ ਕੋਈ ਨੌਕਰੀ ਵੀ ਨਾ ਮਿਲ ਸਕੀ। ਬੱਚਾ ਵੀ ਜਦ ਆਪਣੇ ਦੋਸਤਾਂ ਦੇ ਘਰ ਜਾ ਕੇ ਉਨ੍ਹਾਂ ਦੇ ਦਾਦਾ-ਦਾਦੀ, ਨਾਨਾ-ਨਾਨੀ ਤੇ ਹੋਰ ਰਿਸ਼ਤੇਦਾਰਾਂ ਨੂੰ ਦੇਖਦਾ ਤਾਂ ਉਹ ਆਪਣੇ ਮਾਂ-ਬਾਪ ਨੂੰ ਢੇਰ ਸਾਰੇ ਸੁਆਲ ਕਰਦਾ। ਉਨ੍ਹਾਂ ਕੋਲੋਂ ਜਦ ਉਸ ਨੂੰ ਕੋਈ ਢੁੱਕਵਾਂ ਜਵਾਬ ਨਾ ਮਿਲਦਾ ਤਾਂ ਉਹ ਉਦਾਸ ਹੋ ਜਾਂਦਾ। ਹੌਲੀ-ਹੌਲੀ ਉਸ ਨੇ ਮਾਂ-ਬਾਪ ਨਾਲ ਗੱਲ ਕਰਨੀ ਬੰਦ ਕਰ ਦਿੱਤੀ ਤੇ ਉਹ ਬਿਲਕੁਲ ਚੁੱਪ ਹੋ ਗਿਆ। ਹੁਣ ਉਹ ਕੋਈ ਸੁਆਲ ਨਾ ਕਰਦਾ। ਪੜ੍ਹਾਈ ਵੱਲੋਂ ਵੀ ਉਸ ਦਾ ਧਿਆਨ ਹਟ ਗਿਆ। ਕਈ ਵਾਰੀ ਸਕੂਲ ਵੀ ਨਾ ਜਾਂਦਾ। ਤੇਮਸੂ ਦੀ ਨੌਕਰੀ ਛੁੱਟਣ ਕਰਕੇ ਘਰ ਵਿੱਚ ਤੰਗੀ ਆ ਗਈ। ਰੋਜ਼ਮੱਰਾ ਦੀਆਂ ਜ਼ਰੂਰਤਾਂ ਪੂਰੀਆਂ ਨਾ ਹੁੰਦੀਆਂ। ਆਖ਼ਿਰ ਤੰਗ ਆ ਕੇ ਅਲੀਲਾ ਨੇ ਬਾਂਸ ਦੀਆਂ ਟੋਕਰੀਆਂ ਬਣਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਤੇ ਤੇਮਸੂ ਵੀ ਕਿਸੇ ਕੱਪੜੇ ਵਾਲੀ ਦੁਕਾਨ 'ਤੇ ਮਾਮੂਲੀ ਜਿਹੀ ਤਨਖ਼ਾਹ 'ਤੇ ਨੌਕਰੀ ਕਰਨ ਲੱਗ ਪਿਆ। ਪਰ ਗੁਜ਼ਾਰਾ ਫ਼ੇਰ ਵੀ ਨਾ ਹੁੰਦਾ। ਹੁਣ ਘਰ ਦਾ ਹਰ ਬੰਦਾ ਉਦਾਸ ਸੀ। ਤੇਮਸੂ ਹਰ ਛੋਟੀ-ਛੋਟੀ ਗੱਲ 'ਤੇ ਚਿੜ੍ਹ ਜਾਂਦਾ। ਜਦ ਵੀ ਇੱਕੱਠੇ ਹੁੰਦੇ ਉਹ ਕੌੜਾ ਬੋਲਦੇ ਤੇ ਇੱਕ-ਦੂਜੇ ਸਾਹਮਣੇ ਹੋਣ ਤੋਂ ਕਤਰਾਉਂਦੇ। ਅਲੀਲਾ ਸਭ ਕੁਝ ਸਮਝਦੀ ਸੀ। ਉਸ ਨੂੰ ਲੱਗਣ ਲੱਗ ਪਿਆ ਸੀ ਕਿ ਸਾਰਾ ਉਸ ਦਾ ਆਪਣਾ ਕਸੂਰ ਸੀ। ਤੇਮਸੂ ਚੰਗਾ-ਭਲਾ ਆਪਣੀ ਪੜ੍ਹਾਈ ਕਰ ਰਿਹਾ ਸੀ। ਬਾਅਦ ਵਿੱਚ ਉਸ ਨੇ ਹੋਰ ਪੜ੍ਹਨਾ ਸੀ, ਚੰਗੀ ਨੌਕਰੀ ਕਰਨੀ ਸੀ ਤੇ ਆਪਣੇ ਕਬੀਲੇ ਵਿੱਚ ਸ਼ਾਦੀ ਕਰ ਕੇ ਸੁਖ ਨਾਲ ਜ਼ਿੰਦਗੀ ਬਿਤਾਉਣੀ ਸੀ। ਸਿਰਫ਼ ਉਸ ਨੇ ਉਸ ਨੂੰ ਆਪਣੇ ਪਿਆਰ ਵਿੱਚ ਫ਼ਸਾ ਕੇ ਇਸ ਹਾਲਤ ਵਿੱਚ ਪਹੁੰਚਾ ਦਿੱਤਾ। ਸੋਚ-ਸੋਚ ਕੇ ਉਸ ਨੇ ਇੱਕ ਦਿਨ ਤੇਮਸੂ ਨੂੰ ਕਿਹਾ, "ਤੇਮੂ, ਚੱਲੋ ਆਪਾਂ ਆਪੋ ਆਪਣੇ ਘਰਾਂ ਨੂੰ ਮੁੜ ਚਲੀਏ।" ਤੇਮਸੂ ਹੈਰਾਨ ਹੋ ਕੇ ਬੋਲਿਆ, "ਕੀ ਕਹਿ ਰਹੀ ਹੈਂ ? ਘਰ ਜਾਣਾ ਕੀ ਇੰਨਾ ਆਸਾਨ ਹੈ। ਇੱਕ-ਦੂਜੇ ਤੋਂ ਤਲਾਕ ਲੈਣਾ ਪਵੇਗਾ ਤੇ ਤੈਨੂੰ ਬੱਚੇ ਨੂੰ ਵੀ ਹਮੇਸ਼ਾ ਲਈ ਭੁੱਲਣਾ ਪਵੇਗਾ।" ਅਲੀਲਾ ਵੀ ਜਾਣਦੀ ਸੀ। ਕਬੀਲੇ ਦਾ ਇਹੀ ਅਸੂਲ ਸੀ। ਅਗਰ ਘਰ ਜਾਣਾ ਹੈ ਤਾਂ ਔਰਤ ਨੂੰ ਪਤੀ ਤੋਂ ਤਲਾਕ ਲੈ ਕੇ ਤੇ ਬੱਚੇ ਪਤੀ ਦੇ ਹਵਾਲੇ ਕਰ ਕੇ ਮਾਂ-ਬਾਪ ਦੇ ਘਰ ਜਾਣਾ ਹੋਵੇਗਾ ਤੇ ਫ਼ਿਰ ਕਦੇ ਵੀ ਉਹ ਆਪਣੇ ਬੱਚਿਆਂ ਨੂੰ ਮਿਲ ਨਹੀਂ ਸਕੇਗੀ।

ਇਹ ਸਾਰਾ ਕੁਝ ਬੜਾ ਦੁਖਦਾਈ ਸੀ, ਪਰ ਉਹ ਸੋਚਦੀ ਉਸ ਦੀ ਸਜ਼ਾ ਤੇਮਸੂ ਕਿਉਂ ਭੋਗੇ, ਉਸ ਦਾ ਕੀ ਕਸੂਰ ਹੈ। ਸਜ਼ਾ ਤਾਂ ਮੈਨੂੰ ਭੋਗਣੀ ਚਾਹੀਦੀ ਹੈ। ਉਹ ਬੜੀ ਦ੍ਰਿੜ੍ਹ ਨਿਸ਼ਚੇ ਵਾਲੀ ਕੁੜੀ ਸੀ। ਜਿਸ ਤਰ੍ਹਾਂ ਉਸ ਨੇ ਤੇਮਸੂ ਨਾਲ ਵਿਆਹ ਕਰਨ ਦਾ ਫ਼ੈਸਲਾ ਆਪਣੀ ਮਰਜ਼ੀ ਨਾਲ ਝਟਪਟ ਕਰ ਲਿਆ ਸੀ, ਉਸੇ ਤਰ੍ਹਾਂ ਉਸ ਨੇ ਉਸ ਤੋਂ ਤਲਾਕ ਲੈਣ ਦਾ ਫ਼ੈਸਲਾ ਕਰ ਲਿਆ। ਤਲਾਕ ਪਿੰਡ ਦਾ ਕੌਂਸਲ ਕਰਦੀ ਹੈ ਤੇ ਜੁਰਮਾਨੇ ਦੇ ਤੌਰ 'ਤੇ ਆਦਮੀ ਨੂੰ ਇੱਕ ਗਊ ਪਿੰਡ ਦੀ ਪੰਚਾਇਤ ਨੂੰ ਦੇਣੀ ਪੈਂਦੀ ਹੈ। ਗਊ ਜੋਗੇ ਪੈਸੇ ਕਿੱਥੋਂ ਆਉਂਦੇ। ਤੇਮਸੂ ਨੂੰ ਆਪਣਾ ਘਰ ਵੇਚਣਾ ਪਿਆ। ਸੋ ਤਲਾਕ ਹੋ ਗਿਆ ਤੇ ਦੋਵੇਂ ਜਣੇ ਆਪਣੇ ਘਰ ਆਪਣੇ ਪਿੰਡ ਵਿੱਚ ਚਲੇ ਗਏ। ਇੱਕ ਹੱਸਦਾ-ਵੱਸਦਾ ਘਰ ਹਾਲਾਤ ਦੀ ਬੇਰਹਿਮੀ ਦੀ ਭੇਟ ਚੜ੍ਹ ਗਿਆ।

ਤੇਮਸੂ ਤੇ ਅਲੀਲਾ ਤਾਂ ਦੁਖੀ ਹੈ ਹੀ ਸਨ, ਪਰ ਸਭ ਤੋਂ ਭੈੜਾ ਅਸਰ ਬੱਚੇ 'ਤੇ ਪਿਆ। ਉਸ ਨੂੰ ਮਾਂ-ਬਾਪ ਦੋਵੇਂ ਹੀ ਚਾਹੀਦੇ ਸਨ, ਪਰ ਕਬੀਲੇ ਦੇ ਕਾਨੂੰਨ ਅਨੁਸਾਰ ਹੁਣ ਉਸ ਨੇ ਕਦੇ ਆਪਣੀ ਮਾਂ ਨੂੰ ਨਹੀਂ ਸੀ ਮਿਲਣਾ। ਉਹ ਬਹੁਤ ਉਦਾਸ ਰਹਿਣ ਲੱਗ ਪਿਆ, ਪਰ ਇੱਕ ਬਗ਼ਾਵਤ ਉਸ ਦੇ ਅੰਦਰ ਜਨਮ ਲੈ ਰਹੀ ਸੀ। ਉਹ ਸੋਚਦਾ ਕਿ ਜਦ ਉਹ ਵੱਡਾ ਹੋ ਜਾਵੇਗਾ ਤਾਂ ਉਹ ਲੋਕਾਂ ਦੇ ਮਨਾਂ ਵਿੱਚ ਇਸ ਚੰਦਰੇ ਕਾਨੂੰਨ ਖ਼ਿਲਾਫ਼ ਇੰਨੀ ਨਫ਼ਰਤ ਭਰ ਦੇਵੇਗਾ ਕਿ ਹੌਲੀ-ਹੌਲੀ ਹਰ ਕੋਈ ਇਸ ਦੇ ਖ਼ਿਲਾਫ਼ ਹੋ ਜਾਵੇਗਾ। ਉਸ ਵੇਲੇ ਸਭ ਲੋਕ ਜਾਗ ਜਾਣਗੇ ਤੇ ਉਨ੍ਹਾਂ ਵਿੱਚ ਅਜਿਹੀ ਬਗ਼ਾਵਤ ਦੀ ਲਹਿਰ ਉੱਠੇਗੀ ਕਿ ਉਹ ਇਕਮੁੱਠ ਹੋ ਕੇ ਇਸ ਕਾਨੂੰਨ ਖ਼ਿਲਾਫ਼ ਲੜਨਗੇ ਤੇ ਇਸ ਨੂੰ ਜੜ੍ਹੋਂ ਖਤਮ ਕਰ ਦੇਣਗੇ। ਉਹ ਸੋਚਦਾ-ਮੈਂ ਉਸ ਦਿਨ ਦੀ ਇੰਤਜ਼ਾਰ ਕਰਾਂਗਾ ਜਦ ਇਸ ਕਾਲੇ ਕਾਨੂੰਨ ਦੇ ਛੁਟਕਾਰੇ ਵਾਲੀ ਸੁਬ੍ਹਾ ਹੋਵੇਗੀ ਤੇ ਮੇਰੇ ਮਾਂ-ਬਾਪ ਇਸ ਕਾਨੂੰਨ ਤੋਂ ਆਜ਼ਾਦ ਹੋ ਕੇ ਇੱਕ ਹੋ ਜਾਣਗੇ ਤੇ ਸਾਡਾ ਇੱਕ ਹੱਸਦਾ-ਵੱਸਦਾ ਘਰ ਹੋਵੇਗਾ। ਉਹ ਸੁਬ੍ਹਾ ਜ਼ਰੂਰ ਹੋਵੇਗੀ, ਮੈਂ ਉਸ ਦੀ ਇੰਤਜ਼ਾਰ ਕਰਾਂਗਾ।



# ਜੰਗਜੂ ਕਲਾ ਗੱਤਕੇ ਨੂੰ ਮਾਣ ਦਿਵਾਉਣ ਵਾਲੀ ਬਹੁਪੱਖੀ ਸਿੱਖ ਸ਼ਖਸੀਅਤ-ਹਰਜੀਤ ਸਿੰਘ ਗਰੇਵਾਲ

**ਨਰਿੰਦਰ ਸਿੰਘ ਸੱਤੀ**

ਕੁੱਝ ਵਿਅਕਤੀ ਜਦੋਂ ਦੁਨੀਆਂ ?ਤੇ ਵਿਚਰਦਿਆਂ ਸਮਾਜ, ਕੌਮ ਜਾਂ ਧਰਮ ਲਈ ਕੁੱਝ ਵੱਖਰਾ ਅਤੇ ਸਰਵ-ਪ੍ਰਵਾਨਿਤ ਕਾਰਜ ਕਰ ਰਹੇ ਹੁੰਦੇ ਹਨ ਤਾਂ ਲਾਜ਼ਮੀ ਹੀ ਉਹ ਸੱਜਣ ਵਿਰਲੀਆਂ ਸਖਸ਼ੀਅਤਾਂ ਦੀ ਕਤਾਰ ਵਿੱਚ ਜਾ ਖਲੋਂਦੇ ਹਨ ਅਤੇ ਅਜਿਹੇ ਕਿਰਦਾਰਾਂ ਦਾ ਜ਼ਿਕਰ ਅਕਸਰ ਹੀ ਲੋਕਾਂ ਦੀ ਜ਼ੁਬਾਨ ?ਤੇ ਮੱਲੋ-ਮੱਲੀ ਆ ਜਾਂਦਾ ਹੈ। ਅੱਜ ਅਸੀਂ ਜਿਸ ਬਹੁ-ਪੱਖੀ ਸਖਸ਼ੀਅਤ ਦੀ ਚਰਚਾ ਕਰਨ ਲੱਗੇ ਹਾਂ ਉਸ ਮਿਕਨਾਤੀਸੀ ਸੱਜਣ ਨੇ ਸਰਕਾਰੀ ਨੌਕਰੀ ਦੀਆਂ ਔਖੀਆਂ ਵਲਗਣਾਂ ਵਿੱਚ ਤਨਦੇਹੀ ਨਾਲ ਡਿਊਟੀ ਨਿਭਾਉਂਦਿਆਂ ਪੰਜਾਬੀ ਸਮਾਜ, ਸਿੱਖ ਕੌਮ ਅਤੇ ਆਪਣੇ ਧਰਮ ਲਈ ਅਜਿਹੇ ਨਿਵੇਕਲੇ ਮਰਹਲੇ ਨੂੰ ਸਦੀਵੀਂ ਕਾਇਮ ਕੀਤਾ ਹੈ ਜਿਸ ਨਾਲ ਕੌਮ ਦਾ ਮਾਣ ਹੋਰ ਉਚਾ ਹੋਇਆ ਹੈ ਅਤੇ ਅਜਿਹੀ ਮਿਸਾਲ ਅੱਜ ਦੇ ਪਦਾਰਥਵਾਦੀ ਯੁੱਗ ਵਿੱਚ ਬਹੁਤ ਘੱਟ ਦੇਖਣ ਨੂੰ ਮਿਲਦੀ ਹੈ।

ਉਹ ਹਰਦਿਲ ਅਜ਼ੀਜ਼ ਸੱਜਣ ਨੇ ਸਿੱਖੀ ਸਰੂਪ ਵਿੱਚ ਵਿਚਰਦੇ ਸ਼ ਹਰਜੀਤ ਸਿੰਘ ਗਰੇਵਾਲ, ਜੋ ਅਸਲ ਮਾਅਨਿਆਂ ਵਿਚ ਇਕ ਬਹੁਪੱਖੀ, ਨਿਵੇਕਲੀ ਅਤੇ ਰੰਗਲੀ ਸਖਸ਼ੀਅਤ ਦੇ ਮਾਲਕ ਹਨ। ਪੰਜਾਬ ਦੇ ਲੋਕ ਸੰਪਰਕ ਵਿਭਾਗ ਵਿੱਚ ਡਿਪਟੀ ਡਾਇਰੈਕਟਰ ਪ੍ਰੈਸ ਦੇ ਅਹੁਦੇ ?ਤੇ ਸੇਵਾ ਨਿਭਾਅ ਰਹੇ ਸ਼ ਗਰੇਵਾਲ ਨੇ ਆਪਣੇ ਜੀਵਨ ਦੌਰਾਨ ਵਿੱਦਿਅਕ, ਪੱਤਰਕਾਰਤਾ ਅਤੇ ਸਮਾਜ ਸੇਵਾ ਦੇ ਖੇਤਰਾਂ ਵਿਚ ਨਿਵੇਕਲੇ ਅਤੇ ਵੱਡੇ ਮਾਅਰਕੇ ਮਾਰੇ ਹਨ।

**ਗੱਤਕਾ ਖੇਡ ਦੀ ਪ੍ਰਫੁੱਲਤਾ ਵਿਚ ਵੱਡਾ ਯੋਗਦਾਨ**

ਕਰੀਬ ਪਿਛਲੇ ਇੱਕ ਦਹਾਕੇ ਤੋਂ ਸ਼ ਗਰੇਵਾਲ ਨੇ ਗੁਰੂ ਸਾਹਿਬਾਨ ਵੱਲੋਂ ਬਖਸ਼ੀ ਪੁਰਾਤਨ ਸਿੱਖ ਜੰਗਜੂ ਖੇਡ ?ਗੱਤਕੇ' ਦੀ ਪੁਨਰ-ਸੁਰਜੀਤੀ, ਇਸ ਨੂੰ ਮਾਨਤਾਪ੍ਰਾਪਤ ਖੇਡ ਵਜੋਂ ਪ੍ਰਫੁੱਲਤ ਕਰਨ ਅਤੇ ਇਸ ਕਲਾ ਦਾ ਦੇਸ਼-ਵਿਦੇਸ਼ ਵਿੱਚ ਪ੍ਰਚਾਰ-ਪਸਾਰ ਕਰਨ ਖਾਤਰ ਵੱਡੀ ਘਾਲਣਾ ਘਾਲੀ ਹੈ। ਕਦੇ ਸਾਰਕ ਸੰਸਥਾ ਅਤੇ ਯੂਨੈਸਕੋ ਵੱਲੋਂ ਲੁਪਤ ਕਰਾਰ ਦਿੱਤੀ ਜਾ ਚੁੱਕੀ ਇਸ ਵਿਰਾਸਤੀ ਅਤੇ ਸੱਭਿਆਚਾਰਕ ਕਲਾ ਨੂੰ ਸ਼ ਗਰੇਵਾਲ ਨੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਸਮੇਤ ਸਰਕਾਰੀ ਦਰਬਾਰੇ ਬਤੌਰ ਖੇਡ ਵਜੋਂ ਮਾਨਤਾ ਦਿਵਾਕੇ ਵਿਧੀਵਤ ਢੰਗ ਨਾਲ ਖਿਡਾਉਣ ਲਈ ਬਹੁਤ ਅਹਿਮ ਯੋਗਦਾਨ ਪਾਇਆ ਹੈ ਜਿਸ ਨਾਲ 21ਵੀਂ ਸਦੀ ਵਿੱਚ ਗੱਤਕੇ ਦੇ ਨਵੇਂ ਇਤਿਹਾਸ ਦੀ ਸਿਰਜਣਾ ਹੋਈ ਹੈ।ਗੱਤਕਾ ਖੇਡ ਸੰਸਥਾ ਦੇ ਗਠਨ ਉਪਰੰਤ ਇਸ ਨੂੰ ਖੇਡ ਵਜੋਂ ਸੂਬਾਈ ਅਤੇ ਕੌਮੀ ਪੱਧਰ 'ਤੇ ਪ੍ਰਫੁੱਲਤ ਕਰਨ ਲਈ ਸਾਲ 2008 ਅਤੇ 2009 ਵਿੱਚ ਉਨ੍ਹਾਂ ਨੂੰ ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾ ਵਿੱਚ ਪਲੇਠੀ ਗੱਤਕਾ ਨਿਯਮਾਂਵਲੀ ਸੰਪਾਦਨ ਕਰਨ ਦਾ ਮਾਣ ਹਾਸਲ ਹੈ। ਇਸ ਵਿਸਥਾਰਿਤ ਨਿਯਮਾਂਵਲੀ ਨੂੰ ਕਈ ਵਾਰ ਸੋਧਣ ਉਪਰੰਤ ਹੁਣ ਇਸ ਦਾ ਦੂਜਾ ਐਡੀਸ਼ਨ 2017 ਵਿਚ ਵਿਸ਼ਵ ਦੇ ਗੱਤਕਾ ਖਿਡਾਰੀਆਂ ਦੀ ਝੋਲੀ ਪਾਇਆ ਹੈ। ਲੋਕ ਸੰਪਰਕ ਅਫ਼ਸਰ, ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਅਤੇ ਡਿਪਟੀ ਡਾਇਰੈਕਟਰ ਵਰਗੇ ਅਹਿਮ ਅਹੁਦਿਆਂ ?ਤੇ ਵੱਖ-ਵੱਖ ਸਮੇਂ ?ਤੇ ਬਾਖੂਬੀ ਡਿਊਟੀ ਨਿਭਾਉਂਦਿਆਂ ਉਨ੍ਹਾਂ ਨੇ ਗੱਤਕੇ ਦੀ ਪ੍ਰਫੁੱਲਤਾ ਲਈ ਪੰਜਾਬ ਅਤੇ ਪੰਜਾਬ ਤੋਂ ਬਾਹਰ ਸੈਂਕੜੇ ਟੂਰਨਾਮੈਂਟ ਕਰਵਾਏ। ਬਹੁਤ ਸਾਰੀਆਂ ਗੱਤਕਾ ਵਰਕਸ਼ਾਪਾਂ, ਸਿਖਲਾਈ ਕੈਂਪਾਂ, ਰਿਫਰੈਸ਼ਰ ਕੋਰਸਾਂ ਅਤੇ ਸਮਾਗਮਾਂ ਦਾ ਪ੍ਰਬੰਧ ਕਰਦਿਆਂ ਖੁਦ ਹਾਜ਼ਰੀ ਵੀ ਭਰੀ।

ਉਨ੍ਹਾਂ ਦੇ ਮਨ ਵਿੱਚ ਹਰ ਸਮੇਂ ਗੱਤਕੇ ਦੀ ਬਿਹਤਰੀ ਲਈ ਯੋਜਨਾਵਾਂ ਘੜ੍ਹੀਆਂ-ਬੁਣੀਆਂ ਜਾ ਰਹੀਆਂ ਹੁੰਦੀਆਂ ਹਨ ਅਤੇ ਉਹ ਆਪਣੇ ਸਾਥੀਆਂ ਨੂੰ ਇੰਨਾਂ ?ਸਕੀਮਾਂ' ਦੀ ਸਫ਼ਲਤਾ ?ਤੇ ਕੰਮ ਕਰਨ ਲਈ ਪ੍ਰੇਰਿਤ ਕਰਦੇ ਰਹਿੰਦੇ ਹਨ। ਸ਼ ਗਰੇਵਾਲ ਅਤੇ ਉਨ੍ਹਾਂ ਦੀ ਟੀਮ ਦਾ ਟੀਚਾ ਹੈ ਕਿ ਇਸ ਪੁਰਾਤਨ ਕਲਾ ਨੂੰ ਉਲੰਪਿਕ ਖੇਡਾਂ ਵਿੱਚ ਸ਼ਾਮਲ ਕਰਵਾਇਆ ਜਾਵੇ ਜਿਸ ਲਈ ਬਤੌਰ ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ਼ ਇੰਡੀਆ ਦੇ ਪ੍ਰਧਾਨ ਵਜੋਂ ਉਨਾਂ ਇੱਕ ?ਵਿਜ਼ਨ ਡਾਕੂਮੈਂਟ' ਵੀ ਤਿਆਰ ਕੀਤਾ ਹੈ ਜਿਸ ਤਹਿਤ ਸਾਲ 2030 ਤੱਕ ਗੱਤਕਾ ਖੇਡ ਦੇ ਪਸਾਰ ਤੇ ਪ੍ਰਚਾਰ ਹਿੱਤ ਇੱਕ ?ਰੋਡ ਮੈਪ' ਉਲੀਕਿਆ ਗਿਆ ਹੈ।



**ਸਮਾਜ ਸੇਵਾ ਵਿਚ ਮੋਹਰੀ**

ਸਮਾਜ ਸੇਵਾ ਦੇ ਕੰਮਾਂ ਵਿੱਚ ਵਿਚਰਦਿਆਂ ਸ਼ ਗਰੇਵਾਲ ਕਈ ਵੱਡੀਆਂ ਸੰਸਥਾਵਾਂ ਨਾਲ ਜੁੜੇ ਹੋਏ ਹਨ। ਉਹ ਗੱਤਕਾ ਐਸੋਸੀਏਸ਼ਨ ਪੰਜਾਬ ਅਤੇ ਇੰਟਰਨੈਸ਼ਨਲ ਸਿੱਖ ਮਾਰਸ਼ਲ ਆਰਟ ਅਕੈਡਮੀ ਦੇ ਚੇਅਰਮੈਨ ਹਨ। ਇਸ ਤੋਂ ਇਲਾਵਾ ਮਾਂ-ਬੋਲੀ ਨੂੰ ਵੱਖ-ਵੱਖ ਰਾਜਾਂ ਵਿੱਚ ਬਣਦਾ ਰੁਤਬਾ ਦਿਵਾਉਣ ਅਤੇ ਇਸ ਦੀ ਪ੍ਰਫੁੱਲਤਾ ਲਈ ਉਹ ਪੰਜਾਬੀ ਕਲਚਰਲ ਕੌਂਸਲ ਦੇ ਚੇਅਰਮੈਨ ਅਤੇ ਪੰਜਾਬੀ ਆਰਟਸ ਐਂਡ ਕਲਚਰਲ ਫਾਊਂਡੇਸ਼ਨ ਦੇ ਸੀਨੀਅਰ ਮੀਤ ਪ੍ਰਧਾਨ ਵਜੋਂ ਸਰਗਰਮੀ ਨਾਲ ਕਾਰਜਸ਼ੀਲ ਹਨ।

ਸਮਾਜ ਸੇਵਾ ਨੂੰ ਸਮਰਪਿਤ ਸ਼ ਗਰੇਵਾਲ ਨੇ ਸਵੈਇੱਛਕ ਖੂਨਦਾਨੀ ਵਜੋਂ ਹੁਣ ਤੱਕ 12 ਵਾਰ ਖੂਨਦਾਨ ਕੀਤਾ ਹੈ ਅਤੇ ਉਹ ਬਲੱਡ ਡੋਨਰਜ਼ ਕੌਂਸਲ ਲੁਧਿਆਣਾ ਦੇ ਪ੍ਰਧਾਨ ਵਜੋਂ ਖੂਨਦਾਨ ਮੁਹਿੰਮ ਵਿੱਚ ਵੀ ਯੋਗਦਾਨ ਪਾ ਰਹੇ ਹਨ। ਇਸ ਤੋਂ ਇਲਾਵਾ ਇਹ ਬਹੁ-ਪੱਖੀ ਸਖਸ਼ੀਅਤ ਗਲੋਬਲ ਆਰਗਨ ਡੋਨਰਜ਼ ਫਾਊਂਡੇਸ਼ਨ (ਗਾਡ ਫਾਊਂਡੇਸ਼ਨ) ਦੇ ਮੈਨੇਜਿੰਗ ਡਾਇਰੈਕਟਰ ਵਜੋਂ ਅੰਗ-ਦਾਨ ਅਤੇ ਟਿਸ਼ੂ ਦਾਨ ਦੀ ਚੇਤਨਾ ਫੈਲਾਉਣ ਵਿਚ ਵੀ ਮੋਹਰੀ ਭੂਮਿਕਾ ਅਦਾ ਕਰ ਰਹੀ ਹੈ। ਪੰਜਾਬ ਦੇ ਅਹਿਮ ਮਸਲਿਆਂ ਅਤੇ ਮੁੱਦਿਆਂ ?ਤੇ ਖੋਜ ਵਿਸ਼ਿਆਂ ਲਈ ਉਹ ?ਸੈਂਟਰ ਫਾਰ ਰਿਸਰਚ ਐਂਡ ਡਿਵੈਲਪਮੈਂਟ ਸਟੱਡੀਜ਼ ਪੰਜਾਬ' ਦੇ ਚੇਅਰਮੈਨ ਵਜੋਂ ਵੀ ਸਰਗਰਮ ਭੂਮਿਕਾ ਅਦਾ ਕਰ ਰਹੇ ਹਨ। ਕਈ ਸਾਲ ਲੋਕ ਸੰਪਰਕ ਵਿਭਾਗ ਦੀ ਆਫ਼ੀਸਰਜ਼ ਐਸੋਸੀਏਸ਼ਨ ਦੇ ਪ੍ਰਧਾਨ ਵੀ ਰਹੇ। ਇਸ ਵੇਲੇ ਉਹ ਪਬਲਿਕ ਰਿਲੇਸ਼ਨਜ਼ ਸੁਸਾਇਟੀ ਆਫ਼ ਇੰਡੀਆ ਦੇ ਚੰਡੀਗੜ੍ਹ ਚੈਪਟਰ ਦੇ ਚੇਅਰਮੈਨ ਵੀ ਹਨ।

ਵੱਕਾਰੀ ?ਸਟੇਟ ਐਵਾਰਡ' ਨਾਲ ਸਨਮਾਨ ਗੱਤਕੇ ਦੀ ਪ੍ਰਫੁੱਲਤਾ, ਮਾਂ-ਬੋਲੀ ਅਤੇ ਸਮਾਜ ਸੇਵਾ ਪ੍ਰਤੀ ਬਹੁਮੁੱਲੀਆਂ ਪ੍ਰਾਪਤੀਆਂ ਨੂੰ ਦੇਖਦਿਆਂ ਪੰਜਾਬ ਸਰਕਾਰ ਨੇ ਉਨਾਂ ਨੂੰ ਸਾਲ 2010 ਵਿਚ ਵੱਕਾਰੀ ?ਸਟੇਟ ਐਵਾਰਡ' ਨਾਲ ਸਨਮਾਨਿਤ ਕੀਤਾ। ਸਮਾਜ ਦੀਆਂ ਕਈ ਸੰਸਥਾਵਾਂ ਵੱਲੋਂ ਸ਼ ਗਰੇਵਾਲ ਨੂੰ ਸਨਮਾਨਿਤ ਕੀਤਾ ਜਾ ਚੁੱਕਾ ਹੈ ਜਿਨਾਂ ਵਿੱਚ ਯੂਥਕੇਥ ਗੱਤਕਾ ਫੈਡਰੇਸ਼ਨ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ਕਲਾ ਮੰਚ ਸੰਗਰੂਰ, ਜਥੇਦਾਰ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, ਆਲ ਇੰਡੀਆ ਪਿੰਗਲਵਾੜਾ ਸੁਸਾਇਟੀ, ਦਾ ਗ੍ਰੀਨ ਸੰਗਰੂਰ, ਅਦਾਰਾ ਜਾਗਰਨ ਗਰੁੱਪ, ਚੀਫ ਖਾਲਸਾ ਦੀਵਾਨ ਅੰਮ੍ਰਿਤਸਰ, ਦਿੱਲੀ ਸਿੱਖ ਗੁਰਦਵਾਰਾ ਮੈਨੇਜਮੈਂਟ ਕਮੇਟੀ, ਗੱਤਕਾ ਫੈਡਰੇਸ਼ਨ ਆਫ ਨਿਪਾਲ ਅਤੇ ਯੂਰਪੀਅਨ ਪੰਜਾਬੀ ਸੱਥ ਆਦਿ ਸਮੇਤ ਹੋਰ ਦੋ ਦਰਜਨ ਸੰਸਥਾਵਾਂ ਸ਼ਾਮਲ ਹਨ। ਸ਼ ਗਰੇਵਾਲ ਦੇਸ਼-ਦੁਨੀਆਂ ਘੁੰਮਣ ਵਾਲੀ ਸਖਸ਼ੀਅਤ ਹੈ ਅਤੇ ਉਨ੍ਹਾਂ ਕਈ ਦੇਸ਼ਾਂ ਦਾ ਦੌਰਾ ਵੀ ਕੀਤਾ ਹੈ ਜਿਨ੍ਹਾਂ ਵਿਚ ਇੰਗਲੈਂਡ ਆਸਟਰੇਲੀਆ ਅਤੇ ਨਿਪਾਲ ਵਰਗੇ ਮੁਲਕ ਸ਼ਾਮਲ ਹਨ।

ਪੇਸ਼ੇਵਰ ਜ਼ਿੰਦਗੀ ਦੀਆਂ ਪ੍ਰਾਪਤੀਆਂ ਸਾਇੰਸ ਗ੍ਰੈਜੂਏਟ ਸ਼ ਗਰੇਵਾਲ ਸਾਲ 1991 ਵਿੱਚ ਵਕਾਲਤ ਦੀ ਡਿਗਰੀ ਪਾਸ ਕਰਨ ਤੋਂ ਬਾਅਦ ਬਾਰ ਕੌਂਸਲ ਪੰਜਾਬ ਅਤੇ ਹਰਿਆਣਾ ਦੇ ਮੈਂਬਰ ਵੀ ਰਹੇ। ਉਪਰੰਤ ਜਰਨਲਿਜ਼ਮ ਅਤੇ ਮਾਸ ਕਮਿਊਨੀਕੇਸ਼ਨ ਵਿਚ ਮਾਸਟਰ ਡਿਗਰੀ ਪ੍ਰਾਪਤ ਕੀਤੀ। ਸਾਲ 1992 ਵਿਚ ?ਪੰਜਾਬੀ ਟ੍ਰਿਬਿਊਨ' ਤੋਂ ਸਿਖਲਾਈ ਲੈ ਕੇ ਪੱਤਰਕਾਰਤਾ ਦੀਆਂ ਬਾਰੀਕੀਆਂ ਸਿੱਖਣ ਉਪਰੰਤ ਉਹ ਕਰੀਬ ਇੱਕ ਸਾਲ ?ਰੋਜ਼ਾਨਾ ਚੜ੍ਹਦੀ ਕਲਾ' (ਪਟਿਆਲਾ) ਵਿਖੇ ਉਪ-ਸੰਪਾਦਕ ਰਹੇ। ਇਨਾਂ ਦਿਨਾਂ ਵਿੱਚ ਹੀ ਉਨ੍ਹਾਂ ਨੇ ?ਆਲ ਇੰਡੀਆ ਰੇਡੀਓ' ਪਟਿਆਲਾ ਅਤੇ ਜਲੰਧਰ ਦੇ ਹਫਤਾਵਾਰੀ ਪ੍ਰੋਗਰਾਮਾਂ ਨੂੰ ਬਾਖੂਬੀ ਪੇਸ਼ ਕੀਤਾ। ਨਵੰਬਰ 1993 ਤੋਂ ਉਨ੍ਹਾਂ ?ਰੋਜ਼ਾਨਾ ਅਜੀਤ' ਵਿਚ ਉਪ-ਸੰਪਾਦਕ ਵਜੋਂ ਆਪਣੀ ਪੇਸ਼ੇਵਰ ਜ਼ਿੰਦਗੀ ਦਾ ਇਕ ਨਵਾਂ ਅਧਿਆਏ ਸ਼ੁਰੂ ਕੀਤਾ ਅਤੇ ਇਸ ਅਦਾਰੇ ਵਿਚ ਪੂਰੀ ਤਨਦੇਹੀ ਨਾਲ ਅੱਠ ਸਾਲ ਤੱਕ ਸ਼ਾਨਦਾਰ ਸੇਵਾਵਾਂ ਨਿਭਾਈਆਂ। ਉਪਰੰਤ ਸ਼ ਗਰੇਵਾਲ ਲੋਕ ਸੰਪਰਕ ਵਿਭਾਗ ਪੰਜਾਬ ਵਿਚ ਬਤੌਰ ਲੋਕ ਸੰਪਰਕ ਅਫਸਰ ਭਰਤੀ ਹੋ ਗਏ। ਕਰੀਬ 16 ਸਾਲਾਂ ਦੀ ਇਸ ਬੇਦਾਗ ਨੌਕਰੀ ਦੌਰਾਨ ਉਨਾਂ ਬਹੁਤ ਅਹਿਮ ਜ਼ਿੰਮੇਵਾਰੀਆਂ ?ਤੇ ਕੰਮ ਕੀਤਾ ਅਤੇ ਹਰ ਤਰ੍ਹਾਂ ਦੀਆਂ ਚੁਣੌਤੀਆਂ ਨੂੰ ਸਫਲਤਾਪੂਰਬਕ ਸਰ ਕੀਤਾ ਹੈ। ਉਨਾਂ ਡੀਥਪੀਥਆਰਥਓ ਰੂਪਨਗਰ ਤੋਂ ਇਲਾਵਾ ਵਿਜੀਲੈਂਸ ਬਿਓਰੋ, ਡੀਥਜੀਥਪੀ ਪੰਜਾਬ ਸਮੇਤ ਕਈ ਮੰਤਰੀਆਂ ਨਾਲ ਬਤੌਰ ਪੀਥਆਰਥਓ ਵਜੋਂ ਸ਼ਾਨਦਾਰ ਸੇਵਾਵਾਂ ਨਿਭਾਈਆਂ ਹਨ। ਨੌਕਰੀ ਪ੍ਰਤੀ ਲਗਨ, ਮਿਹਨਤ ਅਤੇ ਸਮਰਪਣ ਦੀ ਭਾਵਨਾ ਨੂੰ ਦੇਖਦਿਆਂ ਉਨ੍ਹਾਂ ਨੂੰ ਉਪ ਮੁੱਖ ਮੰਤਰੀ ਪੰਜਾਬ ਨਾਲ ਡਿਪਟੀ ਡਾਇਰੈਕਟਰ ਪ੍ਰੈਸ ਵਜੋਂ ਤਾਇਨਾਤ ਕੀਤਾ ਗਿਆ। ਇੱਥੇ ਵੀ ਉਨ੍ਹਾਂ ਸਿੱਧ ਕੀਤਾ ਕਿ ਆਪਣੇ ਪੇਸ਼ੇ ਪ੍ਰਤੀ ਉਹ ਕਿਸੇ ਵੀ ਪ੍ਰਕਾਰ ਦਾ ਸਮਝੌਤਾ ਨਹੀਂ ਕਰਦੇ। ਆਪ ਇਕ ਬੇਹਤਰੀਨ ਖਿਡਾਰੀ ਵੀ ਰਹੇ। ਉਨ੍ਹਾਂ 35ਵੀਂ ਸੀਨੀਅਰ ਨੈਸ਼ਨਲ ਮੁੱਕੇਬਾਜੀ ਚੈਂਪੀਅਸ਼ਿਪ ਵਿਚ ਹਿੱਸਾ ਲਿਆ ਅਤੇ 21ਵੀਂ ਪੰਜਾਬ ਸੀਨੀਅਰ ਮੁੱਕੇਬਾਜੀ ਚੈਂਪੀਅਨਸ਼ਿਪ ਵਿਚ ਤੀਜਾ ਸਥਾਨ ਹਾਸਲ ਕੀਤਾ। ਉਨਾਂ ਸਕੂਲ ਅਤੇ ਕਾਲਜ ਦੌਰਾਨ ਹੋਰ ਖੇਡਾਂ ਵਿੱਚ ਵੀ ਆਪਣੀ ਹਾਜ਼ਰੀ ਲਵਾਈ।

ਇਸ ਤੋਂ ਇਲਾਵਾ ਬਹੁਤ ਸਾਰੇ ਵੱਖ-ਵੱਖ ਸਮਾਜਿਕ ਮੁੱਦਿਆਂ 'ਤੇ ਉਹ ਆਪਣੀ ਕਲਮ ਰਾਹੀਂ ਆਵਾਜ਼ ਬੁਲੰਦ ਕਰਦੇ ਆ ਰਹੇ ਹਨ। ਅਖਬਾਰਾਂ, ਮੈਗਜ਼ੀਨਾਂ, ਚੈਨਲਾਂ, ਰੇਡੀਓ ਤੇ ਹੋਰ ਮੀਡੀਆ ਸਾਧਨਾਂ ਵਿਚ ਉਨ੍ਹਾਂ ਦੇ ਲੇਖ ਅਤੇ ਵਿਚਾਰ-ਚਰਚਾ ਛਪਦੀ ਅਤੇ ਪ੍ਰਸਾਰਿਤ ਹੁੰਦੀ ਰਹਿੰਦੀ ਹੈ। ਅੱਜ ਦੇ ਤੇਜ਼-ਤਰਾਰ ਅਤੇ ਪਦਾਰਥਵਾਦੀ ਯੁੱਗ ਵਿੱਚ ਸਮਾਜ ਨੂੰ ਅਜਿਹੇ ਮਾਣਮੱਤੇ ਰੰਗਲੇ ਸੱਜਣਾਂ ਦੀ ਬੇਹੱਦ ਲੋੜ ਹੈ ਜਿਨਾਂ ਤੋਂ ਆਉਣ ਵਾਲੀਆਂ ਨਸਲਾਂ ਬਹੁਤ ਕੁੱਝ ਸਿੱਖ ਅਤੇ ਸੇਧ ਲੈ ਸਕਦੀਆਂ ਹਨ। ਸ਼ਾਲਾ, ਸਮਾਜ ਸੇਵਾ ਨੂੰ ਪ੍ਰਣਾਈ ਹੋਈ ਰੁਹਾਨੀਅਤ ਵਿੱਚ ਰੰਗੀ ਇਹ ਸਖਸ਼ੀਅਤ ਲੰਮੀਆਂ ਉਮਰਾਂ ਮਾਣੇ ਅਤੇ ਹੋਰ ਵੱਡੀਆਂ ਪੁਲਾਂਘਾਂ ਪੁੱਟ ਕੇ ਕੌਮ, ਦੇਸ਼, ਪੰਜਾਬ ਅਤੇ ਮਾਪਿਆਂ ਦਾ ਨਾਮ ਰੌਸ਼ਨ ਕਰਦੀ ਰਹੇ।

# ਸਰਾਰਤੀ ਲੋਕਾਂ ਨੂੰ ਸਖਤੀ ਨਾਲ ਨੱਥ ਪਾਉਣ ਦੀ ਮੁੱਖ ਲੋੜ : ਜਥੇਦਾਰ ਸ਼੍ਰੀ ਅਕਾਲ ਤਖਤ

ਏਜੰਸੀਆਂ

ਅੰਮ੍ਰਿਤਸਰ 27 ਜੂਨ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਬੀਤੇ ਕੱਲ ਇਕ ਕੁੜੀ ਵਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ



ਸਾਹਿਬ ਅੰਮ੍ਰਿਤਸਰ ਦੀ ਪਰਿਕਰਮਾ ਵਿਚ ਯੋਗ ਆਸਨ ਵਿਚ ਤਸਵੀਰਾਂ ਖਿਚਵਾ ਕੇ ਸੋਸਲ ਮੀਡੀਆ 'ਤੇ ਅਪਲੋਡ ਕਰਨ ਦੇ ਮਾਮਲੇ ਵਿਚ ਕਿਹਾ ਹੈ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਸਿੱਖ ਰੂਹਾਨੀਅਤ ਦਾ ਕੇਂਦਰ ਹੈ ਅਤੇ ਇੱਥੇ ਸਮੁੱਚੀ ਮਾਨਵ ਜਾਤੀ ਨੂੰ ਰੱਬੀ ਏਕਤਾ ਦਾ ਸੰਦੇਸ ਮਿਲਦਾ ਹੈ ਪਰ ਯੋਗ ਆਸਨ ਦੀ ਸਿੱਖ ਧਰਮ ਵਿਚ ਕੋਈ ਮਹੱਤਤਾ ਨਹੀਂ ਹੈ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਸਿੱਖ ਧਰਮ ਇਕ ਨਿਆਰਾ ਤੇ ਨਿਰਾਲਾ ਧਰਮ ਹੈ, ਜਿਸ ਬਾਰੇ ਕੁਝ ਤਾਕਤਾਂ ਜਾਣ-ਬੁਝ ਕੇ ਗਲਤ ਪ੍ਰਚਾਰ ਕਰਨ ਵਿਚ ਲੱਗੀਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬਾਨ ਨੇ ਸਰੀਰਕ ਕਸਰਤ ਲਈ ਸਿੱਖਾਂ ਨੂੰ ਗੱਤਕਾ ਵਰਗੀ ਜੰਗਜੂ ਕਲਾ ਦਿੱਤੀ ਹੈ ਅਤੇ ਸਿੱਖ ਯੋਗ ਨਹੀਂ, ਗੱਤਕਾ ਖੇਡਦੇ ਹਨ। ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਆਦੇਸ ਕੀਤਾ ਕਿ ਭਵਿੱਖ ਵਿਚ ਇਸ ਗੱਲ ਵੱਲ ਸੁਚੇਤ ਰੂਪ ਵਿਚ ਧਿਆਨ ਦਿੱਤਾ ਜਾਵੇ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੇ ਸਮੂਹ ਅੰਦਰ ਕੋਈ ਵੀ ਅਜਿਹੀ ਕਿਰਿਆ ਜਾਂ ਕਰਮ ਨਾ ਹੋਣ ਦਿੱਤਾ ਜਾਵੇ, ਜੋ ਸਿੱਖ ਧਰਮ ਦੇ ਨਿਆਰੇਪਨ ਦੇ ਉਲਟ ਅਤੇ ਗੁਰੂ-ਘਰ ਦੀ ਮਰਿਆਦਾ ਵਿਚ ਫਰਕ ਪਾਉਂਦੀ ਹੋਵੇ। ਉਨ੍ਹਾਂ ਆਖਿਆ ਕਿ ਸਰਕਾਰਾਂ ਨੂੰ ਵੀ ਇਹੋ ਜਿਹੇ ਸਰਾਰਤੀ ਲੋਕਾਂ ਨੂੰ ਸਖਤੀ ਨਾਲ ਨੱਥ ਪਾਉਣੀ ਚਾਹੀਦੀ ਹੈ, ਜੋ ਕਿਸੇ ਨਫਰਤ ਭਰੀ ਸੋਚ ਦੇ ਪਿੱਛੇ ਲੱਗ ਕੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਕੋਝੇ ਯਤਨ ਕਰਦੇ ਹਨ ਅਤੇ ਸਮਾਜ ਦਾ ਮਾਹੌਲ ਖਰਾਬ ਕਰਦੇ ਹਨ।

# ਐੱਮ. ਆਰ. ਐੱਸ. ਏ. ਐੱਫ. ਪੀ. ਆਈ. ਤੋਂ ਪਾਸਆਊਟ ਹੋਣ ਵਾਲੇ ਕੈਡਿਟਾਂ ਦੀ ਯਾਦਗਾਰੀ ਮਿਲਣੀ

ਸਰਦੂਲ ਸਿੰਘ

ਚੰਡੀਗੜ੍ਹ 27 ਜੂਨ। ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ ਪ੍ਰੈਪਰੇਟਰੀ ਇੰਸਟੀਚਿਊਟ (ਐੱਮ.ਆਰ.ਐੱਸ.ਏ.ਐੱਫ.ਪੀ.ਆਈ.), ਐੱਸ.ਏ.ਐੱਸ. ਨਗਰ ਵੱਲੋਂ ਆਪਣੇ ਸਾਬਕਾ ਕੈਡਿਟਾਂ ਦਾ ਅਚੀਵਰ ਐਵਾਰਡ ਨਾਲ ਸਨਮਾਨ ਕੀਤਾ ਗਿਆ। ਇਸ ਅਚੀਵਰ ਐਵਾਰਡ ਸਮਾਗਮ ਦੀ ਪ੍ਰਧਾਨਗੀ ਇਸ ਸੰਸਥਾ ਦੇ ਬਾਨੀ ਡਾਇਰੈਕਟਰ ਅਤੇ ਗਵਰਨਿੰਗ ਬਾਡੀ ਦੇ ਮੈਂਬਰ ਮੇਜਰ ਜਨਰਲ ਬੀ.ਐੱਸ. ਗਰੇਵਾਲ, ਵੀ.ਐੱਸ.ਐੱਮ. (ਸੇਵਾਮੁਕਤ) ਨੇ ਕੀਤੀ। ਇਸ ਸਮਾਗਮ ਵਿਚ ਪ੍ਰੈਪਰੇਟਰੀ ਇੰਸਟੀਚਿਊਟ ਦੇ 43 ਸਾਬਕਾ ਵਿਦਿਆਰਥੀਆਂ ਦਾ ਅਚੀਵਰ ਐਵਾਰਡ ਨਾਲ ਸਨਮਾਨ ਕੀਤਾ ਗਿਆ, ਜਿਨ੍ਹਾਂ ਵਿਚੋਂ ਦਸ ਕੈਡਿਟ ਮਈ-ਜੂਨ 2024 'ਚ ਭਾਰਤੀ ਹਥਿਆਰਬੰਦ ਸੈਨਾਵਾਂ ਵਿਚ ਕਮਿਸਨਡ ਅਫਸਰ ਵਜੋਂ ਸਾਮਲ ਹੋਏ ਹਨ। ਇਨ੍ਹਾਂ ਤੋਂ ਇਲਾਵਾ ਨੈਸਨਲ ਡਿਫੈਂਸ ਅਕੈਡਮੀ (ਐੱਨ.ਡੀ.ਏ.) ਤੋਂ ਪਾਸ ਹੋਏ ਕੈਡਿਟ ਅਤੇ ਮੌਜੂਦਾ ਸਮੇਂ ਵਿਚ ਐੱਨ.ਡੀ.ਏ./ਹੋਰ ਟਰੇਨਿੰਗ ਅਕੈਡਮੀਆਂ ਵਿਚ ਸਿਖਲਾਈ ਲੈ ਰਹੇ ਕੈਡਿਟ ਵੀ ਸ਼ਾਮਲ ਸਨ। ਸਨਮਾਨ ਹਾਸਲ ਕਰਨ ਵਾਲੇ ਸਾਬਕਾਂ ਕੈਡਿਟਾਂ ਵਿਚ ਇਸ ਸੰਸਥਾ ਦੇ ਪਹਿਲੇ ਕੋਰਸ ਦੇ ਤਿੰਨ ਅਚੀਵਰ ਵੀ ਸ਼ਾਮਲ ਸਨ, ਜਿਨ੍ਹਾਂ ਨੇ ਆਪਣੀ ਡਿਊਟੀ ਤੋਂ ਛੁੱਟੀ ਲੈ ਕੇ ਵਿਸੇਸ ਤੌਰ 'ਤੇ ਸਮਾਗਮ ਵਿਚ ਸ਼ਿਰਕਤ ਕਰਨ ਆਏ ਸਨ। ਮੇਜਰ ਜਨਰਲ ਬੀ.ਐੱਸ. ਗਰੇਵਾਲ ਨੇ ਸਫ਼ਲ ਕੈਡਿਟਾਂ ਦੀ ਸ਼ਲਾਘਾ ਕਰਦਿਆਂ ਆਸ ਪ੍ਰਗਟਾਈ ਕਿ ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ ਪ੍ਰੈਪਰੇਟਰੀ ਇੰਸਟੀਚਿਊਟ ਭਵਿੱਖ ਵਿਚ ਵੀ ਕੈਡਿਟਾਂ ਨੂੰ ਟਰੇਨਿੰਗ ਸਰਵਿਸ ਅਕੈਡਮੀਆਂ ਵਿਚ ਉੱਤਮ ਰਹਿਣ ਲਈ ਬਿਹਤਰੀਨ ਮੰਚ ਪ੍ਰਦਾਨ ਕਰਦਾ ਰਹੇਗਾ। ਉਨ੍ਹਾਂ ਕਿਹਾ ਕਿ ਫੌਜ ਵਿਚ ਭਰਤੀ ਹੋਣਾ ਕਿਸੇ ਹੋਰ ਕਿੱਤੇ ਵਰਗਾ ਨਹੀਂ ਹੈ, ਇਹ ਉਸ ਤੋਂ ਕਿਤੇ ਵੱਧ ਹੈ ਅਤੇ ਇਸ ਲਈ ਜਨੂੰਨ ਹੋਣਾ ਚਾਹੀਦਾ ਹੈ। ਕੈਡਿਟਾਂ ਨੂੰ ਬਿਹਤਰ ਸੇਵਾਵਾਂ ਪ੍ਰਦਾਨ ਕਰਨ ਲਈ ਪ੍ਰੇਰਿਤ ਕਰਦਿਆਂ ਉਨ੍ਹਾਂ ਨੇ ਕੈਡਿਟਾਂ ਨੂੰ ਆਪਣੀ ਛੁਪੀ ਪ੍ਰਤਿਭਾ ਨੂੰ ਖੋਜਣ, ਆਪਣੀਆਂ ਕਮੀਆਂ ਨੂੰ ਦੂਰ ਕਰਨ ਅਤੇ ਇਮਾਨਦਾਰੀ ਦੇ ਉੱਚੇ ਮਾਪਦੰਡ ਸਥਾਪਤ ਕਰਨ ਲਈ ਵੀ ਕਿਹਾ। ਉਨ੍ਹਾਂ ਨੇ ਮਿਸਾਲੀ ਨਤੀਜੇ ਪ੍ਰਾਪਤ ਕਰਨ ਲਈ ਮੌਜੂਦਾ ਐੱਮ.ਆਰ.ਐੱਸ.ਏ.ਐੱਫ.ਪੀ.ਆਈ. ਫੈਕਲਟੀ ਵੱਲੋਂ ਕੀਤੇ ਜਾ ਰਹੇ ਯਤਨਾਂ ਦੀ ਵੀ ਸਲਾਘਾ ਕੀਤੀ। ਪ੍ਰੈਪਰੇਟਰੀ ਇੰਸਟੀਚਿਊਟ ਦੇ ਡਾਇਰੈਕਟਰ ਮੇਜਰ ਜਨਰਲ ਅਜੈ ਐੱਚ. ਚੌਹਾਨ, ਵੀ.ਐੱਸ.ਐੱਮ. (ਸੇਵਾਮੁਕਤ) ਨੇ ਕਿਹਾ ਕਿ



ਮਹਾਰਾਜਾ ਰਣਜੀਤ ਸਿੰਘ ਏ.ਐੱਫ.ਪੀ.ਆਈ. ਨੇ ਹੁਣ ਤੱਕ 229 ਕੈਡਿਟਾਂ ਨੂੰ ਐੱਨ.ਡੀ.ਏ. /ਹੋਰ ਅਕੈਡਮੀਆਂ ਵਿਚ ਭੇਜਿਆ ਹੈ। ਉਨ੍ਹਾਂ ਕਿਹਾ ਕਿ ਐੱਸ.ਐੱਸ.ਬੀ. ਪਾਸ ਕਰਨ ਵਾਲੇ 22 ਕੈਡਿਟਾਂ ਨੂੰ ਐੱਨਡੀਏ ਵਿਚ ਸਾਮਲ ਹੋਣ ਸਬੰਧੀ ਪੱਤਰ ਮਿਲਣੇ ਸ਼ੁਰੂ ਹੋ ਗਏ ਹਨ। ਉਨ੍ਹਾਂ ਕਿਹਾ ਕਿ ਇਹ ਸੰਸਥਾ ਹਥਿਆਰਬੰਦ ਬਲਾਂ ਲਈ ਕੈਡਿਟ ਤਿਆਰ ਕਰਨ ਵਿੱਚ ਸਰਬੋਤਮ ਸੰਸਥਾ ਵਜੋਂ ਉਭਰੀ ਹੈ ਅਤੇ ਦੇਸ ਭਰ ਵਿਚ ਇਸ ਦੇ ਨਤੀਜੇ ਸਭ ਤੋਂ ਬਿਹਤਰ ਹਨ।

## ਪੰਜਾਬ 'ਚ 105 ਨਾਨਕ ਬਗੀਚੀਆਂ ਤੇ 25 ਪਵਿੱਤਰ ਵਣ ਸਥਾਪਿਤ ਕੀਤੇ

ਚੰਡੀਗੜ੍ਹ 27 ਜੂਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸਾਫ-ਸੁਥਰਾ ਅਤੇ ਹਰਿਆ ਭਰਿਆ ਵਾਤਾਵਰਣ ਯਕੀਨੀ ਬਣਾਉਣ ਲਈ ਹਰ ਸੰਭਵ ਕਦਮ ਚੁੱਕ ਰਹੀ ਹੈ। ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਨੇ ਕੈਬਨਿਟ ਮੰਤਰੀ



ਲਾਲ ਚੰਦ ਕਟਾਰੂਚੱਕ ਦੀ ਰਹਿਨੁਮਾਈ ਹੇਠ ਇਸ ਦਿਸ਼ਾ 'ਚ ਸ਼ਲਾਘਾਯੋਗ ਕੰਮ ਕੀਤਾ ਹੈ। ਸਾਲ 2023-24 ਦੌਰਾਨ ਵਿਭਾਗ ਨੇ 5740 ਹੈਕਟੇਅਰ ਰਕਬੇ 'ਤੇ ਵੱਖ-ਵੱਖ ਸਕੀਮਾਂ ਤਹਿਤ 44 ਲੱਖ ਬੂਟੇ ਲਗਾਏ ਹਨ। ਇਸ ਤੋਂ ਇਲਾਵਾ ਵਿਭਾਗ ਪੰਜਾਬ ਹਰਿਆਵਲ ਲਹਿਰ ਅਧੀਨ ਸੂਬੇ ਦੇ ਕਰੀਬ 44 ਲੱਖ ਟਿਊਬਵੈੱਲਾਂ 'ਤੇ ਪ੍ਰਤੀ ਟਿਊਬਵੈੱਲ ਘੱਟੋ-ਘੱਟ 3 ਬੂਟੇ ਲਗਾਉਣ ਲਈ ਯਤਨਸ਼ੀਲ ਹੈ। ਦੱਸਣਯੋਗ ਹੈ ਕਿ ਮੌਜੂਦਾ ਸਾਲ ਦੌਰਾਨ 4.60 ਲੱਖ ਟਿਊਬਵੈੱਲਾਂ 'ਤੇ 8.31 ਲੱਖ ਬੂਟੇ ਲਗਾਏ ਗਏ ਹਨ। ਪੰਜਾਬ ਦੇ ਹਰਿਆਲੀ ਮਿਸਨ ਅਧੀਨ ਇਸ ਸਾਲ 105 ਨਾਨਕ ਬਗੀਚੀਆਂ ਅਤੇ 25 ਪਵਿੱਤਰ ਵਣ ਸਥਾਪਿਤ ਕਰਨ ਦਾ ਕੰਮ ਪੂਰੀ ਤਰ੍ਹਾਂ ਮੁਕੰਮਲ ਹੋ ਚੁੱਕਿਆ ਹੈ। ਸਟੇਟ ਅਥਾਰਟੀ ਕੈਂਪਾ ਸਕੀਮ ਤਹਿਤ ਮੁਲਾਜਮਾਂ ਖਾਸ ਕਰਕੇ ਔਰਤਾਂ ਲਈ ਸਵੱਛਤਾ ਨੂੰ ਯਕੀਨੀ ਬਣਾਉਣ ਲਈ 3 ਕਰੋੜ ਰੁਪਏ ਦੀ ਲਾਗਤ ਨਾਲ ਵੱਖ-ਵੱਖ ਨਰਸਰੀਆਂ 'ਚ 100 ਪਖਾਨਿਆਂ ਦੀ ਉਸਾਰੀ ਕੀਤੀ ਗਈ ਹੈ। ਬੁਲਾਰੇ ਨੇ ਅੱਗੇ ਦੱਸਿਆ ਕਿ ਸਾਲ 2024-25 ਦੌਰਾਨ 45 ਹੋਰ ਪਖਾਨੇ ਤਿਆਰ ਹੋ ਜਾਣਗੇ।

## ਬੈੱਡ 'ਚੋਂ ਮਿਲੀ ਸਾਬਕਾ ਫੌਜੀ ਦੀ ਲਾਸ਼ ਦੇ ਮਾਮਲੇ 'ਚ ਝੂਠੇ ਫਸਾਏ ਕਿਰਾਏਦਾਰ ਸਨੋਜ ਨੂੰ ਜੇਲ ਤੋਂ ਕਰਵਾਇਆ ਡਿਸਚਾਰਜ

ਜਲੰਧਰ 27 ਜੂਨ। 7 ਮਈ ਨੂੰ ਗਦਾਈਪੁਰ ਵਿਚ ਰਹਿੰਦੀ ਹਿਮਾਚਲੀ ਦੇਵੀ ਦੇ ਘਰ ਵਿਚੋਂ ਮਿਲੀ ਸਾਬਕਾ ਫੌਜੀ ਦੀ ਲਾਸ਼ ਦੇ ਮਾਮਲੇ ਵਿਚ ਝੂਠੇ ਫਸਾਏ ਗਏ ਮੁਲਜਮ ਔਰਤ ਦੇ ਸਾਬਕਾ ਕਿਰਾਏਦਾਰ ਨੂੰ ਪੁਲਸ ਨੇ ਬੇਕਸੂਰ ਹੋਣ 'ਤੇ ਜੇਲ ਤੋਂ ਡਿਸਚਾਰਜ ਕਰਵਾ ਲਿਆ ਹੈ। ਸਨੋਜ ਨੂੰ ਚੌਂਕੀ ਫੋਕਲ ਪੁਆਇੰਟ ਦੀ ਪੁਲਸ ਕਪੂਰਥਲਾ ਤੋਂ ਲਿਆਈ ਹੈ, ਜੋ ਹੁਣ ਆਪਣੇ ਘਰ ਵਿਚ ਰਹਿ ਰਿਹਾ ਹੈ। ਪੁਲਸ ਦੀ ਮੰਨੀਏ ਤਾਂ ਜਲਦ ਉਸਨੂੰ ਕਲੀਨ ਚਿੱਟ ਵੀ ਮਿਲ ਜਾਵੇਗੀ। ਹਿਮਾਚਲੀ ਨੇ ਪੁਲਸ ਨੂੰ ਝਕਾਨੀ ਦੇਣ ਲਈ ਪਹਿਲਾਂ ਤਾਂ ਮ੍ਰਿਤਕ ਦਾ ਨਾਂ ਗਲਤ ਦੱਸਿਆ ਸੀ ਅਤੇ ਕੁਝ ਦਿਨਾਂ ਬਾਅਦ ਇਹ ਵੀ ਖੁਲਾਸਾ ਹੋ ਗਿਆ ਕਿ ਜਿਸ ਸਨੋਜ ਨੂੰ ਪੁਲਸ ਨੇ ਹਿਮਾਚਲੀ ਦੇ ਬਿਆਨਾਂ 'ਤੇ ਗ੍ਰਿਫਤਾਰ ਕੀਤਾ ਸੀ, ਉਹ ਬੇਕਸੂਰ ਹੈ। ਸਾਬਕਾ ਫੌਜੀ ਦੀ ਲਾਸ਼ ਨੂੰ ਬੈੱਡ ਬਾਕਸ ਵਿਚ ਪਾਉਣ ਲਈ ਹਿਮਾਚਲੀ ਨੇ ਸਨੋਜ ਨਹੀਂ, ਸਗੋਂ ਆਪਣੇ ਸਾਬਕਾ ਪ੍ਰੇਮੀ ਰਮੇਸ਼ ਕੁਮਾਰ ਮੂਲ ਨਿਵਾਸੀ ਆਜਮਗੜ੍ਹ, ਹਾਲ ਨਿਵਾਸੀ ਗੁੱਜਾਪੀਰ ਦੀ ਮਦਦ ਲਈ ਸੀ। ਪੁਲਸ ਨੇ ਰਮੇਸ਼ ਨੂੰ ਗ੍ਰਿਫਤਾਰ ਕਰ ਲਿਆ ਸੀ। 13 ਮਈ ਨੂੰ ਹਿਮਾਚਲੀ ਦੇ ਇਸ ਝੂਠ ਤੋਂ ਪਰਦਾ ਉੱਠਿਆ ਸੀ, ਜਿਸ ਦੇ ਬਾਅਦ ਤੋਂ ਹੀ ਪੁਲਸ ਨੇ ਸਨੋਜ ਨੂੰ ਜੇਲ ਵਿਚੋਂ ਛੁਡਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਸੀ। ਸਾਬਕਾ ਫੌਜੀ ਦੀ ਮੌਤ ਤੋਂ ਬਾਅਦ ਹਿਮਾਚਲੀ ਨੇ ਰਮੇਸ਼ ਨੂੰ ਫੋਨ ਕਰ ਕੇ ਆਪਣੇ ਘਰ ਬੁਲਾਇਆ ਸੀ ਅਤੇ ਸਨੋਜ ਦਾ ਨਾਂ ਇਸ ਲਈ ਲੈ ਲਿਆ ਕਿਉਂਕਿ ਉਸਨੇ ਹਿਮਾਚਲੀ ਦੇ ਕਥਿਤ ਪਤੀ ਦੇ ਕਹਿਣ 'ਤੇ ਉਸਦਾ ਕਿਰਾਏ ਦਾ ਕਮਰਾ ਛੱਡ ਦਿੱਤਾ ਸੀ ਅਤੇ ਕਿਤੇ ਹੋਰ ਰਹਿ ਰਿਹਾ ਸੀ, ਜਦੋਂ ਕਿ ਹਿਮਾਚਲੀ ਦੇ ਅਨੁਸਾਰ ਉਹ ਉਸਦਾ ਨਾਂ ਵੀ ਬਦਨਾਮ ਕਰ ਰਿਹਾ ਸੀ। ਰਮੇਸ਼ ਨੂੰ ਪੁਲਸ ਨੇ 13 ਮਈ ਨੂੰ ਹੀ ਗ੍ਰਿਫਤਾਰ ਕਰ ਕੇ ਜੇਲ ਭੇਜ ਦਿੱਤਾ ਸੀ। ਦੂਜੇ ਪਾਸੇ ਸਾਬਕਾ ਫੌਜੀ ਦੀ ਪੋਸਟਮਾਰਟਮ ਰਿਪੋਰਟ ਵਿਚ ਮੌਤ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ, ਜਿਸ ਕਾਰਨ ਪੁਲਸ ਹੁਣ ਉਸਦੇ ਡੀ. ਐੱਨ. ਏ. ਟੈਸਟ ਦੀ ਰਿਪੋਰਟ ਦੀ ਉਡੀਕ ਕਰ ਰਹੀ ਹੈ।

# ਸੀ. ਬੀ. ਐੱਸ. ਈ. ਸਕੂਲਾਂ ਲਈ ਰਾਹਤ ਭਰੀ ਖਬਰ, ਲਾਗੂ ਹੋਣਗੇ ਨਵੇਂ ਨਿਯਮ

ਕਿਸ਼ਨ ਪਾਲ

ਲੁਧਿਆਣਾ 27 ਜੂਨ। ਇਹ ਖਬਰ ਉਨ੍ਹਾਂ ਸਕੂਲਾਂ ਲਈ ਰਾਹਤ ਵਾਲੀ ਹੈ, ਜੋ ਕਿਸੇ ਟਰਾਂਸਫਰ ਕੇਸ 'ਚ ਕਿਸੇ ਬੱਚੇ ਨੂੰ ਇਸ ਲਈ ਦਾਖਲਾ ਨਹੀਂ ਦੇ ਪਾਉਂਦੇ ਕਿ ਕਿਤੇ ਸੈਕਸ਼ਨ 'ਚ 40 ਤੋਂ ਇਕ ਵਿਦਿਆਰਥੀ ਵੱਧਣ ਨਾਲ ਸੀ. ਬੀ. ਐੱਸ. ਈ. ਨਿਯਮ ਦੀ ਉਲੰਘਣਾ ਨਾ ਹੋ ਜਾਵੇ। ਹੁਣ ਇਸ ਤਰ੍ਹਾਂ ਦੇ ਸਕੂਲਾਂ ਲਈ ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ (ਸੀ. ਬੀ. ਐੱਸ. ਈ.) ਨੇ ਇਕ ਮਹੱਤਵਪੂਰਨ ਬਦਲਾਅ ਕੀਤਾ ਹੈ, ਜਿਸ ਨੂੰ ਸਕੂਲ ਖੁੱਲ੍ਹਣ ਤੋਂ ਬਾਅਦ ਸਕੂਲ ਲਾਗੂ ਕਰ ਸਕਦੇ ਹਨ। ਨਵੇਂ ਨਿਯਮ ਮੁਤਾਬਕ ਹੁਣ ਕੁਝ ਵਿਸ਼ੇਸ਼ ਹਾਲਤ 'ਚ ਇਕ ਕਲਾਸ 'ਚ ਜ਼ਿਆਦਾਤਰ ਵਿਦਿਆਰਥੀਆਂ ਦੀ ਗਿਣਤੀ 40 ਤੋਂ ਵਧਾ ਕੇ 45 ਕਰ ਦਿੱਤੀ ਗਈ ਹੈ। ਇਹ ਫੈਸਲਾ ਉਨ੍ਹਾਂ ਵਿਦਿਆਰਥੀਆਂ ਨੂੰ ਧਿਆਨ 'ਚ ਰੱਖਦਿਆਂ ਲਿਆ ਗਿਆ ਹੈ, ਜਿਨ੍ਹਾਂ ਨੇ ਆਪਣੇ ਮਾਪਿਆਂ ਕਾਰਨ ਵਿਚਕਾਰ ਸੈਸ਼ਨ 'ਚ ਟਰਾਂਸਫਰ ਕਾਰਨ ਕਲਾਸ 'ਚ ਸ਼ਾਮਲ ਹੋਣਾ ਹੁੰਦਾ ਹੈ ਜਾਂ ਜ਼ਰੂਰੀ ਰਿਪੀਟ ਈਅਰ ਸ਼੍ਰੇਣੀ ਦੇ ਅਧੀਨ ਆਉਂਦੇ ਹਨ। ਸੀ. ਬੀ. ਐੱਸ. ਈ. ਦੇ ਪਿਛਲੇ ਨਿਯਮਾਂ ਅਨੁਸਾਰ ਕਿਸੇ ਵੀ ਕਲਾਸ 'ਚ




ਇਕ ਸੈਕਸ਼ਨ 'ਚ ਵੱਧ ਤੋਂ ਵੱਧ 40 ਵਿਦਿਆਰਥੀਆਂ ਹੀ ਹੋ ਸਕਦੇ ਸਨ। ਹੁਣ ਵਿਸ਼ੇਸ਼ ਮਾਮਲਿਆਂ 'ਚ ਸਕੂਲਾਂ ਨੂੰ ਇਕ ਸੈਕਸ਼ਨ 'ਚ 45 ਵਿਦਿਆਰਥੀ ਰੱਖਣ ਦੀ ਮਨਜ਼ੂਰੀ ਦਿੱਤੀ ਜਾਵੇਗੀ। ਭਾਵੇਂ ਛੋਟ ਸਵੈਚਾਲਿਤ ਨਹੀਂ ਹੈ, ਇਹ ਛੋਟ ਸਿਰਫ ਉਨ੍ਹਾਂ ਵਿਦਿਆਰਥੀਆਂ 'ਤੇ ਲਾਗੂ ਹੋਵੇਗੀ, ਜੋ ਆਪਣੇ ਮਾਪਿਆਂ ਦੇ ਟਰਾਂਸਫਰ ਕਾਰਨ ਵਿਚਕਾਰ ਸ਼ਾਮਲ ਹੁੰਦੇ ਹਨ ਜਾਂ ਜ਼ਰੂਰੀ ਰਿਪੀਟ ਈਅਰ ਸ਼੍ਰੇਣੀ 'ਚ ਆਉਂਦੇ ਹਨ। ਜੇਕਰ ਕੋਈ ਸਕੂਲ ਇਸ ਛੋਟ ਦਾ ਲਾਭ ਚੁੱਕਣਾ ਚਾਹੀਦਾ ਤਾਂ ਉਨ੍ਹਾਂ ਸਬੰਧਿਤ ਖੇਤਰੀ ਦਫਤਰ 'ਚ ਜ਼ਰੂਰੀ ਦਸਤਾਵੇਜਾਂ ਨਾਲ ਜ਼ਰੂਰੀ ਕਰਨਾ ਹੋਵੇਗਾ। ਸੀ. ਬੀ. ਐੱਸ. ਈ. ਇਸ ਛੋਟ ਦੇ ਦੁਰਪਉਯੋਗ ਨੂੰ ਰੋਕਣ ਲਈ ਸਰਗਰਮ ਹਨ। ਸੀ. ਬੀ. ਐੱਸ. ਈ. ਨੇ ਸਕੂਲਾਂ ਨੂੰ ਸਪੱਸ਼ਟ ਨਿਰਦੇਸ਼ ਦਿੱਤਾ ਹੈ ਕਿ ਉਹ ਇਸ ਛੋਟ ਨੂੰ ਨਿਯਮ ਦੇ ਰੂਪ 'ਚ ਨਾ ਲੈਣ। ਸਕੂਲਾਂ ਨੂੰ ਸਾਧਾਰਨ ਹਾਲਾਤ 'ਚ ਪ੍ਰਤੀ ਕਲਾਸ 40 ਵਿਦਿਆਰਥੀਆਂ ਦੀ ਗਿਣਤੀ ਬਣਾਈ ਰੱਖਣੀ ਚਾਹੀਦੀ ਨਾਲ ਹੀ ਸ਼ੁਰੂਆਤੀ ਕਲਾਸਾਂ 'ਚ ਵਿਦਿਆਰਥੀਆਂ ਦੀ ਗਿਣਤੀ 40 ਤੱਕ ਹੀ ਸੀਮਿਤ ਰੱਖਿਆ ਜਾਣਾ ਚਾਹੀਦਾ।

## ਪਿਟਬੁੱਲ ਕੁੱਤੇ ਨੇ ਘਰ ਦੇ ਬਾਹਰ ਖੜ੍ਹੇ ਗੁਆਂਢੀ ਨੂੰ ਵੱਢਿਆ, ਕੁੱਤੇ ਦੇ ਮਾਲਕ ਖਿਲਾਫ ਮਾਮਲਾ ਦਰਜ

ਚੰਡੀਗੜ੍ਹ 27 ਜੂਨ। ਧਨਾਸ ਵਿਖੇ ਘਰ ਦੇ ਬਾਹਰ ਖੜ੍ਹੇ ਇਕ ਵਿਅਕਤੀ ਨੂੰ ਗੁਆਂਢੀ ਦੇ ਪਿਟਬੁਲ ਕੁੱਤੇ ਨੇ ਵੱਢ ਲਿਆ। ਲੋਕਾਂ ਨੇ ਬੜੀ ਮੁਸ਼ੱਕਤ ਨਾਲ ਉਸ ਵਿਅਕਤੀ ਦੀ ਲੱਤ ਪਿਟਬੁੱਲ ਦੇ ਮੂੰਹ ਤੋਂ ਛੁਡਾਈ ਅਤੇ ਉਸ ਨੂੰ ਹਸਪਤਾਲ ਲੈ ਗਏ। ਧਨਾਸ ਵਾਸੀ ਪ੍ਰੇਮ ਸਿੰਘ ਦੀ ਲੱਤ 'ਤੇ ਚਾਰ ਦੰਦਾਂ ਦੇ ਨਿਸ਼ਾਨ ਹਨ। ਕੁੱਤੇ ਦਾ ਮਾਲਕ ਰਜਿੰਦਰ ਸਿੰਘ ਗੁਆਂਢੀ ਦਾ ਇਲਾਜ ਕਰਵਾਉਣ ਲਈ ਰਾਜ਼ੀ ਹੋ ਗਿਆ ਪਰ ਬਾਅਦ ਵਿਚ ਉਸ ਨੇ



ਇਨਕਾਰ ਕਰ ਦਿੱਤਾ। ਜਾਂਚ ਵਿਚ ਸਾਹਮਣੇ ਆਇਆ ਕਿ ਰਜਿੰਦਰ ਸਿੰਘ ਨੇ ਆਪਣੇ ਘਰ ਵਿਚ ਦੋ ਪਿੱਟਬੁਲ ਰੱਖੇ ਹੋਏ ਸਨ, ਜਿਨ੍ਹਾਂ 'ਤੇ ਪ੍ਰਸ਼ਾਸਨ ਵੱਲੋਂ ਪਾਬੰਦੀ ਲਾਈ ਹੋਈ ਹੈ। ਜ਼ਖਮੀ ਪ੍ਰੇਮ ਸਿੰਘ ਨੇ ਮਾਮਲੇ ਦੀ ਸ਼ਿਕਾਇਤ ਪੁਲਸ ਨੂੰ ਦਿੱਤੀ। ਥਾਣਾ ਸਾਰੰਗਪੁਰ ਦੀ ਪੁਲਸ ਨੇ ਮਾਮਲੇ ਦੀ ਜਾਂਚ ਕਰਦੇ ਹੋਏ ਜ਼ਖਮੀ ਪ੍ਰੇਮ ਸਿੰਘ ਦੀ ਸ਼ਿਕਾਇਤ 'ਤੇ ਪਿੱਟਬੁਲ ਮਾਲਕ ਪ੍ਰੇਮ ਸਿੰਘ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਧਨਾਸ ਵਾਸੀ ਪ੍ਰੇਮ ਸਿੰਘ ਨੇ ਪੁਲਸ ਨੂੰ ਦਿੱਤੀ ਆਪਣੀ ਸ਼ਿਕਾਇਤ ਵਿਚ ਦੱਸਿਆ ਕਿ ਉਹ 12 ਜੂਨ ਨੂੰ ਆਪਣੇ ਘਰ ਦੇ ਬਾਹਰ ਖੜ੍ਹਾ ਸੀ। ਇਸੇ ਦੌਰਾਨ ਗੁਆਂਢੀ ਰਾਜਿੰਦਰ ਸਿੰਘ ਆਪਣੇ ਦੋ ਪਾਲਤੂ ਪਿਟਬੁੱਲ ਕੁੱਤੇ ਲੈ ਆਇਆ। ਇਨ੍ਹਾਂ 'ਚੋਂ ਇਕ ਪਿਟਬੁੱਲ ਜਿਵੇਂ ਹੀ ਉਸ ਦੇ ਨੇੜੇ ਆਇਆ ਤਾਂ ਉਸ ਦੀ ਲੱਤ ਫੜ੍ਹ ਲਈ। ਜਦੋਂ ਉਸ ਨੇ ਉੱਚੀ-ਉੱਚੀ ਰੌਲਾ ਪਾਇਆ ਤਾਂ ਲੋਕ ਇਕੱਠੇ ਹੋ ਗਏ ਅਤੇ ਬੜੀ ਮੁਸ਼ਕਲ ਨਾਲ ਪਿਟਬੁੱਲ ਦੇ ਮੂੰਹ ਤੋਂ ਲੱਤ ਛੁਡਾਈ। ਕੁੱਤੇ ਦੇ ਦੰਦ ਲੱਗਣ ਕਾਰਨ ਪੈਰ 'ਚੋਂ ਖ਼ੂਨ ਨਿਕਲਣ ਲੱਗਾ। ਹਸਪਤਾਲ ਜਾ ਕੇ ਇਲਾਜ ਕਰਵਾਇਆ। ਡਾਕਟਰਾਂ ਨੇ ਦੱਸਿਆ ਕਿ ਲੱਤ ਵਿਚ ਪਿਟਬੁੱਲ ਦੇ ਵਿਚ ਚਾਰ ਦੰਦ ਲੱਗੇ ਹਨ। ਪ੍ਰੇਮ ਸਿੰਘ ਨੇ ਮਾਮਲੇ ਦੀ ਸ਼ਿਕਾਇਤ ਪੁਲਸ ਨੂੰ ਕੀਤੀ। ਜਾਂਚ 'ਚ ਸਾਹਮਣੇ ਆਇਆ ਕਿ ਪ੍ਰੇਮ ਸਿੰਘ ਨੂੰ ਵੱਢਣ ਵਾਲੇ ਕੁੱਤੇ ਨੂੰ ਰੱਖਣ 'ਤੇ ਪ੍ਰਸ਼ਾਸਨ ਨੇ ਪਾਬੰਦੀ ਲਗਾਈ ਹੋਈ ਹੈ। ਪੁਲਸ ਨੇ ਜ਼ਖ਼ਮੀ ਪ੍ਰੇਮ ਸਿੰਘ ਦੀ ਸ਼ਿਕਾਇਤ 'ਤੇ ਪਿੱਟਬੁਲ ਦੇ ਮਾਲਕ ਪ੍ਰੇਮ ਸਿੰਘ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ।

## ਮਾਨਸਿਕ ਰੂਪ ਤੋਂ ਪ੍ਰੇਸ਼ਾਨ ਨੌਜਵਾਨ ਨੇ ਫਾਹਾ ਲਾ ਕੇ ਕੀਤੀ ਖੁਦਕੁਸ਼ੀ

ਜਲੰਧਰ 27 ਜੂਨ। ਥਾਣਾ ਬਸਤੀ ਬਾਵਾ ਖੇਲ ਅਧੀਨ ਪੈਂਦੇ ਰਾਜ ਨਗਰ ਵਿਚ ਮਾਨਸਿਕ ਰੂਪ ਤੋਂ ਪ੍ਰੇਸ਼ਾਨ ਇਕ 18 ਸਾਲਾ ਨੌਜਵਾਨ ਨੇ ਫਾਹਾ ਲਾ ਕੇ ਖੁਦਕੁਸ਼ੀ ਕਰ ਲਈ। ਮ੍ਰਿਤਕ ਦੀ ਪਛਾਣ ਸਾਗਰ ਨਿਵਾਸੀ ਰਾਜ ਨਗਰ ਵਜੋਂ ਹੋਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਬਸਤੀ ਬਾਵਾ ਖੇਲ ਦੇ ਇੰਚਾਰਜ ਬਲਜਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਸ਼ਨੀਵਾਰ ਨੂੰ ਸੂਚਨਾ ਮਿਲੀ ਸੀ ਕਿ ਰਾਜ ਨਗਰ ਵਿਚ ਇਕ ਨੌਜਵਾਨ ਨੇ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ ਹੈ। ਮੌਕੇ 'ਤੇ ਪੁੱਜੇ ਪਰਿਵਾਰਕ ਮੈਂਬਰਾਂ ਨੇ ਨੌਜਵਾਨ ਨੂੰ ਇਲਾਜ ਲਈ ਸਿਵਲ ਹਸਪਤਾਲ ਵਿਚ ਦਾਖਲ ਕਰਵਾਇਆ। ਮੰਗਲਵਾਰ ਸਵੇਰੇ ਇਲਾਜ ਦੌਰਾਨ ਉਸਦੀ ਮੌਤ ਹੋ ਗਈ। ਜਾਂਚ ਕੀਤੀ ਗਈ ਤਾਂ ਪਤਾ ਲੱਗਾ ਕਿ ਨੌਜਵਾਨ ਦਾ ਇਕ ਸਾਲ ਪਹਿਲਾਂ ਵਿਆਹ ਹੋਇਆ ਸੀ। ਉਸਦੇ ਮਾਤਾ-ਪਿਤਾ ਰਾਜ ਨਗਰ ਵਿਚ ਹੀ ਵੱਖ ਮਕਾਨ ਵਿਚ ਰਹਿੰਦੇ ਸਨ। ਉਹ ਮੂਲ ਰੂਪ ਤੋਂ ਨੇਪਾਲ ਦਾ ਰਹਿਣ ਵਾਲਾ ਹੈ। ਮ੍ਰਿਤਕ ਦੇ ਪਿਤਾ ਰਾਮ ਬਹਾਦਰ ਨੇ ਦੱਸਿਆ ਕਿ ਉਨ੍ਹਾਂ ਦਾ ਬੇਟਾ ਕਾਫੀ ਸਮੇਂ ਤੋਂ ਡਿਪ੍ਰੈਸ਼ਨ ਵਿਚ ਸੀ, ਜਿਸ ਕਾਰਨ ਉਸਨੇ ਇਹ ਕਦਮ ਚੁੱਕਿਆ। ਪੁਲਸ ਨੇ ਮ੍ਰਿਤਕ ਦੇ ਪਿਤਾ ਦੇ ਬਿਆਨਾਂ ਦੇ ਆਧਾਰ 'ਤੇ ਧਾਰਾ 174 ਤਹਿਤ ਕਾਰਵਾਈ ਕਰਦਿਆਂ ਲਾਸ਼ ਨੂੰ ਪੋਸਟਮਾਰਟਮ ਤੋਂ ਬਾਅਦ ਪਰਿਵਾਰਕ ਮੈਂਬਰਾਂ ਨੂੰ ਸੌਂਪ ਦਿੱਤਾ ਹੈ।

### ਕੁੜੀ ਨੇ ਲਗਾਇਆ ਵੱਡਾ ਦੋਸ਼, ਕਿਹਾ ਮੈਨੂੰ ਜਿਸਮ ਫਿਰੋਸ਼ੀ 'ਚ ਧੱਕਣ ਦੀ ਕੀਤੀ ਜਾ ਰਹੀ ਕੋਸ਼ਿਸ਼

ਲੁਧਿਆਣਾ 27 ਜੂਨ। ਥਾਣਾ ਮੋਤੀ ਨਗਰ ਦੇ ਅਧੀਨ ਆਉਂਦੇ ਬੇਅੰਤਪੁਰਾ ਇਲਾਕੇ 'ਚ ਹੋਟਲ -11 'ਚ ਕੰਮ ਕਰਨ ਵਾਲੀ 17 ਸਾਲਾ ਕੁੜੀ ਨੇ ਗੰਭੀਰ ਦੋਸ਼ ਲਗਾਏ ਹਨ। ਉਸ ਨੇ ਦੱਸਿਆ ਕਿ ਇਸ ਹੋਟਲ 'ਚ ਕਥਿਤ ਤੌਰ 'ਤੇ ਜਿਸਮਫਿਰੋਸ਼ੀ ਦਾ ਧੰਦਾ ਚੱਲਦਾ ਹੈ, ਉਥੇ ਆਉਣ ਵਾਲੇ ਗਾਹਕ ਉਸ ਨੂੰ ਵੀ ਇਸ ਧੰਦੇ ਲਈ ਕਹਿੰਦੇ ਸੀ ਪਰ ਜਦੋਂ ਉਸ ਨੇ ਕੰਮ ਛੱਡਣ ਦੀ ਗੱਲ ਕੀਤੀ ਤਾਂ ਹੋਟਲ 'ਚ ਕੰਮ ਕਰ ਰਹੇ ਮੁਲਾਜ਼ਮਾਂ ਨੇ ਉਸ ਨਾਲ ਕੁੱਟਮਾਰ ਕੀਤੀ। ਉਸ ਨੇ ਜਦੋਂ ਥਾਣੇ 'ਚ ਸ਼ਿਕਾਇਤ ਕਰਨ ਦੀ ਗੱਲ ਕਹੀ ਤਾਂ ਉਹ ਉਸ ਨੂੰ ਧਮਕਾਉਣ ਲੱਗੇ। ਜਾਣਕਾਰੀ ਮਿਲਣ 'ਤੇ ਥਾਣਾ ਮੋਤੀ ਨਗਰ ਦੀ ਪੁਲਸ ਮੌਕੇ 'ਤੇ ਪੁੱਜੀ ਅਤੇ ਸ਼ਿਕਾਇਤ ਦਰਜ ਕਰ ਕੇ ਦੋਵਾਂ ਨੂੰ ਥਾਣੇ 'ਚ ਬੁਲਾ ਲਿਆ ਦੂਜੇ ਪਾਸੇ ਜਦੋਂ -11 ਹੋਟਲ ਦੇ ਮਾਲਕ ਨਾਲ ਗੱਲ ਕੀਤੀ ਗਈ ਤਾਂ ਉਸ ਨੇ ਕਿਹਾ ਕਿ ਇਹ ਦੋਸ਼ ਬੇਬੁਨਿਆਦ ਹਨ ਕਿਉਂਕਿ ਉਨ੍ਹਾਂ ਦੀ ਤਨਖਾਹ ਰੁਕੀ ਹੋਈ ਸੀ। ਇਸ ਨੂੰ ਦੇਣ 'ਚ ਦੇਰ ਹੋ ਗਈ। ਇਸੇ ਕਾਰਨ ਉਹ ਉਨ੍ਹਾਂ 'ਤੇ ਝੂਠੇ ਦੋਸ਼ ਲਗਾ ਰਹੀ ਹੈ।

### ਕੇਂਦਰੀ ਜੇਲ੍ਹ 'ਚੋਂ ਇਕ ਮੋਬਾਇਲ ਫੋਨ ਬਰਾਮਦ

ਫਿਰੋਜ਼ਪੁਰ 27 ਜੂਨ। ਕੇਂਦਰੀ ਜੇਲ੍ਹ ਫਿਰੋਜ਼ਪੁਰ 'ਚ ਤਲਾਸ਼ੀ ਦੌਰਾਨ ਇਕ ਮੋਬਾਇਲ ਫੋਨ ਬਰਾਮਦ ਹੋਇਆ ਹੈ। ਇਸ ਸਬੰਧ 'ਚ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਇਕ ਕੈਦੀ ਖ਼ਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਗੁਰਮੇਲ ਸਿੰਘ ਨੇ ਦੱਸਿਆ ਕਿ ਪੱਤਰ ਨੰਬਰ 6225 ਰਾਹੀਂ ਰਿਸ਼ਵਪਾਲ ਗੋਇਲ ਸਹਾਇਕ ਸੁਪਰੀਡੈਂਟ ਕੇਂਦਰੀ ਜੇਲ੍ਹ ਫਿਰੋਜ਼ਪਰ ਨੇ ਦੱਸਿਆ ਕਿ ਮਿਤੀ 23 ਜੂਨ 2024 ਨੂੰ ਉਹ ਕੇਂਦਰੀ ਜੇਲ੍ਹ ਫਿਰੋਜ਼ਪੁਰ 'ਚ ਸਮੇਤ ਸਾਥੀ ਕਰਮਚਾਰੀਆਂ ਦੇ ਨਵੀਂ ਬੈਰਕ ਨੰਬਰ-4 ਦੀ ਤਲਾਸ਼ੀ ਦੌਰਾਨ ਕੈਦੀ ਲਵਪ੍ਰੀਤ ਸਿੰਘ ਪੁੱਤਰ ਸੁਖਵਿੰਦਰ ਸਿੰਘ ਵਾਸੀ ਹਾਮਦ ਚੱਕ ਕੋਲੋਂ 1 ਮੋਬਾਇਲ ਫੋਨ ਨੋਕੀਆ ਕੀਪੈਡ ਸਮੇਤ ਬੈਟਰੀ ਤੇ ਸਿੰਮ ਕਾਰਡ ਬਰਾਮਦ ਹੋਇਆ।

# ਲੋਕ ਸਭਾ ਚੋਣਾਂ ਦੇ ਸਾਈਡ ਇਫੈਕਟ ਆਉਣ ਲੱਗੇ ਸਾਹਮਣੇ, ਮੂਧੇ ਮੂੰਹ ਡਿੱਗੀ ਪ੍ਰਾਪਰਟੀ ਟੈਕਸ ਦੀ ਕੁਲੈਕਸ਼ਨ

ਏਜੰਸੀਆਂ

ਲੁਧਿਆਣਾ 27 ਜੂਨ। ਲੋਕ ਸਭਾ ਚੋਣਾਂ ਦੇ ਲਈ ਲੰਮਾ ਚੱਲੀ ਕਿਰਿਆ ਦੇ ਸਾਈਡ ਇਫ਼ੈਕਟ ਸਾਹਮਣੇ ਆਉਣੇ ਸ਼ੁਰੂ ਹੋ ਗਏ ਹਨ। ਇਸ ਨਾਲ ਜੁੜਿਆ ਇਕ ਮਾਮਲਾ ਪ੍ਰਾਪਰਟੀ ਟੈਕਸ ਕਲੇਕਸ਼ਨ ਦਾ ਵੀ ਹੈ, ਜਿਸ ਦਾ ਅੰਕੜਾ ਪਿਛਲੇ ਸਾਲ ਦੇ ਮੁਕਾਬਲੇ 3 ਕਰੋੜ ਡਾਊਨ ਹੋ ਗਿਆ ਹੈ। ਇਸ ਦੇ ਲਈ ਲੋਕ ਸਭਾ ਚੋਣਾਂ ਦੇ ਲਈ 3 ਮਹੀਨੇ ਤੱਕ ਕੋਡ ਲਾਗੂ ਹੋਣ ਦਾ ਹਵਾਲਾ ਦਿੱਤਾ ਜਾ ਰਿਹਾ ਹੈ ਕਿਉਂਕਿ ਨਗਰ ਨਿਗਮ ਦੇ ਜ਼ਿਆਦਾਤਰ ਮੁਲਾਜ਼ਮ ਲੋਕ ਸਭਾ ਚੋਣਾਂ ਦੇ ਦੌਰਾਨ ਡਿਊਟੀ 'ਤੇ ਲੱਗੇ ਹੋਏ ਸਨ। ਇਸ ਦੇ ਇਲਾਵਾ ਸਿਆਸੀ ਦਬਾਅ ਦੇ ਕਾਰਨ ਲੋਕ ਸਭਾ ਚੋਣਾਂ ਦੇ ਦੌਰਾਨ ਪ੍ਰਾਪਰਟੀ ਟੈਕਸ ਜਮ੍ਹਾ ਨਾ ਕਰਵਾਉਣ ਵਾਲੇ ਲੋਕਾਂ ਨੂੰ ਨੋਟਿਸ ਜਾਰੀ ਕਰਨ ਜਾਂ ਸੀਲਿੰਗ ਦੀ ਕਾਰਵਾਈ ਵੀ ਨਹੀਂ ਹੋ ਸਕੀ। ਨਗਰ ਨਿਗਮ ਮੁਲਾਜ਼ਮਾਂ ਨੂੰ ਤਨਖਾਹ ਦੇਣ ਵਿਚ ਹੋ ਰਹੀ ਦੇਰੀ ਦੇ ਲਈ ਭਲਾ ਹੀ ਸਰਕਾਰ ਵਲੋਂ ਜੀ.ਐੱਸ.ਟੀ ਸ਼ੇਅਰ ਰਿਲੀਜ਼ ਨਾ ਕਰਨ ਦਾ ਹਵਾਲਾ ਦਿੱਤਾ ਜਾ ਰਿਹਾ ਹੈ ਪਰ ਇਸ ਹਾਲਾਤ ਦੀ ਇਕ ਵਜ੍ਹਾ ਹੈ ਕਿ ਪ੍ਰਾਪਰਟੀ ਟੈਕਸ ਦੇ ਬਕਾਇਆ ਰੈਵੇਨਿਊ ਦੀ ਕੁਲੈਕਸ਼ਨ ਕਾਫੀ ਡਾਊਨ ਆ ਗਈ ਹੈ। ਦੱਸਿਆ ਜਾ ਰਿਹਾ ਹੈ ਕਿ ਅਪ੍ਰੈਲ ਦੇ ਬਾਅਦ




ਤੋਂ ਹੀ ਸਿਰਫ ਪ੍ਰਾਪਰਟੀ ਨੂੰ ਨਵਾਂ ਨੰਬਰ ਲਗਾਉਣ, ਟੀ.ਐੱਸ. ਵਨ ਲੈਣ ਜਾਂ ਮਲਕੀਅਤ ਤਬਦੀਲ ਕਰਨ ਦੇ ਲਈ ਅਪਲਾਈ ਕਰਨ ਵਾਲੇ ਲੋਕਾਂ ਵਲੋਂ ਸਾਰਾ ਬਕਾਇਆ ਕਲੀਅਰ ਹੋਣ ਦੀ ਸ਼ਰਤ ਦੀ ਵਜ੍ਹਾ ਨਾਲ ਪ੍ਰਾਪਰਟੀ ਟੈਕਸ ਜਮਾ ਕਰਵਾਇਆ ਗਿਆ ਹੈ। ਪ੍ਰਾਪਰਟੀ ਟੈਕਸ ਦਾ ਰੈਵੇਨਿਊ ਡਾਊਨ ਹੋਣ ਦੇ ਮੁੱਦੇ 'ਤੇ ਨਗਰ ਨਿਗਮ ਕਮਿਸ਼ਨਰ ਵਲੋਂ ਹਾਲ ਹੀ ਵਿਚ ਚਾਰੇ ਜ਼ੋਨਾਂ ਦੇ ਅਧਿਕਾਰੀਆਂ ਦੇਨਾਲ ਮੀਟਿੰਗ ਕੀਤੀ ਗਈ ਹੈ। ਉਨਾਂ ਵਲੋਂ ਬਕਾਇਆ ਪ੍ਰਾਪਰਟੀ ਟੈਕਸ ਜਮਾ ਨਾ ਕਰਵਾਉਣ ਵਾਲੇ ਲੋਕਾਂ ਨੂੰ ਨੋਟਿਸ ਜਾਰੀ ਕਰਨ ਦੇ ਨਾਲ ਹੀ ਗਲਤ ਤਰੀਕੇ ਨਾਲ ਰਿਟਰਨ ਦਾਖਲ ਕਰ ਕੇ ਪੂਰਾ ਪ੍ਰਾਪਰਟੀ ਟੈਕਸ ਜਮ੍ਹਾ ਨਾ ਕਰਵਾਉਣ ਦੇ ਮਾਮਲੇ ਵਿਚ ਕਰਾਸ ਚੈਕਿੰਗ ਕਰਨ ਦੇ ਲਈ ਬੋਲਿਆ ਗਿਆ ਹੈ। ਇਸ ਸਬੰਧ ਵਿਚ ਫਿਕਸ ਕੀਤੇ ਗਏ ਟਾਰਗੇਟ ਨੂੰ ਪੂਰਾ ਕਰਨ ਦੇ ਲਈ ਰੋਜ਼ਾਨਾ ਦੇ ਹਿਸਾਬ ਨਾਲ ਰਿਵਿਊ ਕਰਨ ਦੇ ਲਈ ਅਧਿਕਾਰੀਆਂ ਦੀ ਡਿਊਟੀ ਕਮਿਸ਼ਨਰ ਵਲੋਂ ਲਗਾਈ ਗਈ ਹੈ।

## ਕੰਮ ਤੋਂ ਵਾਪਸ ਜਾ ਰਹੇ ਫੋਰਮੈਨ ਨੂੰ ਬੱਸ ਨੇ ਦਰੜਿਆ, ਚਾਰ ਬੱਚਿਆਂ ਦਾ ਪਿਓ ਸੀ ਮ੍ਰਿਤਕ

ਲੁਧਿਆਣਾ 27 ਜੂਨ। ਥਾਣਾ ਡਵੀਜ਼ਨ ਨੰ. 6 ਦੇ ਇਲਾਕੇ ਸ਼ੇਰਪੁਰ ਚੌਕ ਦੇ ਕੋਲ ਮੰਗਲਵਾਰ ਰਾਤ ਲਗਭਗ 10 ਵਜੇ ਕੰਮ ਤੋਂ ਵਾਪਸ ਘਰ ਸਾਈਕਲ 'ਤੇ ਜਾ ਰਹੇ ਫੈਕਟਰੀ ਵਿਚ ਫੋਰਮੈਨ ਵਜੋਂ ਕੰਮ ਕਰਨ ਵਾਲੇ ਵਿਅਕਤੀ ਨੂੰ ਤੇਜ਼ ਰਫਤਾਰ ਪ੍ਰਾਈਵੇਟ ਬੱਸ ਨੇ ਦਰੜ ਦਿੱਤਾ। ਹਾਦਸੇ ਤੋਂ ਤੁਰੰਤ ਬਾਅਦ ਮੌਕੇ 'ਤੇ ਪੁੱਜੀ ਪੁਲਸ ਨੇ ਲਾਸ਼ ਨੂੰ ਕਬਜ਼ੇ ਵਿਚ ਲੈ ਕੇ ਸਿਵਲ ਹਸਪਤਾਲ ਦੀ ਮੋਰਚਰੀ ਵਿਚ ਰਖਵਾ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਮ੍ਰਿਤਕ ਦੀ ਪਛਾਣ ਸੁਰੇਸ਼ ਕੁਮਾਰ ਠਾਕੁਰ (52) ਨਿਵਾਸੀ ਜੀਵਨ ਨਗਰ, ਫੋਕਲ ਪੁਆਇੰਟ ਵਜੋਂ ਹੋਈ ਹੈ ਜੋ 4 ਬੱਚਆਂ ਦਾ ਪਿਤਾ ਸੀ। ਬੇਟੇ ਸੌਰਭ ਨੇ ਦੱਸਿਆ ਕਿ ਪਿਤਾ ਫੈਕਟਰੀ ਵਿਚ ਫੋਰਮੈਨ ਦੀ ਨੌਕਰੀ ਕਰਦੇ ਸਨ ਅਤੇ ਰੋਜਾਨਾ ਵਾਂਗ ਸਵੇਰ 8.30 ਵਜੇ ਪਿਤਾ ਘਰੋਂ ਕੰਮ 'ਤੇ ਗਏ ਸਨ। ਰਾਤ 9.30 ਵਜੇ ਆਖਰੀ ਵਾਰ ਫੋਨ 'ਤੇ ਗੱਲ ਹੋਈ ਸੀ। ਉਸ ਸਮੇਂ ਘਰ ਆ ਰਹੇ ਸਨ ਜਿਸ ਤੋਂ ਬਾਅਦ ਉਨ੍ਹਾਂ ਨੂੰ ਕਿਸੇ ਰਾਹਗੀਰ ਨੇ ਪਿਤਾ ਦੇ ਮੋਬਾਈਲ ਤੋਂ ਫੋਨ ਕਰਕੇ ਸੜਕ ਦੁਰਘਟਨਾ ਹੋਣ ਦੀ ਜਾਣਕਾਰੀ ਦਿੱਤੀ ਜਿਸ ਤੋਂ ਬਾਅਦ ਉਹ ਤੁਰੰਤ ਘਟਨਾ ਸਥਾਨ 'ਤੇ ਪੁੱਜੇ। ਪੁਲਸ ਦੇ ਮੁਤਾਬਕ ਲਾਸ਼ ਦਾ ਪੋਸਟਮਾਰਟਮ ਕਰਵਾ ਕੇ ਪਰਿਵਾਰ ਹਵਾਲੇ ਕਰ ਦਿੱਤੀ ਹੈ ਅਤੇ ਅਣਪਛਾਤੇ ਚਾਲਕ ਖ਼ਿਲਾਫ ਕੇਸ ਦਰਜ ਕਰਨ ਦੀ ਪ੍ਰਕਿਰਿਆ ਪੂਰੀ ਕੀਤੀ ਜਾ ਰਹੀ ਹੈ।

# ਪੰਜਾਬ ਸਕੂਲ ਸਿੱਖਿਆ ਬੋਰਡ ਨੇ ਖੋਲ੍ਹਿਆ ਰਜਿਸਟ੍ਰੇਸ਼ਨ/ਕੰਟੀਨਿਊਏਸ਼ਨ ਪੋਰਟਲ, ਫਾਰਮ ਭਰਨ 'ਚ ਹੋਈ ਦੇਰ ਤਾਂ ਲੱਗੇਗਾ ਭਾਰੀ ਜੁਰਮਾਨਾ

ਏਜੰਸੀਆਂ

ਲੁਧਿਆਣਾ 27 ਜੂਨ। ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਸਾਰੇ ਸਬੰਧਿਤ ਸਕੂਲਾ ਦੇ ਲਈ ਸੈਸ਼ਨ 2024-25 ਲਈ ਰਜਿਸਟ੍ਰੇਸ਼ਨ/ਕੰਟੀਨਿਊਏਸ਼ਨ ਕਰਨ ਲਈ ਆਨਲਾਈਨ ਪੋਰਟਲ ਖੋਲ੍ਹ ਦਿੱਤਾ ਗਿਆ ਹੈ। 9ਵੀਂ ਅਤੇ 11ਵੀਂ ਜਮਾਤ ਦੇ ਵਿਦਿਆਰਥੀਆਂ ਲਈ 26 ਜੂਨ ਤੋਂ 21 ਅਗਸਤ ਤੱਕ ਬਿਨਾਂ ਲੇਟ ਫੀਸ, 22 ਅਗਸਤ ਤੋਂ 17 ਸਤੰਬਰ ਤੱਕ 500 ਪ੍ਰਤੀ ਵਿਦਿਆਰਥੀ ਲੇਟ ਫੀਸ ਦੇ ਨਾਂਲ ਅਤੇ 18 ਸਤੰਬਰ ਤੋਂ 9 ਅਕਤੂਬਰ ਤੱਕ 1500 ਪ੍ਰਤੀ ਵਿਦਿਆਰਥੀ ਸ਼ਡਿਊਲ ਨਿਰਧਾਰਿਤ ਕੀਤਾ ਗਿਆ ਹੈ। ਇਸੇ ਤਰ੍ਹਾਂ 10ਵੀਂ ਅਤੇ 12ਵੀਂ ਕਲਾਸ ਦੇ ਵਿਦਿਆਰਥੀਆਂ ਲਈ 4 ਜੁਲਾਈ ਤੋਂ 28 ਅਗਸਤ ਤੱਕ ਬਿਨਾਂ ਲੇਟ ਫੀਸ, 29 ਅਗਸਤ ਤੋਂ 17 ਸਤੰਬਰ ਤੱਕ 500 ਤੱਕ ਪ੍ਰਤੀ ਵਿਦਿਆਰਥੀ ਲੇਟ ਫੀਸ ਦੇ ਨਾਲ ਅਤੇ 18 ਸਤੰਬਰ ਤੋਂ 9 ਅਕਤੂਬਰ ਤੱਕ 1500 ਰੁਪਏ ਪ੍ਰਤੀ ਵਿਦਿਆਰਥੀ ਲੇਟ ਫੀਸ ਦੇ ਨਾਲ ਸ਼ਡਿਊਲ ਨਿਰਧਾਰਿਤ ਕੀਤਾ ਗਿਆ ਹੈ। ਬੋਰਡ ਨੇ ਸਪੱਸ਼ਟ ਕੀਤਾ ਹੈ ਕਿ ਰਜਿਸਟ੍ਰੇਸ਼ਨ/ਕੰਟੀਨਿਊਏਸ਼ਨ ਕਰਨ ਲਈ ਬੋਰਡ ਵੱਲੋਂ ਨਿਰਧਾਰਿਤ ਜਾਰੀ ਸ਼ਡਿਊਲ 'ਚ ਹੀ ਬਣਦੀ ਫੀਸ ਅਤੇ ਜੁਰਮਾਨਾ ਫੀਸ ਦੇ ਨਾਲ ਇਹ ਕੰਮ ਪੂਰਾ ਕਰਵਾਇਆ ਜਾਣਾ ਅਤਿ ਜ਼ਰੂਰੀ ਹੈ ਕਿਉਂਕਿ ਨਿਰਧਾਰਿਤ ਸ਼ਡਿਊਲ ਤੋਂ ਬਾਅਦ ਇਸ ਦੇ ਸਮੇਂ ਵਿਚ ਹੋਰ ਵਾਧਾ ਨਹੀਂ ਕੀਤਾ ਜਾਵੇਗਾ। ਇਸ ਦੇ ਨਾਲ ਹੀ ਬੋਰਡ ਨੇ ਕਿਹਾ ਕਿ ਸਕੂਲ ਮੁਖੀ ਬਿਨਾਂ ਲੇਟ ਫੀਸ ਦਿੱਤੇ ਸਮੇਂ ਦੌਰਾਨ ਹੀ



ਰਜਿਸਟ੍ਰੇਸ਼ਨ/ਕੰਟੀਨਿਊਏਸ਼ਨ ਦਾ ਕੰਮ ਪੂਰਾ ਕਰਵਾਉਣ। ਬਿਨਾਂ ਲੇਟ ਫੀਸ ਸਮਾਂ ਨਿਕਲ ਜਾਣ ਤੋਂ ਬਾਅਦ ਜੇਕਰ ਕਿਸੇ ਸਕੂਲ ਮੁਖੀ ਵੱਲੋਂ ਜੁਰਮਾਨਾ ਮੁਆਫੀ ਲਈ ਅਰਜ਼ੀ ਦਿੱਤੀ ਜਾਂਦੀ ਹੈ ਤਾਂ ਇਸ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਇਸੇ ਤਰ੍ਹਾਂ ਜੇਕਰ ਕਿਸੇ ਵੀ ਵਿਦਿਆਰਥੀ ਦੀ ਐਂਟਰੀ ਕਿਸੇ ਵੀ ਕਾਰਨ ਰਹਿ ਜਾਂਦੀ ਹੈ ਤਾਂ ਇਸ ਦੀ ਨਿਰੋਲ ਜ਼ਿੰਮੇਵਾਰੀ ਸਕੂਲ ਮੁਖੀ/ਮੁਲਾਜ਼ਮ ਦੀ ਹੋਵੇਗੀ। ਅਜਿਹੇ ਵਿਦਿਆਰਥੀਆਂ ਦੇ ਨਿਰਧਾਰਿਤ ਸ਼ਡਿਊਲ ਤੋਂ ਬਾਅਦ ਆਨਲਾਈਨ ਐਂਟਰੀ ਰਜਿਸਟ੍ਰੇਸ਼ਨ ਕਰਨ ਦਾ ਹੋਰ ਮੌਕਾ ਨਹੀਂ ਦਿੱਤਾ ਜਾਵੇਗਾ।

### ਗੋਰਾਇਆ 'ਚ ਗੁੰਡਾਗਰਦੀ ਦਾ ਨੰਗਾ ਨਾਚ, ਤੇਜਧਾਰ ਹਥਿਆਰਾਂ ਨਾਲ ਇਕ ਵਿਅਕਤੀ ਨੂੰ ਕੀਤਾ ਜਖਮੀ

ਗੋਰਾਇਆ 27 ਜੂਨ। ਗੋਰਇਆ ਦੇ ਨੇੜਲੇ ਪਿੰਡ ਸੰਗ ਢੇਸੀਆਂ 'ਚ ਗੁੰਡਾਗਰਦੀ ਦਾ ਨੰਗਾ ਨਾਚ ਵੇਖਣ ਨੂੰ ਮਿਲਿਆ, ਜਿੱਥੇ ਤੇਜਧਾਰ ਹਥਿਆਰਾਂ ਨਾਲ ਇਕ ਵਿਅਕਤੀ ਨੂੰ ਬੁਰੀ ਤਰ੍ਹਾਂ ਨਾਲ ਜਖਮੀ ਕਰ ਦਿੱਤਾ ਗਿਆ, ਜਿਸ ਨੂੰ ਪਹਿਲਾਂ ਫਿ਼ਲੌਰ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਦੀ ਹਾਲਤ ਨੂੰ ਗੰਭੀਰ ਵੇਖਦੇ ਹੋਏ ਜਲੰਧਰ ਰੈਫਰ ਕਰ ਦਿੱਤਾ ਗਿਆ। ਇਸ ਬਾਬਤ ਭੁਪਿੰਦਰ ਸਿੰਘ ਪੁੱਤਰ ਗੁਰਦੇਵ ਸਿੰਘ ਵਾਸੀ ਸੰਗ ਢੇਸੀਆਂ ਨੇ ਦੱਸਿਆ ਉਹ ਰੋਜਾਨਾ ਦੀ ਤਰ੍ਹਾਂ ਖੂਹ 'ਤੇ ਕੰਮ ਕਰਨ ਲਈ ਪਰਤਿਆ ਸੀ ਕਿ ਉਸ ਦੇ ਆਉਣ ਦੀ ਜਾਣਕਾਰੀ ਹਮਲਾਵਰਾਂ ਨੂੰ ਦੇ ਦਿੱਤੀ ਗਈ, ਜਿਸ ਤੋਂ ਬਾਅਦ ਉਸ ਦੇ ਖੂਹ 'ਤੇ 2 ਮੋਟਰਸਾਈਕਲਾਂ 'ਤੇ 6 ਹਮਲਾਵਰਾਂ, ਜਿਨ੍ਹਾਂ 'ਚੋਂ ਇਕ ਨੇ ਪਿਸਟਲ ਕੱਢ ਕੇ ਉਸ ਨੂੰ ਮਾਰਨ ਦੀਆਂ ਧਮਕੀਆਂ ਦਿੱਤੀਆਂ ਤੇ ਬਾਕੀਆਂ ਨੇ ਉਸ 'ਤੇ ਤੇਜਧਾਰ ਹਥਿਆਰ ਨਾਲ ਹਮਲਾ ਕਰ ਦਿੱਤਾ ਤੇ ਫਰਾਰ ਹੋ ਗਏ।

## ਹੈਰੀਟੇਜ ਸਟਰੀਟ 'ਤੇ ਪੁਲਸ ਦੀ ਵੱਡੀ ਕਾਰਵਾਈ, ਨਜਾਇਜ਼ ਕਬਜ਼ਿਆਂ 'ਤੇ ਚੱਲਿਆ ਪੀਲਾ ਪੰਜਾ

ਅੰਮ੍ਰਿਤਸਰ 27 ਜੂਨ। ਅੱਜ ਨਗਰ ਨਿਗਮ ਅੰਮ੍ਰਿਤਸਰ ਅਤੇ ਟ੍ਰੈਫਿਕ ਪੁਲਸ ਅੰਮ੍ਰਿਤਸਰ ਦੇ ਵੱਡੇ ਅਧਿਕਾਰੀਆਂ ਨੇ ਹੈਰੀਟੇਜ ਸਟਰੀਟ 'ਤੇ ਸੜਕਾਂ ਅਤੇ ਫੁੱਟਪਾਥਾਂ 'ਤੇ ਕਬਜ਼ਿਆਂ ਨੂੰ ਹਟਾਉਣ ਲਈ ਸਾਂਝਾ ਅਭਿਆਨ ਚਲਾਇਆ ਹੈ। ਇਸ ਦੌਰਾਨ ਪੁਲਸ ਅਧਿਕਾਰੀਆਂ ਵਲੋਂ ਕਾਫੀ ਕਬਜ਼ਿਆਂ ਨੂੰ ਹਟਾਇਆ ਗਿਆ ਹੈ। ਦੱਸ ਦੇਈਏ ਇਸ ਤੋਂ ਪਹਿਲਾਂ ਵੀ ਪੁਲਸ ਨੇ ਕਈ ਵਾਰ ਚਿਤਾਵਨੀ ਦਿੱਤੀ ਸੀ ਕਿ ਨਾਜਾਇਜ ਕਬਜੇ ਹਟਾਏ ਜਾਣ ਪਰ ਲੋਕਾਂ ਨੇ ਇਸ ਗੱਲ 'ਤੇ ਗੌਰ ਨਹੀਂ ਕੀਤੀ, ਜਿਸ ਤੋਂ ਬਾਅਦ ਪੁਲਸ ਨੇ ਇਹ ਕਦਮ ਚੁੱਕਣ ਲਈ ਮਜਬੂਰ ਹੋਣਾ ਪਿਆ। ਦਰਅਸਲ ਸ੍ਰੀ ਅਕਾਲ ਤਖਤ ਸਾਹਿਬ ਦੇ ਗਲਿਆਰੇ ਵਾਲੇ ਪਾਸੇ ਕੁਝ ਰੇਹੜੀ-ਫੜ੍ਹੀ ਵਾਲਿਆਂ ਵੱਲੋਂ ਨਾਜਾਇਜ ਕਬਜ਼ਿਆਂ ਦੀਆਂ ਸ਼ਿਕਾਇਤਾਂ ਅਤੇ ਕੁਝ ਦੁਕਾਨਦਾਰਾਂ ਵੱਲੋਂ ਸੜਕਾਂ ਤੇ ਨਾਜਾਇਜ ਤੌਰ ਤੇ ਆਪਣੀਆਂ ਦੁਕਾਨਾਂ ਦਾ ਵਿਸਥਾਰ ਕਰਕੇ ਕਬਜਾ ਕਰਨ ਦੀਆਂ ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ। ਇਸ ਕਾਰਵਾਈ ਵਿੱਚ ਟਰੱਕਾਂ, ਟਿੱਪਰਾਂ ਅਤੇ ਜੇ.ਸੀ.ਬੀ ਮਸੀਨਾਂ ਦੀ ਵਰਤੋਂ ਕੀਤੀ ਗਈ ਅਤੇ ਸਾਰੇ ਨਜਾਇਜ ਕਬਜੇ ਹਟਾਏ ਗਏ। ਪੁਲਸ ਨੇ ਦੱਸਿਆ ਪਿਛਲੇ ਤੋਂ ਦਿਨਾਂ ਤੋਂ ਸੜਕਾਂ ਅਤੇ ਫੁੱਟਪਾਥਾਂ 'ਤੇ ਕੀਤੇ ਕਬਜ਼ਿਆਂ ਨੂੰ ਹਟਾਉਣ ਲਈ ਮੁਹਿੰਮ ਚਲਾਈ ਜਾ ਰਹੀ ਹੈ। ਦੱਸ ਦੇਈਏ ਕਿ ਨਗਰ ਨਿਗਮ ਅੰਮ੍ਰਿਤਸਰ ਅਤੇ ਟ੍ਰੈਫ਼ਿਕ ਪੁਲਸ ਅੰਮ੍ਰਿਤਸਰ ਨੇ ਸਮੂਹ ਦੁਕਾਨਦਾਰਾਂ ਅਤੇ ਕਬਜਾਧਾਰੀਆਂ ਨੂੰ ਇਸ ਵਿਰਾਸਤੀ ਸੜਕ 'ਤੇ ਕਬਜਾ ਨਾ ਕਰਨ ਲਈ ਕਈ ਵਾਰ ਚਿਤਾਵਨੀ ਵੀ ਦਿੱਤੀ ਸੀ ਕਿਉਂਕਿ ਰੋਜਾਨਾ ਲੱਖਾਂ ਦੀ ਗਿਣਤੀ ਵਿਚ ਸਰਧਾਲੂ ਸ੍ਰੀ ਦਰਬਾਰ ਸਾਹਿਬ ਅਤੇ ਹੋਰ ਇਤਿਹਾਸਕ ਸਥਾਨਾਂ ਦੇ ਦਰਸਨਾਂ ਲਈ ਆਉਂਦੇ ਹਨ ਅਤੇ ਉਨ੍ਹਾਂ ਨੂੰ ਭਾਰੀ ਦਿੱਕਤ ਦਾ ਸਾਹਮਣਾ ਕਰਨਾ ਪੈਂਦਾ ਹੈ ।